

ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ ਸਾਲਾਨਾ ਬਰਸੀ 29, 30 ਅਤੇ 31 ਜਨਵਰੀ, 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ।


ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 41

January 13, 2016

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.



ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਅਦਾਰਾ 'ਦੇਸ਼ ਦੁਆਬਾ' ਵੱਲੋਂ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੇ 17 ਜਨਵਰੀ ਨੂੰ ਮਨਾਏ ਜਾ ਰਹੇ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ। **(ਸਬੰਧਿਤ ਖਬਰ ਸਫਾ 6 ਤੇ ਦੇਖੋ)**

# ਰਾਸ਼ਟਰਪਤੀ ਓਬਾਮਾ ਨੇ ਆਪਣੇ ਆਖਰੀ ਸਟੇਟ ਆਫ ਯੂਨੀਅਨ ਭਾਸ਼ਣ ਵਿਚ ਸਾਰੇ ਧਰਮਾਂ ਨੂੰ ਨਾਲ ਲੈ ਕੇ ਚੱਲਣ ਦਾ ਸੱਦਾ ਦਿੱਤਾ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਆਖਰੀ ਸਟੇਟ ਆਫ ਯੂਨੀਅਨ ਭਾਸ਼ਣ ਵਿਚ ਆਪਣੀ ਸਰਕਾਰ ਦੀਆਂ ਨੀਤੀਆਂ ਦਾ ਮਜ਼ਬੂਤੀ ਨਾਲ ਬਚਾਅ ਕੀਤਾ। ਇਸ ਦੌਰਾਨ ਉਹ ਅਮਰੀਕਾ ਦੇ ਭਵਿੱਖ ਨੂੰ ਲੈ ਕੇ ਆਸ਼ਾਵਾਦੀ ਦਿਖਾਈ ਦਿੱਤੇ। ਉਹਨਾਂ ਨੇ ਰਾਸ਼ਟਰਪਤੀ ਚੋਣਾਂ ਦੀ ਦਾਅਵੇਦਾਰੀ ਹਾਸਲ ਕਰਨ ਦੀ ਮੁਹਿੰਮ ਦੀ ਨਕਾਰਾਤਮਕਤਾ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਅਮਰੀਕਾ ਦੁਨੀਆਂ ਦੀ ਸਭ ਤੋਂ ਮਜ਼ਬੂਤ ਅਤੇ ਟਿਕਾਊ ਅਰਥ ਵਿਵਸਥਾ ਹੈ।

ਓਬਾਮਾ ਨੇ ਆਪਣੇ ਭਾਸ਼ਣ ਵਿਚ ਨਵੀਆਂ ਨੀਤੀਆਂ ਦਾ ਐਲਾਨ ਕਰਨ ਦੀ ਥਾਂ ਆਪਣੇ ਕਾਰਜਕਾਲ ਦੀਆਂ ਉਪਲਬਧੀਆਂ ਤੇ ਜ਼ਿਆਦਾ ਜ਼ੋਰ ਦਿੱਤਾ।ਆਪਣੇ ਭਾਸ਼ਣ ਵਿਚ ਓਬਾਮਾ ਨੇ ਸਿਹਤ ਸੇਵਾ ਵਿਚ ਸੁਧਾਰਾਂ ਅਤੇ ਆਪਣੇ ਪੜੌਸੀ ਮੁਲਕ ਕਿਊਬਾਦੇ ਨਾਲ ਦੁਬਾਰਾ ਬਹਾਲ ਕੀਤੇ ਗਏ ਰਾਜਨੀਤਿਕ ਸਬੰਧਾਂ ਵਰਗੀਆਂ ਉਪਲਬਧੀਆਂ ਦਾ ਜ਼ਿਕਰ ਕੀਤਾ। ਓਬਾਮਾ ਨੇ ਕਿਹਾ ਕਿ ਆਪਣੇ ਇਸ ਆਖਰੀ ਭਾਸ਼ਣ ਵਿਚ ਮੈਂ ਅਗਲੇ ਸਾਲ ਦੇ ਬਾਰੇ ਗੱਲ ਨਹੀਂ



ਕਰਨਾ ਚਾਹੁੰਦਾ।

ਉਹਨਾਂ ਕਿਹਾ, ਮੈਂ ਅਗਲੇ ਪੰਜ ਸਾਲ, ਦਸ ਸਾਲ ਅਤੇ ਉਸ ਤੋਂ ਅੱਗੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹਾਂ। ਮੈਂ ਆਪਣੇ ਭਵਿੱਖ ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹਾਂ। ਅਮਰੀਕੀ ਕਾਂਗਰਸ ਇਸ ਸਾਲ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਸੁਧਾਰ ਅਤੇ ਦਵਾਈਆਂ ਦੇ ਨੁਸਖਿਆਂ ਦੀ ਦੁਰਵਰਤੋਂ ਵਰਗੇ ਕਾਨੂੰਨ ਪਾਸ ਕਰ ਸਕਦੀ ਹੈ।

ਉਹਨਾਂ ਨੇ ਆਪਣੇ ਭਾਸ਼ਣ ਵਿਚ ਬੱਚਿਆਂ ਨੂੰ ਹਥਿਆਰਾਂ ਤੋਂ ਦੂਰ ਰਹਿਣ, ਜਨਤਕ ਛੁੱਟੀਆਂ ਅਤੇ ਘੱਟੋ ਘੱਟ ਉਜ਼ਰਤ ਵਧਾਉਣ ਦੀਆਂ ਨੀਤੀਆਂ ਬਣਾਉਣ ਦਾ ਟੀਚਾ ਮਿੱਥਿਆ।ਉਹਨਾਂ ਵੋਟਰਾਂ ਅਤੇ ਕਾਂਗਰਸ ਦੇ ਮੈਂਬਰਾਂ ਨੂੰ ਰਾਜਨੀਤੀ ਵੀ ਵੰਡ ਪਾਊ ਸੁਰਾਂ ਤੋਂ ਪਰਹੇਜ ਕਰਨ ਦੀ ਸਲਾਹ ਦਿੱਤੀ।

ਉਹਨਾਂ ਕਿਹਾ ਕਿ ਜਦੋਂ ਲੀਡਰ ਮੁਸਲਮਾਨਾਂ ਦੀ ਬੇਇੱਜ਼ਤੀ ਕਰਦੇ ਹਨ ਜਦੋਂ ਕਿਸੇ ਮਸਜਿਦ ਤੇ ਹਮਲਾ ਹੁੰਦਾ ਹੈ ਜਾਂ ਕਿਸੇ ਬੱਚੇ ਨਾਲ ਬਦਸਲੂਕੀ ਹੁੰਦੀ ਹੈ ਤਾਂ ਇਸ ਨਾਲ ਅਸੀਂ ਸੁਰੱਖਿਅਤ ਨਹੀਂ ਰਹਾਂਗੇ।

**ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ**

ਹਾਲ ਹੀ ਵਿੱਚ (ਬਾਕੀ ਸਫਾਂ 7 ਤੇ)


Raja SWEETS & CATERING

Authorized Caterer for Major 5-Star Hotels

Additional Services
Warmers, Chaffing Dishes, Chind & Silverware, Linen Rental, Walters, Barlenders

ITEMS SERVING
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon

Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que

Contact Us:
RAJA SWEETS & CATERING
WORK (510) 489-9100
CELL (510) 715-1619

www.rajasweets.com
Email: msbains@rajasweets.com


# ਖਡੂਰ ਸਾਹਿਬ ਹਲਕੇ ਦੀ ਜ਼ਿਮਨੀ ਚੋਣ ਤਹਿ ਕਰੇਗੀ ਪੰਜਾਬ ਦੀ ਰਾਜਨੀਤੀ ਦਾ ਭਵਿੱਖ

ਚੰਡੀਗੜ੍ਹ– ਪੰਜਾਬ ਦੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਦੀ ਉਪ ਚੋਣ ਦਾ ਐਲਾਨ ਕਰਦਿਆਂ ਚੋਣ ਕਮਿਸ਼ਨ ਨੇ 13 ਫਰਵਰੀ ਨੂੰ ਵੋਟਾਂ ਦਾ ਦਿਨ ਤੈਅ ਕਰ ਦਿੱਤਾ ਹੈ। ਕਮਿਸ਼ਨ ਦੇ ਇਸ ਐਲਾਨ ਤੋਂ ਬਾਅਦ ਤਰਨਤਾਰਨ ਜ਼ਿਲ੍ਹੇ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਇਸ ਹਲਕੇ ਤੋਂ 2012 ਦੀਆਂ ਆਮ ਚੋਣਾਂ ਦੌਰਾਨ ਜਿੱਤੇ







ਕਾਂਗਰਸ ਦੇ ਅਮਨਜੀਤ ਸਿੰਘ ਸਿੱਕੀ ਨੇ ਅਕਤੂਬਰ ਮਹੀਨੇ ਦੌਰਾਨ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਹ ਚੋਣ ਪ੍ਰਮੁੱਖ ਰਾਜਸੀ ਧਿਰਾਂ ਲਈ ਵੱਡੇ ਇਮਤਿਹਾਨ ਵਾਂਗ ਹੈ ਕਿਉਂਕਿ ਵਿਧਾਨ ਸਭਾ ਦੀਆਂ ਆਮ ਚੋਣਾਂ ਵਿੱਚ ਵੀ ਇੱਕ ਸਾਲ ਦਾ ਸਮਾਂ ਹੀ ਬਾਕੀ ਰਹਿੰਦਾ ਹੈ। ਇਸ ਹਲਕੇ ਤੋਂ ਹਾਲ ਦੀ ਘੜੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ

(ਬਾਕੀ ਸਫਾ 7 ਤੇ)


A & S Auto Repair & Services

9:00 AM to 6:00 PM Mon-Sat

Specializing in Brakes & Axles
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more



Amarjit Sandhu

Ph: 916-238-4431
649 W. Elkhorn Blvd. Suite B2
Rio Linda, CA 95673

AAA AUTO AND BODY WORKS

We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

Free Estimates Free Towing



Prop: Jasbir Singh Takhar
510-755-2132

510- 733- 2222
1421 Industrial PKWY West#F Hayward, CA 94544

Harmandeep Singh

TANDOOR Indian Restaurant

27167 Mission Blvd. Hayward, CA 95544

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

We are open seven days 11 AM to 10 PM

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:
Ph. 510-885-1212, Fax. 510-885-1532



MAJESTIC HOMES

RAMESH SUMAN
Broker Realtor
RCS-D ™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



MANDEEP SANDHU
msandhu2014@gmail.com

SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas

SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK

Note: I am not an Immigration Attorney.

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA

Over 18 years of Legal Experience

USA Immigration
Citizenship, Green Card
Deportation defense
Political Asylum

Specilized in
Detention cases, Artists
Singers P3 visas
Priest R1 visas

Investor EB 5 visas
L1 Business visas
Family law
Criminal Defense cases.

Offices

New York
37-18 73 Street Suite # 401
Jackson Heights Ny 11372
Phone : 718-533-8444

Fremont
44790 S Grimmer Blvd # 208
Fremont CA 94538
Phone : 510-657-6444

Fresno
4491 W Shaw ave # 131
Fresno CA 93711
Phone : 559-271-5511

Sacramento
2901 W Capitol ave
West Sacramento CA 95691
Phone : 916-385-2288



Jaspreet Singh
Email : jaspreetsinghlawoffice@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਦੀ ਉਪਲੰਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਅਤੇ ਅਖੰਡ ਪਾਠ ਸਾਹਿਬ ਦੀ ਲੜੀ ਤਹਿਤ ਭੋਗ ਪਾਏ








**ਰਿਓਲਿੰਡਾ (ਸੈਕਰਾਮੈਂਟੋ)** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਮਾਰਚ ਮਹੀਨੇ ਕੱਢੇ ਜਾ ਰਹੇ ਨਗਰ ਕੀਰਤਨ ਦੇ ਸਬੰਧ ਵਿਚ ਚੱਲ ਰਹੀ ਅਖੰਡ ਪਾਠ ਸਾਹਿਬ ਦੀ ਲੜੀ ਵਿਚੋਂ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਬੀਤੇ ਐਤਵਾਰ ਨੂੰ ਗੁਰੂ ਘਰ ਵਿਖੇ ਪਾਏ ਗਏ ਅਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਇਸ ਅਖੰਡ ਪਾਠ ਸਾਹਿਬ ਦੀ ਸੇਵਾ ਕਰਨੈਲ ਵਿਰਕ ਪਰਿਵਾਰ, ਦਰਸ਼ਨ ਵਿਰਕ ਪਰਿਵਾਰ ਵੱਲੋਂ ਕੀਤੀ ਗਈ। ਇਸ ਸੇਵਾ ਲਈ ਦੋਵਾਂ ਵਿਰਕ ਭਰਾਵਾਂ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਭਾਈ ਜਸਪਾਲ ਸਿੰਘ ਜਥੇ ਵੱਲੋਂ ਜਿੱਥੇ ਨਗਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਉਥੇ ਖਾਲਸਾ ਜੀ ਦੇ ਪਰਿਵਾਰ ਦੀ ਕੁਰਬਾਨੀਆਂ ਅਤੇ ਪਰਿਵਾਰਕ ਜੀਵਨ 'ਤੇ ਕਥਾ ਕਰਕੇ ਸੰਗਤਾਂ ਨਾਲ ਸਾਂਝ ਪਾਈ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਟੇਜ ਸੇਵਾ ਹਮੇਸ਼ਾ ਦੀ ਤਰ੍ਹਾਂ ਜੀਵਨ ਰੱਤੂ ਨੇ ਧਾਰਮਿਕ ਕਵਿਤਾਵਾਂ ਦੇ ਮਿਸ਼ਰਣ ਨਾਲ ਬਾਖੂਬੀ ਨਿਭਾਈ।

# "ਓ ਪੰਜਾਬ ਸਿਆਂ" ਗੀਤ ਮਨਦੀਪ ਖੁਰਮੀ ਨੇ ਕਰਵਾਇਆ ਆਪਣੀ ਮਾਂ ਤੋਂ ਲੋਕ ਅਰਪਣ

## ਪੰਜਾਬੀ ਗਾਇਕੀ ਦਾ ਗੰਦ ਦੂਰ ਕਰਨ ਲਈ ਪਰਿਵਾਰ ਹੀ ਸਭ ਤੋਂ ਵੱਡਾ ਸੈਂਸਰ ਬੋਰਡ-ਖੁਰਮੀ

**ਲੰਡਨ–** ਪੱਤਰਕਾਰ ਤੇ ਲੇਖਕ ਹੋਣ ਦੇ ਨਾਲ ਨਾਲ ਗਾਇਕੀ ਖੇਤਰ ?ਚ ਪਹਿਲਾ ਕਦਮ ਰੱਖਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਦਾ ਆਪਣਾ ਲਿਖਿਆ ਤੇ ਗਾਇਆ ਗੀਤ "ਓ ਪੰਜਾਬ ਸਿਆਂ" ਬਿਨਾਂ ਕਿਸੇ ਵਿਸ਼ੇਸ਼ ਸਮਾਗਮ ਕੀਤਿਆਂ ਲੋਕ ਅਰਪਣ ਕੀਤਾ ਗਿਆ। ਪਰ ਗੀਤ ਨੂੰ ਲੋਕ ਅਰਪਣ ਕਰਨ ਦੀ ਰਸਮ ਆਪਣੇ ਆਪ ਵਿੱਚ ਵਿਲੱਖਣ ਇਸ ਕਰਕੇ ਹੈ ਕਿ ਮਨਦੀਪ ਖੁਰਮੀ ਨੇ ਆਪਣਾ ਇਹ ਗੀਤ ਆਪਣੀ ਮਾਤਾ ਹਰਜਿੰਦਰ ਕੌਰ ਨੂੰ ਸੁਣਾ ਕੇ ਉਹਨਾਂ ਦੇ ਹੱਥੋਂ ਹੀ ਲੋਕ ਅਰਪਣ ਕਰਵਾਇਆ। ਉਹਨਾਂ ਨਾਲ ਇਸ ਸਮੇਂ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਵਿਸ਼ੇਸ਼ ਤੌਰ ?ਤੇ ਹਾਜਰ ਸਨ। ਇੰਗਲੈਂਡ ਵਸਦਾ ਮਨਦੀਪ ਖੁਰਮੀ ਪਹਿਲਾਂ ਵੀ ਗਾਇਕੀ ਤੇ ਗੀਤਕਾਰੀ ਦੇ ਮਿਆਰ ਨੂੰ ਲਗਦੇ ਜਾ ਰਹੇ ਖੋਰੇ ਅਤੇ ਗੀਤਾਂ ਰਾਹੀਂ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਰੋਲਣ ਵਾਲਿਆਂ ਖਿਲਾਫ ਨਿਰੰਤਰ ਲਿਖਦਾ ਆ ਰਿਹਾ ਹੈ। ਉਹਨਾਂ ਪ੍ਰੈੱਸ ਨਾਲ ਗੱਲਬਾਤ




ਕਰਦਿਆਂ ਕਿਹਾ ਕਿ "ਸਰਕਾਰਾਂ ਵੱਲੋਂ ਸੈਂਸਰ ਬੋਰਡ ਸਥਾਪਿਤ ਕਰਨੇ ਜਾਂ ਨਾ ਕਰਨੇ ਭਵਿੱਖ ਦੇ ਗਰਭ ?ਚ ਹਨ ਪਰ ਮੇਰਾ ਸੈਂਸਰ ਬੋਰਡ ਮੇਰੀ ਮਾਂ, ਮੇਰਾ ਪਰਿਵਾਰ ਹੈ। ਇਹੀ ਖਾਸ ਵਜ੍ਹਾ ਹੈ ਕਿ ਮੈਂ ਆਪਣਾ ਪਹਿਲਾ ਗੀਤ ਆਪਣੀ ਮਾਂ ਦੇ ਹੱਥੋਂ ਸੁਣਨ ਵਾਲਿਆਂ ਦੀ ਝੋਲੀ ਪੁਆ ਰਿਹਾ ਹਾਂ। ਜੇ ਨੇੜ ਭਵਿੱਖ ?ਚ ਹੋਰ ਵੀ ਗੀਤ ਗਾਉਣ ਦੀ ਇੱਛਾ ਜਾਗੀ ਤਾਂ ਆਪਣੀ ਭੈਣ ਹੱਥੋਂ ਰਿਲੀਜ਼ ਕਰਵਾਵਾਂਗਾ।" ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਜੇਕਰ ਇੱਕ ਗਾਇਕ ਵਜੋਂ ਮੇਰਾ ਗੀਤ ਮੇਰੇ ਪਰਿਵਾਰ ਵੱਲੋਂ ਨਕਾਰਿਆ ਜਾਂਦਾ ਤਾਂ ਮੇਰੇ ਕੋਲ ਕੋਈ ਹੱਕ ਨਹੀਂ ਕਿ ਮੈਂ ਆਪਣੇ ਦਿਮਾਗ ਦਾ ਉਪਜਿਆ ਗੰਦ ਹੋਰਨਾਂ ਦੇ ਸਿਰਾਂ ?ਚ ਧੱਕੇ ਨਾਲ ਪਾਵਾਂ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਨਦੀਪ ਖੁਰਮੀ ਦੇ ਲਿਖੇ ਗੀਤਾਂ ਨੂੰ ਸਰੂਪ ਸਿੰਘ ਕਡਿਆਣਾ ਦਾ ਢਾਡੀ ਜੱਥਾ, ਲੋਕ ਗਾਇਕ ਸ਼ਿੰਗਾਰਾ ਚਹਿਲ, ਹੈਪੀ ਅਰਮਾਨ, ਪਰਮ ਡੀ, ਉਸਤਾਦ ਯਮਲਾ ਜੱਟ ਜੀ ਦੇ ਪੋਤਰੇ ਵਿਜੇ ਯਮਲਾ, ਗਾਇਕ ਗੁਰਸ਼ੇਰ ਸਿੰਘ, ਗਾਇਕ ਪ੍ਰਵਿੰਦਰ ਮੂਧਲ, ਗਾਇਕ ਬੱਲੀ ਬਲਜੀਤ ਦੀਆਂ ਆਵਾਜਾਂ ਮਿਲ ਚੁੱਕੀਆਂ ਹਨ। "ਓ ਪੰਜਾਬ ਸਿਆਂ" ਗੀਤ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਬੇਸ਼ੱਕ ਉਹ ਗਾਇਕ ਨਹੀਂ ਹਨ ਪਰ ਫਿਰ ਵੀ ਪੰਜਾਬ ਨੂੰ ਮੁਖਾਤਿਬ ਹੋ ਕੇ ਆਪਣੀਆਂ ਦਿਲੀ ਭਾਵਨਾਵਾਂ ਨੂੰ ਇੱਕ ਗੀਤ ਦਾ ਰੂਪ ਦਿੱਤਾ ਹੈ। ਇਹ ਮਹਿਜ ਇੱਕ ਗੀਤ ਨਾ ਹੋ ਕੇ ਪੰਜਾਬ ਦੇ ਭਲੇ ਦਿਨਾਂ ਦੇ ਮੁੜ ਪਰਤਣ ਲਈ ਉਮੀਦ ਜਰੂਰ ਹੈ। ਉਹਨਾਂ ਪੰਜਾਬੀ ਮਾਂ ਬੋਲੀ ਦੀ ਦਿੱਤੀ ਬੁਰਕੀ ਖਾ ਰਹੇ ਹਰ ਗਾਇਕ, ਗੀਤਕਾਰ ਨੂੰ ਬੇਨਤੀ ਕੀਤੀ ਕਿ ਜੇਕਰ ਉਹ ਅਸਲੋਂ ਹੀ ਆਪਣੀ ਜਨਮਦਾਤੀ ਮਾਂ ਤੇ ਮਾਂ ਬੋਲੀ ਪੰਜਾਬੀ ਦੇ ਪੁੱਤਰ ਹਨ ਤਾਂ ਆਪਣਾ ਹਰ ਗੀਤ ਆਪਣੇ ਮਾਂ-ਪਿਓ ਦੇ ਹੱਥੋਂ ਰਿਲੀਜ ਕਰਵਾਉਣ ਦੀ ਪਿਰਤ ਦੇ ਰਾਹੀ ਬਣਨ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਤੁਹਾਡੇ ਨਾਲੋਂ ਵੱਡਾ ਅਕ੍ਰਿਤਘਣ ਇਸ ਦੁਨੀਆ ?ਤੇ ਹੋਰ ਕੋਈ ਨਹੀਂ ਹੋਵੇਗਾ।

# ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦਾ ਫਰਿਜ਼ਨੋ ਵਿਖੇ ਸਨਮਾਨ ਹੋਇਆ





**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਲੰਘੇ ਸ਼ੁਕਰਵਾਰ ਉਘੇ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦਾ ਫਰਿਜ਼ਨੋਂ ਵਿੱਚ ਸਹਿਤਕ ਸ਼ਖਸੀਅਤਾਂ ਵੱਲੋਂ ਇੰਡੀਆ ਓਵਨ ਰੈਸਟੋਰੈਂਟ ਵਿੱਚ ਸਨਮਾਨ ਕੀਤਾ ਗਿਆ। ਇਸ ਸਮਾਰੋਹ ਵਿੱਚ ਫਰਿਜ਼ਨੋ ਦੇ ਉਚ ਕੋਟੀ ਦੇ ਸ਼ਾਇਰ, ਰੇਡੀਓ ਹੋਸਟ, ਲੇਖਕ ਅਤੇ ਚਿੰਤਕ ਵੀਰਾ ਨੇ ਪਹੁੰਚਕੇ ਜੱਗੀ ਕੁੱਸਾ ਨੂੰ ਜੀ ਆਇਆ ਕਿਹਾ। ਇਸ ਮੌਕੇ ਉਘੇ ਲੇਖਕ ਮਨਦੀਪ ਖੁਰਮੀਂ ਹਿੰਮਤਪੁਰਾ ਦਾ ਲਿਖਿਆ ਅਤੇ ਉਹਨਾਂ ਦਾ ਆਪਣਾ ਗਾਇਆ ਗੀਤ "ਓਹ ਪੰਜਾਬ ਸਿਆਂ" ਵੀ ਜੱਗੀ ਕੁੱਸਾ ਨੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਰਲੀਜ਼ ਕੀਤਾ ਅਤੇ ਲੋਕ ਹਾਜ਼ਰੀ ਵਿੱਚ ਇਹ ਗੀਤ ਸੁਣਾਇਆ ਵੀ ਗਿਆ, ਅਤੇ ਇਸ ਪੰਜਾਬ ਦੇ ਤਾਜਾ ਹਲਾਤਾ ਦੀ ਤਰਜ਼ਮਾਨੀ ਕਰਦੇ ਗੀਤ ਦੀ ਹਾਜ਼ਰੀਨ ਨੇ ਭਰਪੂਰ ਸਲਾਘਾ ਕੀਤੀ। ਇਸ ਮੌਕੇ ਸ਼ਿਵਚਰਨ ਜੱਗੀ ਕੁੱਸਾ ਨੂੰ ਸਨਮਾਨ ਚਿੰਨ ਵੀ ਭੇਂਟ ਕੀਤਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਨੇ ਜੱਗੀ ਕੁੱਸੇ ਦੀਆਂ ਲਿਖਤਾ ਤੇ ਚਰਚਾ ਕੀਤੀ ਅਤੇ ਉਹਨਾਂ ਦੁਆਰਾ ਵਰਤੀ ਜਾਂਦੀ ਭਾਸ਼ਾ ਸ਼ੈਲੀ ਨੂੰ ਸਲਾਹਿਆ। ਇਸ ਮੌਕੇ ਬੁਲਾਰਿਆਂ ਨੇ ਪੰਜਾਬੀ ਸਹਿਤ ਅੰਦਰ ਪੁਸਤਕ ਸੱਭਿਆਚਾਰ ਨੂੰ ਲੱਗ ਰਹੇ ਖੋਰੇ ਤੇ ਚਿੰਤਾ ਪ੍ਰਗਟਾਈ ਗਈ। ਬਾਈ ਜੱਗੀ ਕੁੱਸਾ ਪਿਛਲੇ ਲੰਮੇ ਅਰਸੇ ਤੋਂ ਕੈਂਸਰ ਸੰਸਥਾਵਾਂ ਨਾਲ ਕੰਮ ਕਰਦੇ ਹੋਣ ਕਰਕੇ ਉਹਨਾਂ ਲੋਕਾਂ ਨੂੰ ਪੰਜਾਬ ਅੰਦਰ ਕੈਂਸਰ ਪੀੜਤਾਂ ਦੀ ਮੱਦਦ ਲਈ ਗੁਹਾਰ ਵੀ ਲਾਈ। ਇਸ ਮੌਕੇ ਡਾ. ਪ੍ਰਮਿੰਦਰ ਸਿੱਧੂ ਨੇ ਇਸ ਨਾਂ ਮੁਰਾਦ ਬਿਮਾਰੀ ਬਾਰੇ ਵੀ ਲੋਕਾਂ ਨੂੰ ਅਗਾਹ ਕੀਤਾ। ਇਸ ਸਹਿਤਕ ਮਿਲਣੀ ਵਿੱਚ ਕਵੀਆਂ, ਗਾਇਕਾ ਅਤੇ ਬੁਲਾਰਿਆਂ ਨੇਂ ਗੀਤਾ, ਕਵਾਤਾਵਾਂ ਅਤੇ ਸ਼ਾਇਰੋ ਸ਼ਾਇਰਾ ਰਾਹੀ ਖੂਬ ਰੰਗ ਬੰਨਿਆ। ਬੋਲਣ ਵਾਲੇ ਬੁਲਾਰਿਆਂ ਵਿੱਚ ਰਣਜੀਤ ਗਿੱਲ, ਸ਼ਾਇਰ ਹਰਜਿੰਦਰ ਕੰਗ, ਕਵੀ ਸੁੱਖੀ ਧਾਲੀਵਾਲ, ਲੇਖਕ ਗੁਰੂਮੇਲ ਸਿੱਧੂ, ਸੰਤੋਖ ਮਨਿਹਾਸ, ਗੈਰੀ ਢੇਸੀ, ਰੇਡੀਓ ਹੋਸਟ ਗੁਰਪ੍ਰੀਤ ਧਾਲੀਵਾਲ, ਪਾਲ ਧਾਲੀਵਾਲ, ਕਾਲਮ ਨਵੀਸ ਜਗਤਾਰ ਗਿੱਲ, ਮਹਿੰਦਰ ਸਿੰਘ ਸੰਧਾਵਾਲੀਆ, ਹੈਰੀ ਮਾਨ, ਪੱਤਰਕਾਰ ਕੁਲਵੰਤ ਧਾਲੀਆਂ, ਸਾਧੂ ਸੰਘਾ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਸੱਜਣਾ ਨੇ ਆਪਣੇ ਵਿਚਾਰ ਰੱਖੇ। ਸਟੇਜ਼ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਅਖੀਰ ਨੂੰ ਅਮਿਟ ਪੈੜ੍ਹਾ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ। ਇਸ ਸਮਾਗਮ ਦੇ ਯਾਦਗਾਰੀ ਪਲ੍ਹਾਂ ਨੂੰ ਕੈਮਰਾਬੰਦ ਸ਼ਿਆਰਾ ਸਿੰਘ ਢੀਡਸਾ ਓਮਨੀ ਵੀਡੀਓ ਬੇਕਰਸਫੀਡਲ ਨੇਂ ਕੀਤਾ।

# ਸਰਪੰਚ ਪਵਨਜੀਤ ਸਿੰਘ ਗਿੱਲ ਨੂੰ ਫਰਿਜ਼ਨੋ ਆਉਣ ਤੇ ਜੀ ਆਇਆ ਕਿਹਾ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਉਘੇ ਸਮਾਜ ਸੇਵਕ ਅਤੇ ਗੁਰੂ ਸਧਾਰ ਪਿੰਡ ਦੇ ਸਾਬਕਾ ਸਰਪੰਚ ਸ. ਪਵਨਜੀਤ ਸਿੰਘ ਗਿੱਲ ਪਿਛਲੇ ਕੁਝ ਦਿਨਾਂ ਤੋਂ ਫਰਿਜ਼ਨੋ ਵਿਖੇ ਪਹੁੰਚੇ ਹੋਏ ਹਨ। ਉਹਨਾਂ ਦੇ ਸਨਮਾਨ ਹਿੱਤ ਇੱਕ ਸਾਦੇ ਸਮਾਗਮ ਦਾ ਅਯੋਜਨ ਸਥਾਨਿਕ ਰਾਇਲ ਤਾਜ ਆਫ ਇੰਡੀਆ ਰੈਸਟੋਰੈਂਟ ਵਿੱਚ ਕੀਤਾ ਗਿਆ। ਜਿਥੇ ਉਹਨਾਂ ਦੁਆਰਾ ਮਨੁੱਖਤਾ ਦੇ ਭਲੇ ਲਈ ਨਿਭਾਈਆਂ ਸੇਵਾਵਾਂ ਬਦਲੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਇਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਪਵਨਜੀਤ ਸਿੰਘ ਗਿੱਲ ਬਲਾਕ ਕਿਰਸਾਨੀ ਸਲਾਹਕਾਰ ਕਮੇਟੀ ਦੇ ਚੇਅਰਮੈਨ ਹਨ, ਪਿੰਡ ਦੀ ਬਹੁਮੰਤਵੀ ਸਹਿਕਾਰੀ ਸਭਾ ਦੇ ਪ੍ਰਧਾਨ ਹਨ ਅਤੇ ਇਸਦੇ ਨਾਲ ਨਾਲ ਜੀ ਐਚ ਜੀ ਖਾਲਸਾ ਸੀਨੀਅਰ ਸਕੰਡਰੀ ਸਕੂਲ ਅਤੇ ਜੀ ਐਚ ਜੀ ਮਾਡਲ ਸਕੂਲ ਦੇ ਪ੍ਰਧਾਨ ਵੀ ਹਨ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸੌਗੀ ਦੇ ਬਾਦਸ਼ਾਹ ਚਰਨਜੀਤ ਸਿੰਘ ਬਾਠ, ਰਣਜੀਤ ਗਿੱਲ, ਨਿਰਮਲ ਧਨੌਲਾ, ਪਾਲ ਧਾਲੀਵਾਲ, ਸੰਤੋਖ ਢਿੱਲੋਂ, ਰਜਿੰਦਰ ਬਰਾੜ ਵੈਰੋਕੇ, ਅਮਰਜੀਤ ਘੋਲੀਆ, ਹੈਰੀ ਮਾਨ ਆਦਿ ਮੌਜੂਦ ਸਨ।

# ਭਾਸ਼ਾ ਐਕਟ ਦੇ ਉਲੰਘਣਾ ਕਰਨ ਵਾਲ਼ੇ ਸਕੂਲਾਂ ਵਿਰੁੱਧ ਹੋਵੇ ਕਾਰਵਾਈ : ਕੇਂਦਰੀ ਪੰਜਾਬੀ ਲੇਖਕ ਸਭਾ

**ਹੁਸ਼ਿਆਰਪੁਰ–** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰ-ਜੀਤ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਇਕ ਬਿਆਨ ਵਿਚ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਪੰਜਾਬ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾ਼ਲੇ ਹੁਣ ਤਕ ਪੰਜ ਜ਼ਿਲਿਆਂ ਦੇ ਦੋਸ਼ੀ ਪਾਏ ਗਏ 40 ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਜੇ ਸਾਰੇ 22 ਜ਼ਿਲਿਆਂ ਦਾ ਅੰਦਾਜ਼ਾ ਲਾਇਆ ਜਾਵੇ ਤਾਂ ਇਹ ਗਿਣਤੀ 170 ਦੇ ਕਰੀਬ ਬਣੇਗੀ। ਇਨ੍ਹਾਂ ਵਿਚੋਂ ਕੁਝ ਸਕੂਲ ਪੰਜਾਬੀ ਨੂੰ ਦੂਜੀ ਜਾਂ ਤੀਜੀ ਜਾਂ ਫਿਰ ਚੌਥੀ ਜਾਂ ਛੇਵੀਂ ਤੋਂ ਪੜ੍ਹਾ ਰਹੇ ਹਨ ਭਾਵ ਉਹ ਆਪੇ ਹੀ ਪਹਿਲੀ ਭਾਸ਼ਾ ਦੀ ਥਾਂ ਪੰਜਾਬੀ ਨੂੰ ਦੂਜੀ ਜਾਂ ਤੀਜੀ ਭਾਸ਼ਾ ਮੰਨ ਰਹੇ ਹਨ ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਕੁਝ ਸਕੂਲ ਅੱਠਵੀ ਤਕ ਹੀ ਪੰਜਾਬੀ ਪੜ੍ਹਉਂਦੇ ਹਨ ਤੇ ਕੁਝ ਦਸਵੀਂ ਜਾਂ +2 ਤਕ। ਕੁਝ ਸਕੂਲ ਮੂ਼ਲੋਂ ਹੀ ਪੰਜਾਬੀ ਮਾਤ-ਭਾਸ਼ਾ ਪੜ੍ਹਾਉਣ ਤੋਂ ਇਨਕਾਰੀ ਹਨ। ਅਜਿਹੇ ਸਕੂਲਾਂ ਨੂੰ ਬੰਦ ਕਰਵਾ ਦੇਣਾ ਚਾਹੀਦਾ ਹੈ। ਡਾ. ਕਰਮਜੀਤ ਸਿੰਘ ਅਨੁਸਾਰ ਪੰਜਾਬ ਵਿਚ ਨੌਕਰੀ ਕਰਨ ਲਈ 10ਵੀਂ ਤਕ ਪੰਜਾਬੀ ਪੜ੍ਹੀ ਹੋਣੀ ਲਾਜ਼ਮੀ ਹੈ। ਲੱਗਦਾ ਹੈ ਕਿ ਕਿਸੇ ਸਾਜਿਸ਼ ਤਹਿਤ ਇਹ ਸਕੂਲ ਵਿਦਿਆਰਥੀਆਂ ਨੂੰ ਪੰਜਾਬੋਂ ਬਾਹਰ ਧੱਕਣਾ ਚਾਹੁੰਦੇ ਹਨ। ਸਿਖਿਆ ਮੰਤਰੀ ਨਾ਼ਲ ਲੇਖਕਾਂ ਦੀ ਮਿਲਣੀ ਵਿਚ ਸਿਖਿਆ ਮੰਤਰੀ ਵਲੋਂ ਕੁਝ ਅਸ਼ਵਾਸਨ ਦਿੱਤੇ ਗਏ ਹਨ। ਕੇਂਦਰੀ ਸਭਾ ਇਹ ਮੰਗ ਕਰਦੀ ਹੈ ਕਿ ਇਹ ਅਸ਼ਵਾਸਨ ਜਲਦੀ ਤੋਂ ਜਲਦੀ ਸਮੇਂ ਸੀਮਾ ਵਿਚ ਪੂਰੇ ਕੀਤੇ ਜਾਣ। ਡਾ. ਕਰਮਜੀਤ ਸਿੰਘ ਨੇ ਬਿਆਨ ਵਿਚ ਸਾਹਿਤ ਅਕਾਡਮੀ ਲੁਧਿਆਣਾ ਨੂੰ ਅਗਾਹ ਕੀਤਾ ਹੈ ਕਿ ਉਹ ਫੰਡਾਂ ਦੇ ਚੱਕਰ ਵਿਚ ਅਕਾਡਮੀ ਨੂੰ ਸਰਕਾਰੀਕਰਣ ਕਰਨ ਦੇ ਰਾਹ ਪੈਣ ਦੇ ਰਾਹ ਤੋਂ ਸੁਚੇਤ ਰਹੇ। ਕੇਂਦਰੀ ਸਭਾ ਦੇ ਅਹੁਦੇਦਾਰਾਂ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ ਸਿੰਘ, ਤਰਲੋਚਨ ਝਾਂਡੇ, ਡਾ. ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰ ਪ੍ਰੀਤ ਘਣੀਆਂ, ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ ਨੇ ਵੀ ਦੋਸ਼ੀ ਸਕੂਲਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਬੇਗਮਪੁਰਾ ਕਲਚੁਰਲ ਸੁਸਾਇਟੀ ਵਲੋਂ ਨਵੇਂ ਵਰ੍ਹੇ ਦੀ ਆਮਦ ਤੇ ਜਸ਼ਨਾਂ ਭਰੀ ਪਾਰਟੀ ਮਨਾਈ ਗਈ







**ਨਿਊਯਾਰਕ:** ਬੀਤੇ ਦਿਨੀ ਬੇਗਮਪੁਰਾ ਸੰਸਥਾਂ ਵਲੋ ਹਰ ਸਾਲ ਦੀ ਤਰਾਂ ਨਵੇਂ ਵਰ੍ਹੇ ਨੂੰ ਜੀ ਆਇਆ ਕਹਿਣ ਲਈ ਸ਼ਹਿਰ ਦੇ ਮਸ਼ਹੂਰ ਬੈਂਕੁਟ ਹਾਲ ਗੋਲਡਨ ਟੈਰੇਸ ਵਿਖੇ ਜ਼ਸ਼ਨਾਂ ਭਰੀ ਪਾਰਟੀ ਮਨਾਈ ਗਈ ।ਇਹ ਪਾਰਟੀ ਸਮੂੰਚੇ ਸ੍ਰੀ ਗੁਰੂ ਰਵਿਦਾਸ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਮਨਾਈ ਜਾਂਦੀ ਹੈ। ਪਾਰਟੀ ਦੇ ਇਸ ਰੰਗਾਰੰਗ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਜਿਥੇ ਪੂਰੇ ਟਰਾਈ ਸਟੇਟ ਏਰੀਏ ਦੇ ਪ੍ਰੀਵਾਰ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਦੇ ਉਥੇ ਹੋਰਨਾਂ ਦੇਸ਼ਾਂ ਤੋ ਆਏ ਭਾਈਚਾਰੇ ਦੇ ਮਹਿਮ੍ਹਾਨ ਵੀ ਇਸ ਪਾਰਟੀ ਦਾ ਹਿੱਸਾ ਬਣਦੇ ਹਨ। ਸੰਸਥਾਂ ਵਲੋਂ ਦੂਜੇ ਦੇਸ਼ਾਂ ਤੋ ਆਏ ਮਹਿਮ੍ਹਾਨਾਂ ਨੂੰ ਸਨਮ੍ਹਾਨ ਚਿੰਨ ਭੇਟ ਕਰਕੇ ਇਸਨੂੰ ਯਾਦਗਾਰੀ ਬਣਾਇਆ ਜਾਂਦਾ ਹੈ ।ਇਸ ਪਾਰਟੀ ਨੂੰ ਦੋ ਪੜਾਵਾਂ ਵਿੱਚ ਪੇਸ਼ ਕੀਤਾ ਜਾਂਦਾ ਹੈ ਪਹਿਲੇ ਪੜਾਅ 'ਚ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਦੇ ਹਨ ਤੇ ਸੰਸਥਾ ਵਲੋ ਪ੍ਰਯੋਜਕਾਂ ਨੂੰ ਸਨਮ੍ਹਾਨ ਚਿੰਨ ਭੇਟ ਕਰਕੇ ਸਨਮ੍ਹਾਨਿਆ ਜਾਂਦਾ ਹੈ ਦੂਜੇ ਅਤੇ ਅੰਤਲੇ ਪੜਾਅ 'ਚ ਡੀ.ਜੇ ਤੇ ਭੰਗੜਾ ਸ਼ੁਰੂ ਹੋ ਜਾਂਦਾ ਹੈ ਜੋ ਇਸ ਪਾਰਟੀ ਦੇ ਜ਼ਸ਼ਨਾਂ ਨੂੰ ਸਿਖਰ ਤੱਕ ਲੈ ਜਾਂਦਾ ਹੈ ।ਪਾਰਟੀ ਦੇ ਮੰਚ ਦੀ ਆਰੰਭਤਾ ਸੰਸਥਾ ਦੇ ਹੈਡ ਕੈਸ਼ੀਅਰ ਸ੍ਰੀ ਕਿਰਪਾਲ ਸਿੰਘ ਡੱਲੀ ਨੇ ਬਹੁਤ ਹੀ ਸਾਦੇ ਅੰਦਾਜ਼ ਨਾਲ ਕੀਤੀ ਤੇ ਆਏ ਮਹਿਮ੍ਹਾਨਾਂ ਨੂੰ ਨਵੇ ਸਾਲ ਦੀ ਵਧਾਈ ਦਿੱਤੀ। ਇਸ ਉਪਰੰਤ ਉਹਨਾਂ ਸ੍ਰੀ ਬਲਵਿੰਦਰ ਭੌਰਾ ਨੂੰ ਮੰਚ ਸੰਚਾਲਨਾਂ ਦੀ ਜਿਮੇਵਾਰੀ ਸੌਂਪ ਦਿੱਤੀ। ਸ੍ਰੀ ਭੌਰਾ ਨੇ ਮਹਿਮ੍ਹਾਨਾਂ ਨਾਲ ਰੂਬਰੂ ਹੁੰਦਿਆ ਸਭਨੂੰ ਸੰਸਥਾ ਵਲੋ ਨਵੇ ਸਾਲ ਦੀ ਵਧਾਈ ਦਿੰਦਿਆ ਕਿਹਾ ਕਿ ਇਹ ਪਾਰਟੀ ਸਮੂੰਚੇ ਭਾਈਚਾਰੇ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਲਈ ਅਦਨਾ ਜਿਹਾ ਉਦਮ ਹੈ। ਇਸ ਮੌਕੇ ਜੋ 31 ਜਨਵਰੀ 2016 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਚੋਣ ਹੋ ਜਾ ਰਹੀ ਹੈ ਚੋਣ ਲੜ ਰਹੀ ਸ੍ਰੀ ਅਸ਼ੋਕ ਕੁਮਾਰ ਮਾਹੀ ਦੀ ਸਲੇਟ ਦੇ ਸੈਕਟਰੀ ਸ੍ਰੀ ਰਾਮ ਸਰੂਮ ਬੰਗੜ ਨੇ ਆਏ ਪ੍ਰੀਵਾਰਾਂ ਨਾਲ ਗੁਰੂ ਘਰ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਦਿਆ ਕਿਹਾ ਕਿ ਸਾਡਾ ਮਿਸ਼ਨ ਆਪਣੇ ਭਾਈਚਾਰੇ ਦੇ ਹਿੱਤਾਂ ਲਈ ਲੜਨਾ ਹੈ ਅਤੇ ਗੁਰੂ ਘਰ ਦੇ ਭਲੇ ਲਈ ਹਰਤ੍ਰਰਾਂ ਨਾਲ ਯੋਗਦਾਨ ਪਾਉਣਾ ਹੈ ਅਸੀ ਆਪਣੇ ਸਮਾਜ ਨੂੰ ਦੂਸਰਿਆਂ ਹੱਥਾਂ 'ਚ ਵਿਕਦਾ ਦੇਖਕੇ ਚੁੱਪ ਨਹੀ ਰਹਿ ਸਕਦੇ ਬਾਕੀ ਸਾਡੀ ਕਿਸੇ ਨਾਲ ਵੀ ਕੋਈ ਜਾਤੀ ਦੁਸ਼ਮਣੀ ਨਹੀ ਹੈ ਸਾਡੀ ਲੜਾਈ ਸਾਡੇ ਆਪਣੇ ਸਮਾਜ 'ਚ ਪਏ ਪਾੜਿਆ ਨੂੰ ਭਰਨ ਦੀ ਹੈ । ਇਸ ਸਾਲ ਮੁੱਖ ਮਹਿਮ੍ਹਾਨਾਂ ਵਿੱਚ ਸ੍ਰੀ ਕੁੰਦਨ ਲਾਲ ਦੀ ਪਤਨੀ ਸ੍ਰੀਮਤੀ ਆਸ਼ਾ ਰਾਣੀ, ਪਰਮਜੀਤ ਰਾਮ ਦੀ ਪਤਨੀ ਸ੍ਰੀਮਤੀ ਮੋਹਿੰਦਰ ਕੌਰ, ਬਲਵੀਰ ਸਿੰਘ ਤੇ ਉਘੇ ਬਿਜ਼ਨੈਸਮੈਨ ਜਗਤਾਰ ਸਿੰਘ ਜਿੰਮੀ ਸਨ। ਰਿਬਨ ਕੱਟਣ ਦੀ ਰਸਮ ਜਗਤਾਰ ਸਿੰਘ ਜਿੰਮੀ ਤੇ ਬਲਵੀਰ ਸਿੰਘ ਨੇ ਨਿਭਾਈ ਅਤੇ ਕੇਕ ਲੇਡੀਜ਼ ਮਹਿਮਾਨਾਂ ਸ੍ਰੀਮਤੀ ਆਸ਼ਾ ਰਾਣੀ ਤੇ ਮੋਹਿੰਦਰ ਕੌਰ ਨੇ ਕੱਟ ਕੇ ਪਾਰਟੀ ਦਾ ਅਗਾਜ਼ ਕੀਤਾ। ਪ੍ਰਯੋਜਕਾਂ ਵਿੱਚ ਮੁੱਖਤੌਰ ਤੇ ਬੱਬੂ ਕੰਨਸਟਰੰਕਸ਼ਨ ਵਲੋਂ ਮੱਖਣ ਸਿੰਘ ਫਰਾਲਾ ਤੇ ਸ੍ਰੀ ਬਿਸ਼ੰਬਰ ਦਾਸ ਦੇ ਨਾਮ ਵਰਨਣਯੋਗ ਹਨ। ਭਾਈਚਾਰੇ ਦੇ ਹਰ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਬਿੱਟੂ ਬਿਰਕਾਂਵਾਲਾ ਸਪੀਡੋ ਤੇ ਸੁਰਿੰਦਰ ਪਾਲ ਸਿੰਘ ਜੁਗਨੂੰ ਦਾ ਹਮੇਸ਼ਾਂ ਹੀ ਵਿਸ਼ੇਸ਼ ਯੋਗਦਾਨ ਰਹਿੰਦਾ ਹੈ। ਮੁੱਖ ਮਹਿਮਾਨਾਂ ਤੇ ਪ੍ਰਯੋਜਕਾਂ ਨੂੰ ਸੰਸਥਾ ਵਲੋਂ ਪਲੈਕ ਦੇ ਕੇ ਸਨਮ੍ਹਾਨਿਆ ਗਿਆ ਤੇ ਇਸ ਉਪਰੰਤ ਇੰਡੀਆ ਤੋ ਆਏ ਸ੍ਰੀ ਮੋਹਨ ਲਾਲ ਬੰਗਾ ਰਟਾਇਰ ਐਸ.ਡੀ.ਓ ਤੇ ਇਟਲੀ ਤੋਂ ਸ੍ਰੀ ਸੁਰਿੰਦਰ ਕੁਮਾਰ ਕਰੜਾ ਜੀ ਨੂੰ ਵੀ ਸੰਸਥਾ ਵਲੋ ਸਨ੍ਹਮਾਨ ਚਿੰਨ ਭੇਟ ਕੀਤੇ ਗਏ । ਆਪਣੀ ਅਮਰੀਕਾ ਯਾਤਰਾ ਦੌਰਾਨ ਆਏ ਸ੍ਰੀ 108 ਸੰਤ ਬਾਬਾ ਬ੍ਰਾਹਮਦਾਸ ਜੀ ਤੱਲਣ ਵਾਲਿਆ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ ।ਇਸ ਪਾਰਟੀ 'ਚ ਜਿੰਨਾਂ ਪ੍ਰੀਵਾਰਾਂ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ ਉਹਨਾਂ 'ਚ ਸ੍ਰੀ ਹੇਮ ਰਾਜ ਜੀ, ਪਾਖਰ ਸਿੰਘ, ਹਰਮੇਸ਼ ਸਿੰਘ ਭਾਰਸਿੰਘਪੁਰੀ ਸਾਬਕਾ ਸਕੱਤਰ ਬਸਪਾ ਪੰਜਾਬ, ਨਿਰਮਲਜੀਤ ਸਿੰਘ ਖਾਲਸਾ, ਗੱਜਣ ਸਿੰਘ, ਮੁਖਤਿਆਰ ਸਿੰਘ ਨਿਊਜਰਸੀ ਤੇ ਦਿਆਲ ਝਮਟ ਅਪਸਟੇਟ ਸਨ । ਇਸ ਮੌਕੇ ਜਿਥੇ ਸੰਸਥਾ ਵਲੋਂ ਸਮੂੰਹ ਮਿਡੀਆ ਦਾ ਧੰਨਵਾਦ ਕੀਤਾ ਉਥੇ ਪੱਤਰਕਾਰ ਗੁਰਮੀਤ ਸਿੰਘ ਆਪਣਾ ਪੰਜਾਬ ਤੇ ਗਲੋਬਲ ਪੰਜਾਬ ਟੀ.ਵੀ ਤੋਂ ਗੁਰਦੀਪ ਸਿੰਘ ਗਿਲ ਨੂੰ ਵੀ ਸਨ੍ਹਮਾਨ ਚਿੰਨ ਭੇਟ ਕੀਤੇ ਗਏ। ਇਸ ਖੁਸ਼ੀਆ ਭਰੇ ਸਮਾਗਮ ਨੂੰ ਕੈਮਰਾ ਬੰਦ ਤੇ ਫੋਟੋਗਰਾਫੀ ਦੀ ਡਿਊਟੀ ਰਾਜ ਵਿਡੀਓ ਵਲੋ ਨਿਭਾਈ ਗਈ। ਲਾਲੀ ਰਾਏ ਦੇ ਡੀ.ਜੇ ਨੇ ਨਿਵੇਕਲੀਆ ਧੁੰਨਾਂ ਦੇ ਗੀਤਾਂ ਰਾਹੀ ਹਰ ਇੱਕ ਨੂੰ ਨੱਚਣ ਲਈ ਮਜ਼ਬੂਰ ਕਰੀ ਰੱਖਿਆ। ਇਸ ਪਾਰਟੀ ਦੀ ਰੂਪ ਰੇਖਾ ਨੂੰ ਸੰਵਾਰਨ 'ਚ ਪ੍ਰਧਾਨ ਪਰਮਜੀਤ ਕਮਾਮ, ਚੇਅਰਮੈਨ ਮਦਨ ਸਿੰਘ ਬੱਧਨ, ਸਲੇਟ ਮੈਂਬਰ ਬਲਵੀਰ ਚੌਹਾਨ, ਸਾਬਕਾ ਪ੍ਰਧਾਨ ਸ੍ਰੀ ਪਿੰਦਰ ਪਾਲ, ਸਾਬਕਾ ਚੇਆਰਮੈਨ ਚੂਹੜ ਸਿੰਘ ਸਿਧੂ, ਸਾਬਕਾ ਪ੍ਰਧਾਨ ਨਿਰਮਲ ਮੋਰੋਂ, ਸੋਹਣ ਲਾਲ ਝਿਕਾ, ਗੁਰਦਿਆਲ ਰਾਮ ਲੱਡੂ ਦੇ ਨਾਮ ਵਰਨਣਯੋਗ ਹਨ। ਅੰਤ 'ਚ ਚੋਣ ਲੜ ਰਹੇ ਪ੍ਰਧਾਨਗੀ ਉਮੀਦਵਾਰ ਸ੍ਰੀ ਅਸ਼ੋਕ ਕੁਮਾਰ ਮਾਹੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਅਕਾਲੀ ਦਲ (ਬਾਦਲ) ਦੀ ਕੋਰ ਕਮੇਟੀ ਵਿੱਚ ਪਹਿਲੀ ਵਾਰ ਔਰਤਾਂ ਵੀ ਸ਼ਾਮਲ ਕੀਤੀਆਂ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵਿੱਚ ਪਹਿਲੀ ਵਾਰੀ ਮਹਿਲਾਵਾਂ ਨੂੰ ਥਾਂ ਦਿੱਤੀ ਗਈ ਹੈ। ਇਸ ਤਰ੍ਹਾਂ ਹਾਕਮ ਪਾਰਟੀ ਵੱਲੋਂ ਲਏ ਜਾਣ ਵਾਲੇ ਫੈਸਲਿਆਂ ਵਿੱਚ ਔਰਤਾਂ ਦੀ ਵੀ ਭੂਮਿਕਾ ਹੋਵੇਗੀ। ਪਾਰਟੀ ਦੇ ਤਾਜ਼ਾ ਫ਼ੈਸਲੇ ਮੁਤਾਬਕ ਪਾਰਟੀ ਦੀ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਸਾਬਕਾ ਮੰਤਰੀ ਡਾ. ਉਪਿੰਦਰਜੀਤ ਕੌਰ ਨੂੰ ਕੋਰ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵੇਂ 4 ਚਿਹਰੇ ਕੋਰ ਕਮੇਟੀ ਵਿੱਚ ਸ਼ਾਮਲ ਕੀਤੇ ਗਏ ਹਨ। ਉਕਤ ਮਹਿਲਾ ਆਗੂਆਂ ਸਮੇਤ ਗੁਲਜ਼ਾਰ ਸਿੰਘ ਰਣੀਕੇ ਅਤੇ ਹਰੀ ਸਿੰਘ ਜ਼ੀਰਾ ਵੀ ਹੁਣ ਪਾਰਟੀ ਦੀ ਇਸ ਅਹਿਮ ਕਮੇਟੀ ਦੇ ਮੈਂਬਰ ਹੋਣਗੇ। ਪਾਰਟੀ ਦੇ ਇੱਕ ਹੋਰ ਮਹੱਤਵਪੂਰਨ ਫ਼ੈਸਲੇ ਮੁਤਾਬਕ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਦੀ ਕਿਸਾਨ ਵਿੰਗ ਦੇ ਮੁਖੀ ਵਜੋਂ ਛੁੱਟੀ ਕਰਕੇ ਸੇਵਾ ਸਿੰਘ ਸੇਖਵਾਂ ਨੂੰ ਕਿਸਾਨ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਰਾਜਸੀ ਮਾਮਲਿਆਂ ਬਾਰੇ ਕਮੇਟੀ 'ਚ ਭਾਈ ਮਨਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਜੀਤ ਮਹਿੰਦਰ ਸਿੰਘ ਸਿੱਧੂ ਨੂੰ ਸੀਨੀਅਰ ਮੀਤ ਪ੍ਰਧਾਨ, ਬਾਵਾ ਸਿੰਘ ਗੋਮਾਨਪੁਰਾ ਅੰਮ੍ਰਿਤਸਰ ਅਤੇ ਹਰਿਆਣਾ ਰਾਜ ਨਾਲ ਸਬੰਧਤ ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਗੋਬਿੰਦਗੜ੍ਹ ਨੂੰ ਮੀਤ ਪ੍ਰਧਾਨ ਬਣਾਇਆ ਗਿਆ ਹੈ।


SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

**ਲੋਹੜੀ ਪ੍ਰੋਗਰਾਮ- ਜਨਵਰੀ 13, 2016**

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 13 ਜਨਵਰੀ 2016 ਦਿਨ ਬੁੱਧਵਾਰ ਨੂੰ ਸ਼ਾਮੀ 6 ਵਜੇ ਲੋਹੜੀ ਮਨਾਈ ਜਾਵੇਗੀ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਆਪਣੇ ਪਰਿਵਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਗੁਰੂ ਘਰ ਵਿਖੇ ਦਰਸ਼ਨ ਦੇਣ। ਗੁਰੂ ਘਰ ਵਿਖੇ ਮਨਾਈ ਜਾ ਰਹੀ ਇਹ ਲਗਾਤਾਰ ਚੌਥੀ ਲੋਹੜੀ ਹੈ। ਨਵਜੰਮੇ ਬੱਚਿਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਹੈ ਕਿ ਆਪਣੇ ਬੱਚੇ ਦੀ ਪਹਿਲੀ ਲੋਹੜੀ ਗੁਰੂ ਘਰ ਵਿਖੇ ਮਨਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਇਸ ਮੌਕੇ ਲੰਗਰ, ਪਾਠ ਅਤੇ ਪ੍ਰਸ਼ਾਦ ਦੀ ਸੇਵਾ ਸੰਗਤ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਸਤਿਕਾਰਿਤ ਬੁਲਾਰੇ ਅਤੇ ਕਮਿਊਨਿਟੀ ਲੀਡਰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਆਦਰਸ਼ਾਂ ਬਾਰੇ ਸੰਗਤ ਨੂੰ ਜਾਣਕਾਰੀ ਦੇਣਗੇ। ਕੀਰਤਨ ਦੀਵਾਨ ਦਾ ਸਮਾਂ ਵਧਾਇਆ ਵੀ ਜਾ ਸਕਦਾ ਹੈ।



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

**ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ : ਫਰਵਰੀ 26 ਤੋਂ 28, 2016**

ਸ੍ਰੀ ਗੁਰੂ ਰਵਿਦਾਸ ਸਭਾ ਕੈਲੇਫੋਰਨੀਆ, ਪਿਟਸਬਰਗ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 28 ਫਰਵਰੀ, 2016 ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮਾਂ ਦਾ ਵੇਰਵਾ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਫਰਵਰੀ, 26, 2016 (ਸ਼ੁੱਕਰਵਾਰ) ਸਵੇਰੇ 9:30 ਵਜੇ
ਨਿਸ਼ਾਨ ਸਾਹਿਬ ਦੀ ਸੇਵਾ – ਫਰਵਰੀ 27, 2016 (ਸਨਿਚਰਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ – ਫਰਵਰੀ 28, 2016 (ਐਤਵਾਰ) 9:30 ਵਜੇ
ਕੀਰਤਨ ਦੀਵਾਨ – ਭੋਗ ਉਪਰੰਤ 2 ਵਜੇ ਦੁਪਹਿਰ ਤੱਕ

ਕਮੇਟੀ ਨੂੰ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟਰੈਫਿਕ/ਪਾਰਕਿੰਗ, ਰਸੋਈ ਅਤੇ ਹੋਰ ਸੇਵਾ ਲਈ ਵਲੰਟੀਆਂ ਦੀ ਲੋੜ ਹੈ। ਜੋ ਕੋਈ ਇਸ ਸੇਵਾ ਦਾ ਚਾਹਵਾਨ ਹੋਵੇ, ਉਹ ਪ੍ਰਧਾਨ ਸੋਮ ਨਾਥ ਭਾਟੀਆ (408-499-0747) ਜਾਂ ਵਾਈਸ ਪ੍ਰਧਾਨ ਰਮੇਸ਼ ਸੁਮਨ (925-366-3618) ਜਾਂ ਜਨਰਲ ਸਕੱਤਰ ਦਿਲਬਾਗ ਸਿੰਘ (209-834-4611) ਨਾਲ ਸੰਪਰਕ ਕਰ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੂੰ ਇੰਮੀਗ੍ਰੇਸ਼ਨ ਦੇ ਮਸਲਿਆਂ ਤੇ ਲੋਕਾਂ ਦੀ ਮਦਦ ਲਈ ਇਕ ਇੰਮੀਗ੍ਰੇਸ਼ਨ ਅਟਾਰਨੀ ਅਤੇ ਸਿਹਤ ਨਾਲ ਸਬੰਧਤ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੇ ਗਰੁੱਪ ਦੀ ਲੋੜ ਹੈ। ਸਭਾ ਨੂੰ ਸਮਾਜ ਸੇਵੀ ਨਰਸਾਂ ਅਤੇ ਡਾਕਟਰਾਂ ਦੀ ਮਨੁੱਖਤਾ ਦੇ ਆਧਾਰ ਤੇ ਮਦਦ ਕਰਨ ਲਈ ਲੋੜ ਹੈ।

**ਸੰਗਤ ਦੇ ਸੇਵਾਦਾਰ**
ਚੇਅਰਮੈਨ
ਸ਼ਿੰਦਰ ਪਾਲ ਨਰਬਟ
ਪ੍ਰਧਾਨ
ਸੋਮ ਨਾਥ ਭਾਟੀਆ
ਜਨਰਲ ਸਕੱਤਰ
ਦਿਲਬਾਗ ਸਿੰਘ
ਖਜਾਨਚੀ
ਜਸਵੀਰ ਚਾਹਲ

ਸਟਾਲਾਂ, ਲੰਗਰ ਜਾਂ ਹੋਰ ਸੇਵਾ ਦੇ ਲਈ ਸੰਪਰਕ ਕਰੋ
ਜਨਰਲ ਸਕੱਤਰ
ਦਿਲਬਾਗ ਸਿੰਘ
(209-834-4611)

ਚੇਅਰਮੈਨ
ਸ਼ਿੰਦਰਪਾਲ ਨਰਬਟ
(925-683-0178

# ਜ਼ਿਲ੍ਹਾ ਪ੍ਰਸ਼ਾਸਨ ਨੇ ਮਨਾਈ ਸ੍ਰੀ ਹਰਗੋਬਿੰਦਪੁਰ ਵਿਖੇ ਧੀਆਂ ਦੀ ਲੋਹੜੀ

## ਲੜਕੀਆਂ ਬਿਨਾਂ ਮਨੁੱਖੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ - ਧੁੱਗਾ





**ਸ੍ਰੀ ਹਰਗੋਬਿੰਦਪੁਰ (ਨਰਿੰਦਰ ਬਰਨਾਲ))-** ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸ੍ਰੀ ਹਰਗੋਬਿੰਦਪੁਰ ਵਿਖੇ ਧੀਆਂ ਦੀ ਲੋਹੜੀ ਮਨਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਮੁੱਖ ਸੰਸਦੀ ਸਕੱਤਰ ਸ. ਦੇਸ-ਰਾਜ ਸਿੰਘ ਧੁੱਗਾ ਨੇ ਕੀਤੀ, ਜਦਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਅਭਿਨਵ ਤ੍ਰਿਖਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਮੁੱਖ ਸੰਸਦੀ ਸਕੱਤਰ ਸ. ਧੁੱਗਾ ਦੀ ਧਰਮ ਪਤਨੀ ਸ੍ਰੀਮਤੀ ਕੁਲਜੀਤ ਕੌਰ, ਡਿਪਟੀ ਕਮਿਸ਼ਨਰ ਡਾ. ਤ੍ਰਿਖਾ ਦੀ ਧਰਮ ਪਤਨੀ ਡਾ. ਭਾਵਨਾ ਸੋਬਤ ਤ੍ਰਿਖਾ, ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀਮਤੀ ਸੁਮਨਦੀਪ ਕੌਰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਕਾਸ ਵਿਭਾਗ ਵੱਲੋਂ ਧੀਆਂ ਦੀ ਲੋਹੜੀ ਸਬੰਧੀ ਕਰਾਏ ਇਸ ਸਮਾਗਮ ਵਿੱਚ ਵੱਡੀ ਗਿਣਤੀ 'ਚ ਨਵ-ਜੰਮੀਆਂ ਧੀਆਂ ਵਾਲੇ ਪਰਿਵਾਰ ਸ਼ਾਮਲ ਹੋਏ ਅਤੇ ਸਾਰਿਆਂ ਨੇ ਰਲ ਕੇ ਧੀਆਂ ਦੀ ਲੋਹੜੀ ਮਨਾਈ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਮੁੱਖ ਸੰਸਦੀ ਸਕੱਤਰ ਸ. ਦੇਸਰਾਜ ਸਿੰਘ ਧੁੱਗਾ ਨੇ ਕਿਹਾ ਕਿ ਔਰਤ ਤੋਂ ਬਿਨਾਂ ਮਨੁੱਖੀ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਮਨੁੱਖੀ ਸਮਾਜ ਵਿੱਚ ਔਰਤ ਦਾ ਪੂਜਣਯੋਗ ਸਥਾਨ ਹੈ ਅਤੇ ਅਜੋਕੇ ਸਮੇਂ 'ਚ ਹਰ ਖੇਤਰ 'ਚ ਲੜਕੀਆਂ ਨੇ ਸਫਲਤਾ ਦੇ ਝੰਡੇ ਗੱਡ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਪੰਜਾਬ ਸਰਕਾਰ ਵੱਲੋਂ ਲੜਕੀਆਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾ ਦਾ ਜਿਕਰ ਕਰਦਿਆਂ ਸ. ਧੁੱਗਾ ਨੇ ਕਿਹਾ ਕਿ ਸੂਬਾ ਸਰਕਾਰ ਰਾਜ ਦੀਆਂ ਧੀਆਂ ਨੂੰ ਸਿੱਖਿਅਤ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਮੁਫਤ ਕੰਪਿਊਟਰ ਸਿੱਖਿਆ, ਮਾਈ ਭਾਗੋ ਯੋਜਨਾ ਤਹਿਤ ਸਕੂਲ ਜਾਣ ਲਈ ਮੁਫਤ ਸਾਈਕਲ, ਵਜ਼ੀਫਾ ਯੋਜਨਾ, ਸ਼ਗਨ ਸਕੀਮ ਵਰਗੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ।

ਧੀਆਂ ਦੀ ਲੋਹੜੀ ਮਨਾਏ ਜਾਣ ਦੀ ਵਧਾਈ ਦਿੰਦਿਆਂ ਸ. ਧੁੱਗਾ ਨੇ ਕਿਹਾ ਕਿ ਅੱਜ ਜ਼ਮਾਨਾਂ ਬਦਲ ਗਿਆ ਹੈ ਅਤੇ ਹੁਣ ਲੜਕੇ ਤੇ ਲੜਕੀ 'ਚ ਕੋਇ ਫਰਕ ਨਹੀਂ ਰਿਹਾ। ਉਨ੍ਹਾਂ ਨਵ-ਜੰਮੀਆਂ ਧੀਆਂ ਦੇ ਪਰਿਵਾਰਾਂ ਨੂੰ ਇਸ ਸ਼ੁਭ ਦਿਹਾੜੇ ਦੀ ਵਧਾਈ ਦਿੰਦਿਆਂ ਧੀਆਂ ਦੇ ਸਿਹਤਮੰਦ ਤੇ ਕਾਮਯਾਬ ਜੀਵਨ ਦੀ ਅਸੀਸ ਦਿੱਤੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਅਭਿਨਵ ਤ੍ਰਿਖਾ ਨੇ ਕਿਹਾ ਕਿ ਧੀਆਂ ਦੀ ਲੋਹੜੀ ਮਨਾਉਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਸਮਾਜ ਦੀ ਲੜਕੀਆਂ ਪ੍ਰਤੀ ਸੋਚ 'ਚ ਤਬਦੀਲੀ ਆਈ ਹੈ। ਉਨ੍ਹਾਂ ਨਵ-ਜੰਮੀਆਂ ਧੀਆਂ ਨੂੰ ਸ਼ੁਭ ਇਛਾਵਾਂ ਦਿੰਦਿਆਂ ਕਿਹਾ ਕਿ ਸਮਾਜ ਨੂੰ ਸਭ ਤੋਂ ਵੱਧ ਦੇਣ ਇੱਕ ਔਰਤ ਦਿੰਦੀ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਲੜਕੀ ਨੂੰ ਸਿੱਖਿਅਤ ਕਰਨਾ ਉਸਦੇ ਮਾਪਿਆਂ ਦਾ ਫਰਜ਼ ਹੈ ਤਾਂ ਜੋ ਇਹ ਨੰਨੀਆਂ ਪਰੀਆਂ ਵੱਡੀਆਂ ਹੋ ਕੇ ਸਮਾਜ ਤੇ ਆਪਣੇ ਦੇਸ਼ ਦੀ ਤਰੱਕੀ 'ਚ ਆਪਣਾ ਯੋਗਦਾਨ ਪਾ ਸਕਣ। ਕੰਨਿਆ ਭਰੂਣ ਹੱਤਿਆ ਨੂੰ ਰੋਕਣ ਲਈ ਸਰਕਾਰ ਦੇ ਕੀਤੇ ਜਾ ਰਹੇ ਯਤਨਾ ਬਾਰੇ ਦੱਸਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮੂਹਿਕ ਯਤਨਾ ਨਾਲ ਇਸ ਇਨਸਾਨੀਅਤ ਵਿਰੋਧੀ ਲਾਹਨਤ ਨੂੰ ਠੱਲ ਜਰੂਰ ਪਈ ਹੈ ਪਰ ਅਜੇ ਵੀ ਇਸ ਬੁਰਿਆਈ ਨੂੰ ਰੋਕਣ ਲਈ ਹੋਰ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਜੇ ਵੀ 1000 ਲੜਕੇ ਪਿਛੇ ਲੜਕੀਆਂ ਦੀ ਗਿਣਤੀ 864 ਹੈ, ਜੋ ਕਿ ਸਾਡੇ ਅਗਾਂਹਵਧੂ ਸਮਾਜ 'ਤੇ ਇੱਕ ਧੱਬਾ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਆਓ ਸਾਰੇ ਮਿਲ ਕੇ ਧੀਆਂ ਨੂੰ ਪੂਰਾ ਮਾਣ-ਸਨਮਾਨ ਦਈਏ ਤਾਂ ਜੋ ਸਾਡੀਆਂ ਧੀਆਂ ਵੀ ਸਮਾਜ ਵਿੱਚ ਪੂਰੀ ਅਜ਼ਾਦੀ ਨਾਲ ਆਪਣਾ ਜੀਵਨ ਜੀਅ ਸਕਣ। ਇਸ ਮੌਕੇ ਹਲਕੇ ਦੀਆਂ 20 ਪੰਚਾਇਤਾਂ ਜਿਨ੍ਹਾਂ 'ਚ ਰਜ਼ੋਆ, ਭੇਟ ਪੱਤਣ. ਢਪੱਈ, ਨੰਗਲ ਝੌਰ, ਲੀਲ ਕਲਾਂ, ਨੱਤ, ਹਰਪੁਰਾ, ਧੰਦੋਈ, ਕਲੇਰ, ਸੱਖੋਵਾਲ, ਮਾੜੀ ਪੰਨਵਾਂ, ਮਾੜੀ ਬੁੱਚੀਆਂ, ਮੀਕੇ, ਸਦਾਰੰਗ, ਭਗਤੂਪੁਰ, ਸ਼ਕਾਲਾ, ਲੱਧਾ ਮੁੰਡਾ, ਸਮਰਾਏ, ਬੱਗੇ ਅਤੇ ਦਕੋਹਾ ਨੂੰ ਲੜਕੀਆਂ ਦੇ ਬੇਹਤਰ ਲਿੰਗ ਅਨੁਪਾਤ ਲਈ ਸਨਮਾਨਤ ਕੀਤਾ ਗਿਆ। ਇਸੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਵ-ਜੰਮੀਆਂ ਧੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਲੋਹੜੀ ਦੇ ਤੋਹਫੇ ਵਜੋਂ ਗਰਮ ਕੱਪੜੇ ਵੀ ਵੰਡੇ ਗਏ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਖੂਬ-ਸੂਰਤ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

# ਇੰਡੋ ਅਮੈਰਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦਾ ਵਫ਼ਦ ਦੇਸ਼ ਭਗਤ ਯਾਦਗਾਰ ਹਾਲ ਪੁੱਜਾ



**ਜਲੰਧਰ-** ਬਲਦੇਵ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਇੰਡੋ ਅਮੈਰਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦਾ ਵਫ਼ਦ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੁੱਜਾ ਜਿੱਥੇ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਖਜਾਨਚੀ ਸੀਤਲ ਸਿੰਘ ਸੰਘਾ, ਟਰੱਸਟੀ ਕੁਲਵੰਤ ਸਿੰਘ ਸੰਧੂ, ਕਮੇਟੀ ਮੈਂਬਰ ਦੇਵ ਰਾਜ ਨਯੀਅਰ ਤੇ ਹੋਰਾਂ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ। ਜ਼ਿਕਰਯੋਗ ਹੈ ਕਿ ਇੰਡੋ ਅਮੈਰਕਨ ਹੈਰੀਟੇਜ਼ ਫੋਰਮ ਫਰਿਜ਼ਨੋ ਨੇ ਬਲਦੇਵ ਸਿੰਘ ਧਾਲੀਵਾਲ ਦੇ ਪਿਤਾ ਗੁਰਬਖਸ਼ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਅਮਰੀਕਾ ਦੀ ਧਰਤੀ ਫਰਿਜ਼ਨੋ ਵਿਖੇ 2001 ਵਿਚ ਪਹਿਲਾ 'ਮੇਲਾ ਗ਼ਦਰੀ ਬਾਬਿਆਂ ਦਾ' ਦਾ ਲਗਾਉਣ ਦੀ ਪਿਰਤ ਪਾਈ ਸੀ। ਜਿਸ ਸਦਕਾ ਅੱਜ ਅਮਰੀਕਾ ਦੇ ਕੋਨੇ-ਕੋਨੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਅਣਗਿਣਤ ਮੇਲੇ ਲੱਗਣੇ ਸ਼ੁਰੂ ਹੋ ਚੁੱਕੇ ਹਨ। ਇਸ ਮੌਕੇ ਬਲਦੇਵ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਡੋ ਅਮੈਰਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਸਾਲ ਵਿਚ ਇਕ ਮੇਲੇ ਤੋਂ ਸ਼ੁਰੂ ਕਰਕੇ ਚਾਰ ਸਮਾਗਮ ਕਰਵਾਏ ਜਾਂਦੇ ਹਨ ਜਿਹੜੇ ਸਾਡੇ ਦੇਸ਼ ਦੇ ਕੌਮੀ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਕਰਵਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਜਿੱਥੇ ਦੇਸ਼ ਭਗਤੀ ਦੇ ਨਾਟਕ ਕਰਵਾਏ ਜਾਂਦੇ ਹਨ, ਉਥੇ ਨੌਜੁਆਨ ਪੀੜ੍ਹੀ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣ ਲਈ ਬੱਚਿਆਂ ਦੀਆਂ ਕਲਾ ਕਿਰਤਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਯਾਦ ਰਹੇ ਇਸ ਸਮੇਂ ਇੰਡੋ ਅਮੈਰਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਪ੍ਰਧਾਨ ਗ਼ਦਰੀ ਬਾਬਾ ਬਚਨ ਸਿੰਘ ਘੋਲੀਆਂ ਕਲਾਂ ਦੇ ਪੋਤਰੇ ਸ. ਗੁਰਦੀਪ ਸਿੰਘ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਬਦੇਸ਼ਾ ਹਨ, ਜੋ ਕਿ ਇਲਾਕੇ ਦੇ ਉਘੇ ਕਮਿਊਨਿਸਟ ਆਗੂ ਅਤੇ ਪਿੰਡ ਮੰਢਾਲੀ ਦੇ ਲੰਬਾ ਸਰਪੰਚ ਸਾਬਕਾ ਸਰਪੰਚ ਸਵਰਗੀ ਗੁਰਬਚਨ ਸਿੰਘ ਮੰਢਾਲੀ ਦੇ ਪੁੱਤਰ ਹਨ। ਇਸ ਮੌਕੇ ਬਲਦੇਵ ਸਿੰਘ ਧਾਲੀਵਾਲ ਤੋਂ ਇਲਾਵਾ ਕਾ. ਗੁਰਬਖਸ਼ ਸਿੰਘ ਦੇ ਪੁੱਤਰ ਅਤੇ ਗ਼ਦਰੀ ਬਾਬਾ ਬਚਨ ਸਿੰਘ ਘੋਲੀਆਂ ਦੇ ਪੋਤਰੇ ਸੁਖਦੇਵ ਸਿੰਘ ਟੋਰਾਂਟੋ ਅਤੇ ਪੋਤ ਨੂੰਹਾਂ ਬਲਵਿੰਦਰ ਕੌਰ, ਸੁਖਦੇਵ ਸਿੰਘ ਟੋਰਾਂਟੋ ਅਤੇ ਨਛੱਤਰ ਕੌਰ ਅਤੇ ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਕੈਨੈਡਾ ਦੇ ਆਰਗੇਨਾਈਜ਼ਰ ਕੁਲਵੰਤ ਸਿੰਘ ਢੇਸੀ, ਗੁਰਦੀਪ ਸਿੰਘ ਸੰਧਰ ਆਦਿ ਸਾਥੀ ਵੀ ਹਾਜ਼ਰ ਸਨ।



## ਜਨਮ ਦਿਨ (14 ਜਨਵਰੀ) ਤੇ ਵਿਸ਼ੇਸ

# ਸਮਾਜ ਦੀਆਂ ਲੋੜਾਂ

## ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵੱਲੋਂ ਖੁਦ ਦਾ ਲਿਖਿਆ (ਆਦਿ ਧਰਮੀ) ਕੌਮ ਦੇ ਨਾਂ ਸੰਦੇਸ਼

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰ-ਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।






ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ। ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੁੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ।

ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿ-ਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ।

ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰ-ਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌ-ਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ।

ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ।

ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**
**ਧੰਨਵਾਦ ਸਹਿਤ- "ਕੌਮੀ ਉਡਾਰੀਆਂ"**

## ਯੂਬਾ ਸਿਟੀ ਅਤੇ ਵੈਨਕੂਵਰ ਵਿਖੇ ਗਦਰੀ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ ਦਿਨ 17 ਜਨਵਰੀ ਨੂੰ ਮਨਾਇਆ ਜਾਵੇਗਾ



ਵੈਨਕੂਵਰ ਵਿਖੇ ਰਹਿ ਰਿਹਾ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਪਰਿਵਾਰ। (ਖੱਬੇ ਤੋਂ ਸੱਜੇ) ਯੋਧਾ ਮੱਲ ਅਤੇ ਉਹਨਾਂ ਦੀ ਪੁੱਤਰੀ, ਧਰਮਵੀਰ ਗੰਗੜ, ਸਿਮਰ ਕੌਰ ਗੰਗੜ (ਧਰਮਵੀਰ ਦੀ ਪਤਨੀ), ਯੋਧਾ ਦੀ ਲੜਕੀ ਅਜੀਤ ਕੌਰ ਗੰਗੜ (ਲਕਸ਼ਮੀ ਦਸਾ ਗੰਗੜ ਦੀ ਪਤਨੀ), ਲਕਸ਼ਮੀ ਦਾਸ ਗੰਗੜ, ਹੰਸ ਰਾਜ ਸੰਧੂ, ਸਨੇਹ ਲਤਾ ਸੰਧੂ।

**ਵੈਨਕੂਵਰ-** ਗਦਰ ਲਹਿਰ ਦੇ ਸਰਗਰਮ ਆਗੂ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ ਦਿਨ ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਅਤੇ ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਕਨੇਡਾ ਵਲੋਂ 17 ਜਨਵਰੀ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਗੁਰੂ ਘਰ ਦੇ ਪ੍ਰਧਾਨ ਅਮਰਜੀਤ ਸਿੰਘ ਲੀਹਲ ਤੋਂ ਅਦਾਰਾ ਅੰਬੇਦਕਰ ਟਾਈਮਜ਼ ਨੂੰ ਪ੍ਰਾਪਤ ਜਾਣਕਾਰੀ ਅਨੁਸਾਰ ਗਦਰੀ ਬਾਬਾ ਜੀ ਦੇ ਪਰਿਵਾਰਕ ਮੈਂਬਰ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਭਾਗ ਲੈਣਗੇ।



ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਕਨੇਡਾ ਦੇ ਪ੍ਰਧਾਨ ਅਮਰਜੀਤ ਸਿੰਘ ਲੀਲ

ਗਦਰੀ ਬਾਬਾ ਜੀ ਦੇ ਸਪੁੱਤਰ ਲਕਛਮੀ ਦਾਸ ਗੰਗੜ, ਧਰਮਵੀਰ ਗੰਗੜ,ਪੋਤਰਾ ਯੋਧਾ ਮੱਲ ਗੰਗੜ ਅਤੇ ਪੋਤਰੀ ਸਨੇਹ ਲਤਾ ਸੰਧੂ ਅਤੇ ਪੋਤ ਜਵਾਈ ਹੰਸਰਾਜ ਸੰਧੂ ਪਰਵਿਾਰਾਂ ਸਮੇਤ ਆਪਣੀ ਹਾਜਰੀ ਲਵਾਉਣਗੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਸ਼ੰਕਾ-ਨਵਿਰਤੀ- 33



**ਮੇਘ ਰਾਜ ਮਿੱਤਰ**
**+91-98887-87440**

? ਸਭ ਨਦੀਆਂ ਅਤੇ ਦਰਿਆਵਾਂ ਵਿੱਚ ਮਗਰਮੱਛ ਕਿਉਂ ਨਹੀਂ ਹੁੰਦੇ?

* ਕੁਝ ਨਦੀਆਂ ਅਤੇ ਦਰਿਆਵਾਂ ਵਿੱਚ ਖੁਰਾਕੀ ਤੱਤ ਉਪਲਬਧ ਨਹੀਂ ਹੁੰਦੇ। ਇਸ ਲਈ ਅਜਿਹੇ ਥਾਵਾਂ 'ਤੇ ਮਗਰਮੱਛ ਨਹੀਂ ਹੁੰਦੇ।

? ਸ਼ਹਿਦ ਦੀਆਂ ਮੱਖੀਆਂ ਇਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ ਗੋਲਾਈ ਵਿਚ ਹੀ ਉੱਡਦੀਆਂ ਹਨ? ਸਿੱਧੀਆਂ ਕਿਉਂ ਨਹੀਂ ਉੱਡਦੀਆਂ।

* ਇਹ ਮੱਖੀਆਂ ਦਾ ਇਕ ਦੂਜੀ ਨੂੰ ਆਪਣੇ ਨਿਸ਼ਾਨੇ ਤੇ ਜਾਣ ਲਈ ਰਸਤਾ ਸਮਝਾਉਣ ਦਾ ਢੰਗ ਹੁੰਦਾ ਹੈ।

? ਡੱਡੂ ਅਤੇ ਮੱਛੀਆਂ ਲੰਮਾ ਸਮਾਂ ਪਾਣੀ ਵਿਚ ਕਿਵੇਂ ਰਹਿੰਦੇ ਹਨ? ਉਹਨਾਂ ਨੂੰ ਸਾਹ ਕਿਵੇਂ ਆਉਂਦਾ ਹੈ?

* ਡੱਡੂ ਅਤੇ ਮੱਛੀਆਂ ਦੀ ਸਾਹ ਪ੍ਰਣਾਲੀ ਇਸ ਢੰਗ ਨਾਲ ਵਿਕਸਿਤ ਹੋਈ ਹੁੰਦੀ ਹੈ ਕਿ ਉਹ ਲੰਬਾ ਸਮਾਂ ਸਾਹ ਕਿਰਿਆ ਤੋਂ ਬਗੈਰ ਰਹਿ ਸਕਦੇ ਹਨ ਅਤੇ ਬਹੁਤੀਆਂ ਹਾਲਤਾਂ ਵਿਚ ਤਾਂ ਇਹ ਪਾਣੀ ਵਿਚ ਘੁਲੀ ਹੋਈ ਆਕਸੀਰਜਨ ਰਾਹੀਂ ਹੀ ਸਾਹ ਲੈਂਦੇ ਹਨ।

? ਮਿਰਚ (ਲਾਲ ਜਾਂ ਹਰੀ) ਖਾਣ ਜਾਂ ਨਾ ਖਾਣ ਨਾਲ ਸਾਡੇ ਦਿਮਾਗ '2ਤੇ ਕੀ ਪ੍ਰਭਾਵ ਪੈਂਦਾ ਹੈ।

* ਲਾਲ ਮਿਰਚ ਤੇ ਹਰੀ ਮਿਰਚ ਵਿੱਚ ਕੁਝ ਅਜਿਹੇ ਰਸਾਇਣਿਕ ਪਦਾਰਥ ਹੁੰਦੇ ਹਨ ਜਿਹੜੇ ਸਰੀਰ ਦੇ ਅੰਦਰੂਨੀ ਅੰਗਾਂ ਲਈ ਨੁਕਸਾਨ-ਦੇਹ ਹੁੰਦੇ ਹਨ।

? ਜਿਹੜੇ ਸੱਪਾਂ ਦੀ ਲੰਬਾਈ 6-7 ਇੰਚ ਹੁੰਦੀ ਹੈ ਅਤੇ ਰੰਗ ਕਾਲਾ, ਇਹ ਸੱਪ ਕਿੰਨੇ ਕੁ ਖਤਰਨਾਕ ਹੁੰਦੇ ਹਨ।

* ਇਹ ਸੱਪਾਂ ਦੀ ਕਿਸਮ ਤੇ ਨਿਰਭਰ ਕਰਦਾ ਹੈ। ਜੇ ਇਹ ਬੱਚੇ ਕੋਬਰੇ ਜਾਂ ਬਾਈਪਰ ਦੇ ਹੋਣਗੇ ਤਾਂ ਕਾਫੀ ਜ਼ਹਿਰੀਲੇ ਹੋ ਸਕਦੇ ਹਨ।

? ਕਈ ਜਾਨਵਰਾਂ ਤੇ ਸਿੰਗ ਹੁੰਦੇ ਹਨ। ਉਹ ਕਿਉਂ ਹੁੰਦੇ ਹਨ?

* ਕਰੋੜਾਂ ਵਰ੍ਹਿਆਂ ਤੋਂ ਜਾਨਵਰਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਜੀਵਨ-ਸੰਘਰਸ਼ ਕਰਨਾ ਪਿਆ। ਇਸ ਲਈ ਉਨ੍ਹਾਂ ਨੇ ਆਪਣੇ ਬਚਾਓ ਸਾਧਨ ਵਿਕਸਤ ਕਰ ਲਏ ਹਨ।

ਜਿਵੇਂ ਸੱਪ ਡੰਗ ਦਾ ਸਹਾਰਾ ਲੈਂਦਾ ਹੈ ਗਿਰਗਿਟ ਰੰਗ ਬਦਲਦਾ ਹੈ, ਗੁਲਾਬ ਨੇ ਕੰਡੇ ਉਗਾ ਲਏ ਹਨ। ਇਸੇ ਤਰ੍ਹਾਂ ਜਾਨਵਰਾਂ ਦੇ ਸਿੰਗ ਵੀ ਉਹਨਾਂ ਦੇ ਬਚਾਓ ਹਥਿਆਰ ਹਨ।

? ਕੀ ਪਿੱਪਲ ਤੇ ਬਰੋਟਾ 24 ਘੰਟੇ ਹੀ ਆਕਸੀਜਨ ਛੱਡਦੇ ਹਨ? ਜਾਂ ਫਿਰ ਆਕਾਰ ਵਿਚ ਵੱਡੇ ਹੋਣ ਕਰਕੇ ਹੀ ਇਹ ਆਕਸੀਜਨ ਛੱਡਦੇ ਹਨ। ਕੀ ਕੋਈ ਐਸਾ ਦਰਖਤ ਜਿਹੜਾ 24 ਘੰਟੇ ਆਕਸੀਜਨ ਛੱਡਦਾ ਹੋਵੇ।

* ਅਜਿਹਾ ਕੋਈ ਦਰਖਤ ਨਹੀਂ ਹੈ ਜਿਹੜਾ 24 ਘੰਟੇ ਆਕਸੀਜਨ ਛੱਡਦਾ ਰਹਿੰਦਾ ਹੋਵੇ। ਹਰੇਕ ਹਰੀ ਵਸਤੂ ਸੂਰਜ ਦੀ ਰੌਸ਼ਨੀ ਵਿਚ ਹੀ ਪ੍ਰਕਾਸ਼-ਸੰਸ਼ਲੇਸ਼ਣ ਕਰਦੀ ਹੈ ਜਿਸ ਨਾਲ ਆਕਸੀਜਨ ਪੈਦਾ ਹੁੰਦੀ ਹੈ। ਰਾਤ ਨੂੰ ਸੂਰਜ ਦੀ ਰੌਸ਼ਨੀ ਨਹੀਂ ਹੁੰਦੀ। ਇਸ ਲਈ ਪ੍ਰਕਾਸ਼ ਸੰਸਲੇਸ਼ਣ ਦੀ ਕਿਰਿਆ ਨਹੀਂ ਹੁੰਦੀ।

? ਆਂਡੇ ਵਿਚ ਚੂਚੇ ਨੂੰ ਆਕਸੀਜਨ ਕਿੱਥੋਂ ਪ੍ਰਾਪਤ ਹੁੰਦੀ ਹੈ।

* ਆਂਡੇ ਵਿਚ ਚੂਚੇ ਦੀ ਹਰਕਤ ਬਹੁਤ ਘੱਟ ਹੁੰਦੀ ਹੈ। ਇਸ ਲਈ ਉਸਨੂੰ ਆਕਸੀਜਨ ਦੀ ਲੋੜ ਵੀ ਬਹੁਤ ਘੱਟ ਹੁੰਦੀ ਹੈ। ਇੰਨੀ ਕੁ ਆਕਸੀਜਨ ਆਂਡੇ ਵਿਚੋਂ ਮਿਲ ਜਾਂਦੀ ਹੈ।

? ਕੀੜਿਆਂ ਨੂੰ ਅਮਰੂਦ ਅੰਦਰ ਆਕਸੀਜਨ ਕਿੱਥੋਂ ਪ੍ਰਾਪਤ ਹੁੰਦੀ ਹੈ।

* ਥੋੜ੍ਹੀ ਜਿਹੀ ਆਕਸੀਜਨ ਅਮਰੂਦ ਵਿਚ ਹੁੰਦੀ ਹੈ ਜੋ ਉਹ ਪ੍ਰਾਪਤ ਕਰ ਲੈਂਦੇ ਹਨ।

? ਕਈ 'ਡਾਬਰਮੈਨ' ਕੁੱਤਿਆਂ ਦੀਆਂ ਪੂਛਾਂ ਅਕਸਰ ਕਟਾਈਆਂ ਜਾਂਦੀਆਂ ਹਨ। ਅਜਿਹਾ ਕਿਉਂ ਕੀਤਾ ਜਾਂਦਾ ਹੈ?

* ਕੁੱਤਿਆਂ ਦੀਆਂ ਪੂਛਾਂ ਇਸ ਲਈ ਕਟਾਈਆਂ ਜਾਂਦੀਆਂ ਹਨ ਕਿ ਉਹ ਸ਼ੁਭ ਸਮੇਂ ਪੂਛ ਨਾ ਹਿਲਾ ਸਕਣ। ਇਹ ਅੰਧ-ਵਿਸ਼ਵਾਸ ਹੀ ਹੈ।

? ਮਿੱਤਰ ਜੀ ਤਿਤਲੀ ਦੀਆਂ ਅੱਖਾਂ ਵਿਚ 1700 ਲੈੱਜ਼ ਕਿਉਂ ਹੁੰਦੇ ਹਨ ਜਦ ਕਿ ਮਨੁੱਖ ਦੀ ਅੱਖ ਵਚ ਇੱਕ ਹੀ।

* ਅਸਲ ਵਿਚ ਤਿਤਲੀ ਦਾ ਵਿਕਾਸ ਕਿੰਝ ਅਤੇ ਕਿਸ ਜੀਵ ਤੋਂ ਕਿੰਨ੍ਹਾਂ ਪ੍ਰਸਥਿਤੀਆਂ ਵਿਚ ਹੋਇਆ ਹੈ। ਇਸ ਦੀ ਅੱਖ ਵਿਚ ਲੈਨਜ਼ਾਂ ਦੀ ਗਿਣਤੀ ਇਸ ਗੱਲ ਤੇ ਨਿਰਭਰ ਕਰਦੀ ਹੈ। ਮਨੁੱਖ ਦਾ ਵਿਕਾਸ ਬਾਂਦਰ ਤੋਂ ਹੋਇਆ ਹੈ ਜਿਨ੍ਹਾਂ ਦੀਆਂ ਅੱਖਾਂ ਵਿਚ ਇਕ ਹੀ ਲੈਨਜ ਸੀ।

? ਪਹਿਲਾਂ ਜਨਮ ਕਿਸ ਦਾ ਹੋਇਆ। ਕਬੂਤਰੀ ਜਾਂ ਆਂਡਾ।

* ਪਹਿਲਾਂ ਆਂਡਾ ਹੀ ਪੈਦਾ ਹੋਇਆ, ਕਿਉਂਕਿ ਉਹ ਪਹਿਲਾ ਸੈਲ ਜਿਸ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ ਉਹ ਆਂਡੇ ਵਿਚ ਹੁੰਦਾ ਹੈ। ਬਾਕੀ ਸੈਲ ਤਾਂ ਹੀ ਹੁੰਦੇ ਹਨ।

? ਆਤਮਾ ਅਤੇ ਚੇਤਨਾ ਵਿਚ ਕੀ ਫ਼ਰਕ ਹੈ।

* ਆਤਮਾ ਦੀ ਕੋਈ ਹੋਂਦ ਨਹੀਂ ਇਹ ਕਾਲਪਨਿਕ ਸ਼ਬਦ ਹੈ। ਚੇਤਨਾ ਜਾਂ ਮਨ ਦਿਮਾਗ ਤੇ ਨਿਊਰੋਨਾਂ ਵਿਚ ਹੋਣ ਵਾਲੀ ਰਸਾਇਣਕ ਕਿਰਿਆਵਾਂ ਦਾ ਸਿੱਟਾ ਹਨ।

? ਹਰ ਅਲੱਗ-ਅਲੱਗ ਪੌਦਿਆਂ ਦੇ ਫੁੱਲਾਂ ਦਾ ਰੰਗ ਅਲੱਗ ਕਿਉਂ ਹੁੰਦਾ ਹੈ।

* ਹਰ ਕਿਸਮ ਦੇ ਫੁੱਲਾਂ ਦੀ ਰਸਾਇਣਕ ਬਣਤਰ ਵੱਖ-ਵੱਖ ਹੁੰਦੀ ਹੈ। ਕਈ ਫੁੱਲ ਅਜਿਹੇ ਪਦਾਰਥਾਂ ਦੇ ਬਣੇ ਹੁੰਦੇ ਹਨ ਜਿਹੜੇ ਕੇਵਲ ਰੋਸ਼ਨੀ ਦੇ ਸੱਤ ਰੰਗਾਂ ਵਿਚੋਂ ਇੱਕ ਰੰਗ ਹੀ ਪ੍ਰਗਟ ਕਰਦੇ ਹਨ। ਕੁਝ ਹੋਰਾਂ ਵਿਚ ਅਜਿਹੇ ਪਦਾਰਥ ਹੁੰਦੇ ਹਨ ਜਿਹੜੇ ਬਾਕੀ ਛੇ ਰੰਗ ਚੂਸ ਲੈਂਦੇ ਹਨ, ਸਿਰਫ ਨੀਲਾ ਪਰਿਵਰਤਿਤ ਕਰਦੇ ਹਨ।

? ਉਹ ਪੰਛੀ ਦਾ ਨਾਂ ਦੱਸੋ ਜਿਹੜੇ ਥਣਧ-ਾਰੀ ਹੁੰਦੇ ਹਨ ਜੇਕਰ ਥਣਦਾਰੀ ਪੰਛੀ ਹੁੰਦੇ ਹਨ ਤਾਂ ਕਿਹੜੇ ਖੇਤਰ ਵਿਚ ਰਹਿੰਦੇ ਹਨ।

* ਚਾਮਚੜਿੱਕਾਂ ਆਮ ਤੌਰ 'ਤੇ ਥਣਧਾਰੀ ਹੁੰਦੀਆਂ ਹਨ। ਇਹ ਆਮ ਤੌਰ 'ਤੇ ਹਨੇਰੀਆਂ ਥਾਵਾਂ ਤੇ ਰਹਿੰਦੀਆਂ ਹਨ।

? ਕੀ ਪਸ਼ੂਆਂ ਨੂੰ ਦੁੱਧ ਚੋਣ ਵੇਲੇ ਲਗਾਏ ਜਾਂਦੇ ਔਕਰੀਟੋਸ਼ਨ ਦੇ ਟੀਕੇ ਦੁੱਧ ਪੀਣ ਵਾਲਿਆਂ ਉੱਪਰ ਵੀ ਕੋਈ ਬੁਰਾ ਪ੍ਰਭਾਵ ਪੈਂਦਾ ਹੈ। ਕੀ ਇਸਦਾ ਪਸ਼ੂ ਉੱਪਰ ਵੀ ਕੋਈ ਬੁਰਾ ਪ੍ਰਭਾਵ ਪੈਂਦਾ ਹੈ।

* ਦੁੱਧ ਚੋਣ ਵੇਲੇ ਲਗਾਏ ਜਾਂਦੇ ਟੀਕਿਆਂ ਦਾ ਮਨੁੱਖੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ। ਪਸ਼ੂਆਂ ਤੇ ਵੀ ਇਸ ਦਾ ਕੋਈ ਚੰਗਾ ਪ੍ਰਭਾਵ ਨਹੀਂ ਹੁੰਦਾ। ਇਸਦੀ ਵਰਤੋਂ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ।

? ਜਦੋਂ ਕੋਕਰੇਚ ਦਾ ਗਲ਼ ਕੱਟਿਆ ਜਾਂਦਾ ਹੈ। ਉਹਨਾਂ ਦੇ ਨੌ ਦਿਨਾਂ ਤੱਕ ਜਿਉਂਦੇ ਰਹਿਣ ਦਾ ਕੀ ਕਾਰਨ ਹੈ।

* ਕੋਕਰੇਚ ਦਾ ਦਿਮਾਗ ਅਤੇ ਤਤੂੰ ਪ੍ਰਬੰਧ ਸਿਰ ਵਿਚ ਨਹੀਂ ਹੁੰਦਾ ਸਗੋਂ ਸਰੀਰ ਵਿਚ ਵੱਖ-ਵੱਖ ਭਾਗਾਂ ਵਿਚ ਹੁੰਦਾ ਹੈ। ਇਸ ਲਈ ਇਹ ਜਿਉਂਦਾ ਰਹਿ ਸਕਦਾ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਭਾਸ਼ਾ ਤੇ ਵਿਦੇਸ਼ੀ ਪੰਜਾਬੀ ਭਾਈਚਾਰਾ

ਜਗੀਰ ਸਿੰਘ ਜਗਤਾਰ
94179-71600

ਪੰਜਾਬੀ ਭਾਸ਼ਾ ਦੀ ਮੁੱਖ ਭੂਮੀ ਪੰਜਾਬ ਹੈ। ਇਸ ਜ਼ੁਬਾਨ ਨੂੰ ਬੋਲਣ ਵਾਲੇ ਉਨ੍ਹਾਂ ਪੰਜ ਪਾਣੀਆਂ ਭਾਵ ਪੰਜ ਦਰਿਆਵਾਂ ਦੀ ਧਰਤੀ ਦੇ ਜੰਮਪਲ ਹਨ, ਜੋ ਹੁਣ 'ਚੜ੍ਹਦਾ ਪੰਜਾਬ' (ਭਾਰਤ) ਅਤੇ 'ਲਹਿੰਦਾ ਪੰਜਾਬ' (ਪਾਕਿਸਤਾਨ) ਦੇ ਰੂਪ ਵਿਚ ਵੰਡੀ ਹੋਈ ਹੈ। ਖੇਤਰਫਲ ਅਤੇ ਪੰਜਾਬੀ ਬੋਲਣ ਵਾਲੀ ਵੱਸੋਂ ਦੇ ਪੱਖੋਂ ਲਹਿੰਦਾ ਪੰਜਾਬ ਵੱਡਾ ਹੈ, ਪਰ ਉਥੇ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਕੋਈ ਮਾਣ ਸਤਿਕਾਰ ਨਹੀਂ ਹੈ। ਉਰਦੂ ਭਾਸ਼ਾ ਬੋਲੀ ਜਾਣੀ ਸਭਿਆ ਵਰਗ ਵਿਚ ਸ਼ੁਮਾਰ ਹੋਣ ਦਾ ਪ੍ਰਤੀਕ ਸਮਝੀ ਜਾਂਦੀ ਹੈ। ਇਸ ਤਰ੍ਹਾਂ ਦੀ ਸੋਚ 'ਤੇ ਕੱਟੜ ਧਾਰਮਿਕ ਮਾਨਸਿਕਤਾ ਦਾ ਵੀ ਪ੍ਰਭਾਵ ਹੈ, ਜਦੋਂ ਕਿ ਭਾਸ਼ਾ ਦੇ ਨਿਕਾਸ ਤੇ ਵਿਕਾਸ ਦਾ ਧਾਰਮਿਕਤਾ ਨਾਲ ਕੋਈ ਸਬੰਧ ਨਹੀਂ ਹੁੰਦਾ।

ਦੇਸ਼ ਵੰਡਾਰੇ ਉਪਰੰਤ ਪੰਜਾਬੀਆਂ ਦਾ ਦੂਜਾ ਘਰ ਚੜ੍ਹਦਾ ਪੰਜਾਬ ਹੈ, ਜਿਸ ਦੀ ਰਾਜ ਪ੍ਰਬੰਧਕ ਹੱਦਬੰਦੀ ਭਾਸ਼ਾ ਦੇ ਆਧਾਰ 'ਤੇ ਹੁੰਦੀ ਹੈ। ਇੱਥੇ ਪੰਜਾਬੀ ਭਾਸ਼ਾ ਦੀ ਦਫਤਰਾਂ, ਵਿਦਿਅਕ ਖੇਤਰ ਵਿਚ ਲਹਿੰਦੇ ਪੰਜਾਬ ਨਾਲੋਂ ਵਧੇਰੇ ਗੱਲ ਹੁੰਦੀ ਹੈ। ਇਸ ਨੂੰ ਕਾਨੂੰਨ ਅਨੁਸਾਰ ਰਾਜ ਭਾਸ਼ਾ ਦਾ ਦਰਜਾ ਵੀ ਮਿਲਿਆ ਹੋਇਆ ਹੈ, ਪਰ ਸਰਕਾਰੇ ਦਰਬਾਰੇ ਬੈਠੇ ਇਸ ਦੇ ਆਪਣੇ ਹੀ 'ਸਪੂਤ' ਦੀ ਅਣਗਹਿਲੀ ਕਾਰਨ ਇਸ ਦੀ ਦਫਤਰਾਂ, ਕਚਹਿਰੀਆਂ ਅਤੇ ਕਾਰੋਬਾਰੀ ਖੇਤਰ ਵਿਚ ਪੂਰੀ ਪੁੱਛ ਨਹੀਂ ਹੈ। ਇੱਥੇ ਵੀ ਲਹਿੰਦੇ ਪੰਜਾਬ ਵਿਚ ਉਰਦੂ ਭਾਸ਼ਾ ਦੀ ਤਰ੍ਹਾਂ ਹਿੰਦੀ ਅਤੇ ਅੰਗਰੇਜ਼ੀ ਬੋਲੀ ਜਾਣੀ ਸਟੇਟਸ ਸਿੰਬਲ ਸਮਝਿਆ ਜਾਂਦਾ ਹੈ। ਇੱਥੇ ਵੀ ਪੰਜਾਬੀਆਂ ਦਾ ਇਕ ਹਿੱਸਾ ਭਾਸ਼ਾ ਨੂੰ ਧਰਮ ਨਾਲ ਜੋੜਨ ਦੀ ਸੰਕੀਰਣਤਾ ਦਾ ਸ਼ਿਕਾਰ ਹੈ।

ਵਪਾਰਕ ਅਤੇ ਕਾਰੋਬਾਰੀ ਖੇਤਰ ਤੋਂ ਤਾਂ ਲੱਗਭੱਗ ਸਭ ਨੇ ਮਾਤ ਭਾਸ਼ਾ ਪੰਜਾਬੀ ਨੂੰ ਦੂਰ ਹੀ ਰੱਖਿਆ ਹੋਇਆ ਹੈ। ਦੁਕਾਨਾਂ ਦੇ ਨਾਂ ਅਤੇ ਬੋਰਡ ਅੰਗਰੇਜ਼ੀ ਅਤੇ ਹਿੰਦੀ ਵਿਚ ਲਿਖਣ ਨੂੰ ਕਾਰੋਬਾਰ ਬਾਰੇ ਵਰਤਮਾਨ ਸਮੇਂ ਦੀ ਸਮਝ ਅਤੇ ਪਰਵੀਣਤਾ ਮੰਨਿਆ ਜਾ ਰਿਹਾ ਹੈ। ਸਰਕਾਰਾਂ ਦੀ ਸਿੱਖਿਆ ਪ੍ਰਦਾਨ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਜਨਸਮੂਹ ਨੂੰ ਆਪਣੇ ਬੱਚੇ ਨਿੱਜੀ ਖੇਤਰ ਦੇ ਅੰਗਰੇਜ਼ੀ ਸਕੂਲਾਂ ਵੱਲ ਲੈ ਜਾਣ ਦਾ ਵਾਤਾਵਰਣ ਸਿਰਜਦੀਆਂ ਹਨ। ਉਹ ਸਰਕਾਰੀ ਸਕੂਲਾਂ ਵਿਚ ਜਿੱਥੇ ਪੰਜਾਬੀ ਪੜ੍ਹਾਈ ਜਾਂਦੀ ਹੈ, ਅਧਿਆਪਕਾਂ ਦੀ ਘਾਟ ਅਤੇ ਸਕੂਲਾਂ ਦੇ ਮਾੜੇ ਪ੍ਰਬੰਧ ਰਾਹੀਂ ਲੋਕਾਂ ਦਾ ਰੁਝਾਨ ਨਿੱਜੀ ਖੇਤਰ ਦੇ ਸਕੂਲਾਂ ਵੱਲ ਕਰ ਰਹੀਆਂ ਹਨ, ਜਿੱਥੋਂ ਪੰਜਾਬੀ ਨੂੰ ਦੂਰ ਰੱਖਣਾ ਅਦਾਰੇ ਦੇ ਮਿਆਰੀ ਹੋਣ ਦਾ ਪ੍ਰਤੀਕ ਬਣਾਇਆ ਜਾਂਦਾ ਹੈ।

ਇਸ ਸਥਿਤੀ ਵਿਚ ਰੋਜ਼ਗਾਰ ਲਈ ਵਿਦੇਸ਼ ਜਾਂਦੇ ਪੰਜਾ-ਬੀਆਂ ਨੇ ਸਦਾ ਹੀ ਆਪਣੀ ਜਨਮ ਭੂਮੀ ਅਤੇ ਭਾਸ਼ਾ ਨੂੰ ਬਣਦਾ ਮਹੱਤਵ ਦਿੱਤਾ ਹੈ। ਜੇ ਸਦੀ ਪਹਿਲਾਂ ਰੋਜ਼ੀ ਰੋਟੀ ਲਈ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿਚ ਗਏ ਪੰਜਾਬੀਆਂ ਨੇ ਗਦਰ ਪਾਰਟੀ ਦਾ ਗਠਨ ਕਰਕੇ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕੀਤਾ ਤਾਂ ਅਜੋਕੀ ਪੀੜ੍ਹੀ ਦੇ ਕੈਨੇਡਾ ਗਏ ਪੰਜਾਬੀਆਂ ਨੇ ਰਾਜਨੀਤਿਕ ਅਤੇ ਭਾਸ਼ਾਈ ਚੇਤਨਾ ਸਦਕਾ ਪੰਜਾਬ, ਪੰਜਾਬੀ ਭਾਸ਼ਾ ਅਤੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਉਹਨਾਂ ਜਿੱਥੇ ਪੂਰੀ ਮਿਹਨਤ ਮੁਸ਼ੱਕਤ ਕਰਕੇ ਕਾਰੋਬਾਰੀ ਖੇਤਰ ਵਿਚ ਆਪਣੀ ਸਥਿਤੀ ਮਜ਼ਬੂਤ ਕੀਤੀ ਹੈ, ਉਥੇ ਮਾਤ ਭਾਸ਼ਾ ਪੰਜਾਬੀ ਨੂੰ ਵੀ ਚੇਤੇ ਰੱਖਿਆ ਹੈ। ਸਾਲ 2011 ਵਿਚ ਕੈਨੇਡਾ 'ਚ ਹੋਈ ਮਰਦ-ਮਸ਼ੁਮਾਰੀ ਵਿਚ 4,30,705 ਵਿਅਕਤੀਆਂ ਨੇ ਆਪਣੀ ਭਾਸ਼ਾ ਪੰਜਾਬੀ ਲਿਖਵਾਈ ਹੈ। ਇਸ ਵਿਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਤੋਂ ਜਾ ਕੇ ਕੈਨੇਡਾ ਵੱਸੇ ਪੰਜਾਬੀ ਸ਼ਾਮਲ ਹਨ। ਇਨ੍ਹਾਂ ਵਿਚ ਪੰਜਾਬੀ ਪਰਿਵਾਰਾਂ ਵਿਚ ਉਥੇ ਪੈਦਾ ਹੋਈ ਪੀੜ੍ਹੀ ਵੀ ਸ਼ਾਮਲ ਹੈ। ਇਸ ਤਰ੍ਹਾਂ ਉਥੋਂ ਦੀ ਵੱਸੋਂ ਵਿਚ 1.3 ਫੀਸਦੀ ਹਿੱਸਾ ਬਣੇ ਪੰਜਾਬੀ ਆਪਣੀ ਚੇਤਨਾ, ਮਿਲਵਰਤਨ ਅਤੇ ਸਰਗਰਮੀਆਂ ਸਦਕਾ ਉਥੋਂ ਦੇ ਰਾਜਕਾਜ ਵਿਚ ਨਾ ਕੇਵਲ ਆਪਣੀ ਹਿੱਸੇਦਾਰੀ 6 ਫੀਸਦੀ ਕਰ ਲਈ ਹੈ, ਸਗੋਂ ਮਾਤ ਭਾਸ਼ਾ ਪੰਜਾਬੀ ਨੂੰ ਉਥੋਂ ਦੀ ਸੰਸਦ ਵਿਚ ਤੀਸਰੀ ਭਾਸ਼ਾ ਹੋਣ ਦਾ ਮਾਣ ਦਿਵਾਇਆ ਹੈ। ਕੈਨੇਡਾ ਵਿਚ ਇਸ (2015) ਸਾਲ ਦੇ ਅਕਤੂਬਰ ਮਹੀਨੇ ਹੋਈਆਂ ਹਾਊਸ ਆਫ ਕਾਮਨਜ਼ ਦੀਆਂ ਚੋਣਾਂ ਵਿਚ 338 ਮੈਂਬਰੀ ਪਾਰਲੀਮੈਂਟ ਵਿਚ ਉਥੋਂ ਦੇ ਸ਼ਹਿਰੀ ਬਣੇ ਏਸ਼ੀਮਾਨਾ ਵਿਚੋਂ 23 ਮੈਂਬਰ ਜਿੱਤੇ ਹਨ, ਜਿਹਨਾਂ ਵਿਚ 20 ਭਾਰਤੀ, 2 ਪਾਕਿਸਤਾਨੀ ਅਤੇ ਇਕ ਮਰਿਆਮ ਮੁੰਸਫ ਅਫਗਾਨਿਸਤਾਨੀ ਪਿਛੋਕੜ ਤੋਂ ਹੈ।

ਇਨ੍ਹਾਂ 23 ਮੈਂਬਰਾਂ ਵਿਚ ਪਾਕਿਸਤਾਨ ਦੇ ਇਕਰਾ ਖਾਲਿਤ ਅਤੇ ਸਲਮਾ ਜਾਹਿਦ ਸਮੇਤ 20 ਪੰਜਾਬੀ ਮੈਂਬਰ ਚੁਣੇ ਗਏ ਹਨ, ਜਿਹਨਾਂ ਵਿਚੋਂ 6 ਇਸਤਰੀ ਮੈਂਬਰ ਹਨ।

ਦੋ ਗੈਰ ਪੰਜਾਬੀ ਭਾਰਤੀ ਮੈਂਬਰਾਂ ਗੈਰੀ ਆਨੰਦਾ-ਸੰਗਰੀ ਅਤੇ ਚੰਦਰ ਅਰੀਯ ਸ਼ਾਮਲ ਹਨ। ਵੀਹ ਪੰਜਾਬੀ ਮੈਂਬਰਾਂ ਵਿਚ ਜੇਤੂ ਰਹੀ ਲਿਬਰਲ ਪਾਰਟੀ ਦੇ 18 ਅਤੇ 2 ਕੰਸਰਵੇਟਿਵ ਪਾਰਟੀ ਦੇ ਮੈਂਬਰ ਸ਼ਾਮਲ ਹਨ। ਇਸ ਤਰ੍ਹਾਂ ਪੰਜਾਬੀ ਉਥੋਂ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਵਿਚ ਸਰਗਰਮ ਹਨ। ਇਹ ਜੇਤੂ ਮੈਂਬਰ ਪੰਜਾਬੀ ਜਾਂ ਭਾਰਤੀ ਵਸੋਂ ਦੇ ਖੇਤਰਾਂ ਵਿਚੋਂ ਹੀ ਨਹੀਂ ਹਨ, ਸਗੋਂ ਅੰਗਰੇਜ਼ੀ, ਫਰੈਂਚ ਅਤੇ ਹੋਰ ਭਾਸ਼ਾਵਾਂ ਬੋਲਣ ਵਾਲੀ ਵਸੋਂ ਵਾਲੇ ਖੇਤਰਾਂ ਵਿਚੋਂ ਵੀ ਸਫਲ ਹੋਏ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਆਪਣੇ ਕੰਮ ਅਤੇ ਸਮਾਜੀ ਸੰਪਰਕ ਦੀ ਹਰਮਨ ਪਿਆਰਤਾ ਸਹਾਰੇ ਜਿੱਤ ਹਾਸਲ ਕੀਤੀ ਹੈ।

ਪੰਜਾਬੀਆਂ ਨੂੰ ਕੈਨੇਡਾ ਦੀਆਂ ਇਸ ਵਾਰ ਦੀਆਂ ਚੋਣਾਂ ਵਿਚ ਕੇਵਲ ਪਹਿਲੀਆਂ ਚੋਣਾਂ ਨਾਲੋਂ ਲੱਗਭੱਗ ਤਿੱਗਣੀ ਪ੍ਰਤੀਨਿਧਤਾ ਮਿਲੀ ਹੈ, ਸਗੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਚਾਰ ਪੰਜਾਬੀਆਂ ਹਰਜੀਤ ਸਿੰਘ ਸੱਜਣ, ਨਵਦੀਪ ਸਿੰਘ ਬੈਂਸ, ਅਮਰਜੀਤ ਸੋਹੀ ਅਤੇ ਬੀਬੀ ਬਰਦੀਸ਼ ਚੱਗੜ ਨੂੰ ਮੰਤਰੀ ਮੰਡਲ 'ਚ ਵੀ ਸ਼ਾਮਲ ਕੀਤਾ ਹੈ।

ਇਹੋ ਹੀ ਨਹੀਂ, ਸਗੋਂ ਸਭ ਨੂੰ ਅਹਿਮ ਵਿਭਾਗ ਦਿੱਤੇ ਹਨ, ਖਾਸ ਕਰਕੇ ਸ੍ਰੀ ਸੱਜਣ ਨੂੰ ਸੁਰੱਖਿਆ ਮੰਤਰੀ ਬਣ-ਾਇਆ ਗਿਆ ਹੈ। ਇਹ ਨਿਯੁਕਤੀਆਂ ਉਨ੍ਹਾਂ ਦੀ ਯੋਗਤਾ ਨੂੰ ਮੁੱਖ ਰੱਖ ਕੇ ਕੀਤੀਆਂ ਗਈਆਂ ਹਨ।

ਇਸ ਸਮੇਂ ਕੈਨੇਡਾ ਵਿਚ ਇਕ ਕੈਨੇਡੀਅਨ (ਭਾਰਤੀ ਮੂਲ) ਦੀ ਵਸੋਂ 13 ਲੱਖ ਤੋਂ ਕੁਝ ਵੱਧ ਹੈ। ਇਨ੍ਹਾਂ ਚੋਣਾਂ ਵਿਚ ਲੱਗਭੱਗ 50 ਭਾਰਤੀ ਮੂਲ ਦੇ ਕੈਨੇਡੀਅਨਾਂ ਨੇ ਭਾਗ ਲਿਆ, ਜਿਹਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਹੈ। ਇਨ੍ਹਾਂ ਵਿਚੋਂ 20 ਜੇਤੂ ਰਹੇ ਅਤੇ ਹਾਰਨ ਵਾਲੇ 30 ਉਮੀਦਵਾਰਾਂ ਵਿਚ ਕਈ ਸਬਕਾ ਮੰਤਰੀ ਅਤੇ ਸਾਂਸਦ ਹਨ, ਉਹ ਵੀ ਉਥੋਂ ਦੀ ਰਾਜਨੀਤੀ ਅਤੇ ਸਮਾਜਿਕ ਜੀਵਨ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਰਹਿਣਗੇ।

ਸੋ ਕੈਨੇਡਾ ਜਾ ਵੱਸੇ ਪੰਜਾਬੀਆਂ ਨੇ ਜਿੱਥੇ ਦੋਹਾਂ ਪੰਜਾਬਾਂ ਦੇ ਵਾਸੀਆਂ ਨੂੰ ਮਾਤ ਭਾਸ਼ਾ ਪੰਜਾਬੀ ਨੂੰ ਵਿਦੇਸ਼ੀ ਧਰਤੀ 'ਤੇ ਯੋਗ ਮਾਣ ਅਤੇ ਸਤਿਕਾਰ ਦੇਣ ਲਈ ਹਲੂਣਿਆ ਹੈ, ਉਥੇ ਚੜ੍ਹਦੇ ਪੰਜਾਬ ਦੀ ਸਰਕਾਰ ਸਾਹਮਣੇ ਵੀ ਇਕ ਵਾਰ ਫਿਰ ਮਾਤ ਭਾਸ਼ਾ ਪੰਜਾਬੀ ਦੀ ਮਹੱਤਤਾ ਦਰਸਾਈ ਹੈ। ਉਨ੍ਹਾਂ ਜਿੱਥੇ ਸਮੂਹ ਪੰਜਾਬੀਆਂ ਨੂੰ ਜਾਤ ਗੋਤ, ਧਰਮ ਅਤੇ ਰੰਗ ਨਸਲ ਤੋਂ ਉਪਰ ਉੱਠ ਕੇ ਆਪਣੇ ਘਰਾਂ ਵਿਚ ਪੰਜਾਬੀ ਬੋਲਣ, ਸਾਰਾ ਕਾਰੋਬਾਰ ਪੰਜਾਬੀ ਵਿਚ ਕਰਨ ਅਤੇ ਪੜ੍ਹਾਈ ਦਾ ਮਾਧਿਅਮ ਪੰਜਾਬੀ ਅਪਣਾਉਣ ਦੀ ਪ੍ਰੇਰਨਾ ਕੀਤੀ ਹੈ। ਉਥੇ ਪੰਜਾਬ ਸਰਕਾਰ ਨੂੰ ਵੀ ਸੁਚੇਤ ਕੀਤਾ ਹੈ ਕਿ ਜੇ ਢੰਗ ਤਰੀਕਾ ਉਹ ਇਸ ਸਮੇਂ ਵਰਤ ਰਹੀ ਹੈ, ਉਹ ਯੂ. ਐਨ. ਓ. ਦੇ ਅਨੁਮਾਨ ਅਨੁਸਾਰ ਆਉਂਦੇ 50 ਸਾਲਾਂ ਵਿਚ ਪੰਜਾਬੀ ਭਾਸ਼ਾ ਦਾ ਅਲੋਪ ਹੋਣ ਵਾਲਾ ਹੈ। ਜੋ ਕੈਨੇਡੀਅਨ ਪੰਜਾਬੀਆਂ ਨੇ ਕੀਤਾ ਅਤੇ ਕਰ ਰਹੇ ਹਨ, ਉਹ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਅਤੇ ਚਿਰੰਜੀਵੀ ਕਰਨ ਦਾ ਮਾਰਗ ਹੈ।

# ਕਾਮਰੇਡ ਚੈਨ ਸਿੰਘ ਚੈਨ ਨਹੀਂ ਰਹੇ- ਦੇਸ਼ ਭਗਤਾਂ ਵੱਲੋਂ ਸੂਹੀ ਸਲਾਮੀ ਨਾਲ ਅੰਤਿਮ ਵਿਦਾਇਗੀ







**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ, ਆਜ਼ਾਦੀ ਸੰਗਰਾਮੀਏਂ, ਭਾਰਤੀ ਕਮਿਊਨਿਸਟ ਪਾਰਟੀ ਦੇ ਜਾਣੇ-ਪਹਿਚਾਣੇ ਆਗੂ, ਕਿਰਤੀ ਪਾਰਟੀ ਦੇ ਸਰਗਰਮ ਘੁਲਾਟੀਏ ਅਤੇ ਲੇਖਕ ਕਾਮਰੇਡ ਚੈਨ ਸਿੰਘ ਚੈਨ ਲੋਕ-ਕਾਫ਼ਲੇ ਨੂੰ ਸਦੀਵੀ ਵਿਛੋੜਾ ਦੇ ਗਏ।

ਬੀਤੀ ਅੱਧੀ ਰਾਤ ਉਹਨਾਂ ਨੇ ਆਪਣੇ ਸਥਾਨਕ ਗਰੀਨ ਪਾਰਕ ਗ੍ਰਹਿ ਵਿਖੇ ਅੰਤਿਮ ਸਾਹ ਲਏ। ਉਸ ਸਮੇਂ ਉਹਨਾਂ ਪਾਸ ਉਹਨਾਂ ਦੀ ਬੇਟੀ ਸਵਿਤਾ ਅਤੇ ਦਾਮਾਦ ਹਾਜ਼ਰ ਸਨ। ਖ਼ਬਰ ਮਿਲਦਿਆਂ ਹੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਉਹਨਾਂ ਦੇ ਗ੍ਰਹਿ ਵਿਖੇ ਪੁੱਜੇ। ਚੈਨ ਸਿੰਘ ਚੈਨ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਹੁੰਦਿਆਂ ਕਮੇਟੀ ਦੇ ਮੈਗਜ਼ੀਨ 'ਵਿਰਸਾ' ਦੇ ਸੰਪਾਦਕੀ ਬੋਰਡ 'ਚ ਸੇਵਾਵਾਂ ਅਦਾ ਕਰਦੇ ਰਹੇ। ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਸੂਹੀ ਲਾਟ' ਦੀ ਸੰਪਾਦਨਾ 'ਚ ਵੀ ਉਹਨਾਂ ਦੀ ਅਹਿਮ ਭੂਮਿਕਾ ਰਹੀ। ਉਹਨਾਂ ਦੀ ਕਲਮ ਤੋਂ 'ਮੇਰਾ ਸਿਆਸੀ ਜੀਵਨ' (ਸਵੈ-ਜੀਵਨੀ), ਕਾਮਰੇਡ ਤੇਜਾ ਸਿੰਘ ਸੁਤੰਤਰ (ਜੀਵਨੀ), ਕਿਰਤੀ ਪਾਰਟੀ (ਦੂਜੀ ਸੰਸਾਰ ਜੰਗ ਸਮੇਂ), 'ਗ਼ਦਰ ਲਹਿਰ ਦੀ ਕਹਾਣੀ, ਗ਼ਦਰੀ ਬਾਬਿਆਂ ਦੀ ਜ਼ੁਬਾਨੀ' ਪੁਸਤਕਾਂ ਦੀ ਸਿਰਜਣਾ ਅਤੇ ਸੰਪਾਦਨਾ ਵੀ ਕੀਤੀ ਗਈ।

98ਵੇਂ ਵਰ੍ਹਿਆਂ ਦੇ ਸਫ਼ਰ 'ਚ ਉਹਨਾਂ ਨੇ ਆਪਣੇ ਸੰਗਰਾਮੀ ਜੀਵਨ ਅਤੇ ਕਲਮੀ ਯੋਗਦਾਨ ਰਾਹੀਂ ਆਵਾਮ ਨੂੰ ਚੇਤਨ ਕਰਨ ਲਈ ਸਰਗਰਮ ਭੂਮਿਕਾ ਨਿਭਾਈ ਤਾਂ ਜੋ ਸਾਡੇ ਮੁਲਕ ਨੂੰ ਦੇਸੀ-ਬਦੇਸੀ ਗ਼ੁਲਾਮੀ ਤੋਂ ਮੁਕਤ ਕਰਵਾਕੇ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਧਰਮ-ਨਿਰਪੱਖ, ਸਾਂਝੀਵਾਲਤਾ ਭਰਿਆ, ਲੋਕਾਂ ਦੀ ਪੁੱਗਤ ਵਾਲਾ ਨਵਾਂ ਨਿਜ਼ਾਮ ਸਿਰਜਿਆ ਜਾ ਸਕੇ। ਕਾਮਰੇਡ ਚੈਨ ਸਿੰਘ ਚੈਨ ਦੇ ਘਰੋਂ ਚੱਲਿਆ ਕਾਫ਼ਲਾ ਉਹਨਾਂ ਦੀ ਮ੍ਰਿਤਕ ਦੇਹ ਦੇਸ਼ ਭਗਤ ਯਾਦਗਾਰ ਹਾਲ ਲੈ ਕੇ ਆਇਆ। ਇਥੇ ਉਹਨਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਟਰੱਸਟੀ ਗੁਰਮੀਤ, ਮੰਗਤ ਰਾਮ ਪਾਸਲਾ ਅਤੇ ਅਮੋਲਕ ਸਿੰਘ ਨੇ ਸ਼ਰਧਾਂਜ਼ਲੀ ਭੇਂਟ ਕੀਤੀਆਂ। ਗ਼ਦਰ ਪਾਰਟੀ ਦਾ ਝੰਡਾ ਉਹਨਾਂ ਦੀ ਮ੍ਰਿਤਕ ਦੇਹ 'ਤੇ ਪਾਇਆ ਅਤੇ ਫੁੱਲਾਂ ਭਰੀ ਰੀਤ ਨਾਲ ਸਲਾਮੀ ਦਿੱਤੀ।

ਇਸ ਮੌਕੇ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ, ਡਾ. ਕਰਮਜੀਤ ਸਿੰਘ, ਰਣਜੀਤ ਸਿੰਘ ਔਲਖ, ਬਲਵੀਰ ਕੌਰ ਬੁੰਡਾਲਾ, ਚਰੰਜੀ ਲਾਲ ਕੰਗਣੀਵਾਲ, ਹਰਬੀਰ ਕੌਰ ਬੰਨੋਆਣਾ, ਹਰਵਿੰਦਰ ਭੰਡਾਲ ਹਾਜ਼ਰ ਸਨ। ਇਸ ਤੋਂ ਇਲਾਵਾ ਕਮੇਟੀ ਸਟਾਫ ਦੇ ਮੈਂਬਰ ਗੁਰਦੀਪ ਸਿੰਘ, ਬਲਵਿੰਦਰ ਕੌਰ, ਸ਼ਾਮ ਲਾਲ, ਭੂਵਨ, ਮੀਰਾਜ਼, ਰਤਨ ਅਤੇ ਰਾਮ ਵੀ ਹਾਜ਼ਰ ਸਨ। ਦੇਸ਼ ਭਗਤ ਹਾਲ ਤੋਂ ਆਕਾਸ਼ ਗੁੰਜਾਊ ਨਾਅਰੇ ਮਾਰਦਾ ਕਾਫ਼ਲਾ ਮਾਡਲ ਟਾਊਨ ਸ਼ਮਸ਼ਾਨ ਘਾਟ ਪੁੱਜਾ। ਜਿੱਥੇ ਕਾਮਰੇਡ ਚੈਨ ਸਿੰਘ ਚੈਨ ਦੀ ਚਿਖਾ ਉਪਰ ਵੱਖ-ਵੱਖ ਸਿਆਸੀ ਜਨਤਕ ਜੱਥੇਬੰਦੀਆਂ ਦੇ ਆਗੂਆਂ ਨੇ ਫੁੱਲ-ਮਾਲਾ ਭੇਂਟ ਕੀਤੀਆਂ।

ਕਾਮਰੇਡ ਚੈਨ ਸਿੰਘ ਚੈਨ ਦੀ ਚਿਖਾ ਨੂੰ ਉਹਨਾਂ ਦੀ ਧੀ ਸਵਿਤਾ ਅਤੇ ਦਾਮਾਦ ਵਟੁਕ ਰਾਵਲ ਨੇ ਅਗਨੀ ਦਿਖਾਈ।



ਬੀਤੀ 8 ਜਨਵਰੀ 2016 ਨੂੰ ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਔਰਤ ਟੀਮ ਨੇ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਹਰਦੋਈ ਦੇ ਬੁੱਧਨਗਰ ਵਿਚ ਇਕ ਰਾਤਰੀ ਕੈਡਰ ਕੈਂਪ ਦਾ ਆਯੋਜਨ ਕੀਤਾ। ਜਿਸ ਵਿਚ ਬੁੱਧਨਗਰ ਦੇ ਨਿਵਾਸੀਆਂ ਵਿਸ਼ੇਸ਼ ਤੌਰ ਤੇ ਔਰਤਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਲਖਨਊ ਤੋਂ ਆਈ ਲਕਸ਼ੈ ਦੀ ਔਰਤ ਕਮਾਂਡਰ ਰੇਖਾ ਆਰੀਆ, ਸੰਘਮਿੱਤਰਾ ਗੌਤਮ, ਸੁਸ਼ਮਾ ਬਾਬੂ ਅਤੇ ਅੰਜੂ ਸਿੰਘ ਨੇ ਹਾਜ਼ਰ ਲੋਕਾਂ ਨੂੰ ਬਹੁਜਨ ਸਮਾਜ ਦੇ ਅਧਿਕਾਰਾਂ ਦੀ ਵਿਸਥਾਰ ਨਾਲ ਚਰਚਾ ਕੀਤੀ ਅਤੇ ਬਹੁਜਨ ਸਮਾਜ ਦੀ ਏਕਤਾ ਤੇ ਜ਼ੋਰ ਦਿੱਤਾ ਅਤੇ ਇਹਨਾਂ ਕਮਾਂਡਰਾਂ ਨੇ ਦੇਸ਼ ਭਰ ਵਿਚ ਦਲਿਤ ਸਮਾਜ'ਤੇ ਹੋ ਰਹੇ ਹੋਰ ਅੱਤਿਆਚਾਰਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਲੋਕਾਂ ਨੂੰ ਇਹਨਾਂ ਅੱਤਿਆਚਾਰਾਂਦੇ ਖਿਲਾਫ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ। ਹਾਜ਼ਰ ਲੋਕਾਂ ਨੇ ਵਿਸ਼ੇਸ਼ ਤੌਰ ਤੇ ਔਰਤਾਂ ਨੇ ਲਕਸ਼ੈ ਦੀਆਂ ਇਹਨਾਂ ਔਰਤਾਂ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਲਕਸ਼ੈ ਦੀ ਟੀਮ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਇਸ ਸਮਾਜਿਕ ਅੰਦੋਲਨ ਨੂੰ ਅੱਗੇ ਵਧਾਉਣ ਦੇ ਲਈ ਸੱਦਾ ਦਿੱਤਾ। ਹਰਦੋਈ ਤੋਂ ਆਸ਼ਾ ਦੇਵੀ, ਸੁਨੀਤਾ ਗੌਤਮ, ਰੰਜਨਾ ਗੌਤਮ, ਮਮਤਾ ਵਰਮਾ, ਸਵਰਣ ਕੁਮਾਰ, ਗਿਆਨ ਪ੍ਰਕਾਸ਼, ਏ. ਬੀ. ਲਾਲ, ਅੰਬਿਕਾ ਪ੍ਰਸਾਦ, ਰਾਕੇਸ਼ ਕੁਮਾਰ, ਰਾਮ ਪ੍ਰਸਾਦ ਵਰਮਾ, ਰਾਮ ਨਰਾਇਣ, ਸ਼ਿਵ ਕੁਮਾਰ, ਗੌਰਵ ਵਰਮਾ, ਪਵਨ ਵਰਮਾ, ਵਿਪਿਨ ਕੁਮਾਰ, ਵਿਨੈ ਕੁਮਾਰ, ਅਨੀਸ਼ ਗੌਤਮ, ਰਾਜਾਰਾਮ ਅਤੇ ਮੁਕੇਸ਼ ਕੁਮਾਰ ਆਦਿ ਨੇ ਭਾਗ ਲਿਆ। ਹੋਰ ਜਾਣਕਾਰੀ ਲਈ 91-94155-67661 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪਹਿਲੇ ਸਫੇ ਦੀਆਂ ਬਾਕੀ

# ਖਡੂਰ ਸਾਹਿਬ ਹਲਕੇ ਦੀ ਜ਼ਿਮਨੀ ਚੋਣ ਤਹਿ ਕਰੇਗੀ ਪੰਜਾਬ ਦੀ ਰਾਜਨੀਤੀ ਦਾ ਭਵਿੱਖ

ਉਮੀਦਵਾਰ ਦਰਮਿਆਨ ਹੀ ਟੱਕਰ ਹੋਣ ਦੇ ਆਸਾਰ ਹਨ ਕਿਉਂਕਿ ਆਮ ਆਦਮੀ ਪਾਰਟੀ ਨੇ ਚੋਣ ਨਾ ਲੜਨ ਦਾ ਐਲਾਨ ਕੀਤਾ ਹੈ। ਹਾਲਾਂ ਕਿ ਸੁਮੇਲ ਸਿੰਘ ਸਿੱਧੂ ਅਤੇ ਸਵਰਾਜ ਅਭਿਆਨ ਦੇ ਭਾਈ ਬਲਦੀਪ ਸਿੰਘ ਨੇ ਵੀ ਇਸ ਚੋਣ ਵਿੱਚ ਆਪੋ ਆਪਣੀ ਉਮੀਦਵਾਰੀ ਐਲਾਨੀ ਹੋਈ ਹੈ। ਕਮਿਸ਼ਨ ਵੱਲੋਂ ਉਪ ਚੋਣ ਦਾ ਐਲਾਨ ਕਰਦਿਆਂ ਹੀ ਸੂਬੇ 'ਚ ਰਾਜਸੀ ਸਰਗਰਮੀਆਂ ਤੇਜ਼ ਹੋਣ ਦੀ ਉਮੀਦ ਹੈ ਕਿਉਂਕਿ ਵੋਟਾਂ ਪੈਣ ਵਿੱਚ ਮਹਿਜ਼ ਇੱਕ ਮਹੀਨਾ ਹੀ ਬਾਕੀ ਹੈ। ਕਮਿਸ਼ਨ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਖਡੂਰ ਸਾਹਿਬ ਦੀ ਜ਼ਿਮਨੀ ਚੋਣ ਤੁਰੰਤ ਕਰਾਉਣ ਦਾ ਫ਼ੈਸਲਾ ਇਸ ਕਰਕੇ ਲਿਆ ਗਿਆ ਹੈ ਕਿਉਂਕਿ ਮਾਰਚ ਮਹੀਨੇ ਪ੍ਰੀਖਿਆਵਾਂ ਦਾ ਅਮਲ ਸ਼ੁਰੂ ਹੋ ਜਾਂਦਾ ਹੈ ਤੇ ਅਪਰੈਲ ਤੋਂ ਬਾਅਦ ਵਿਧਾਨ ਸਭਾ ਦੀਆਂ ਆਮ ਚੋਣਾਂ ਲਈ ਕਮਿਸ਼ਨ ਨੇ ਤਿਆਰੀਆਂ ਆਰੰਭ ਦੇਣੀਆਂ ਹਨ। ਕਮਿਸ਼ਨ ਵੱਲੋਂ ਐਲਾਨੇ ਚੋਣ ਪ੍ਰੋਗਰਾਮ ਮੁਤਾਬਕ 20 ਤੋਂ 27 ਜਨਵਰੀ ਤੱਕ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਜਾ ਸਕਣਗੇ, 28 ਜਨਵਰੀ ਨੂੰ ਕਾਗ਼ਜ਼ਾਂ ਦੀ ਪੜਤਾਲ ਹੋਵੇਗੀ ਤੇ 30 ਜਨਵਰੀ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਦੇ ਹਨ। ਉਪ ਚੋਣ ਲਈ ਵੋਟਾਂ 13 ਫਰਵਰੀ ਨੂੰ ਪੈਣਗੀਆਂ ਤੇ 16 ਫਰਵਰੀ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਸਮੁੱਚਾ ਚੋਣ ਅਮਲ 18 ਫਰਵਰੀ ਤੱਕ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਵਿਧਾਨ ਸਭਾ ਹਲਕੇ ਤੋਂ ਸੀਨੀਅਰ ਅਕਾਲੀ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਸਪੁੱਤਰ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਉਮੀਦਵਾਰ ਬਣਾਏ ਜਾਣ ਦੇ ਆਸਾਰ ਹਨ। ਕਾਂਗਰਸ ਵੱਲੋਂ ਵੀ ਮੁੜ ਤੋਂ ਰਮਨਜੀਤ ਸਿੰਘ ਸਿੱਕੀ ਨੂੰ ਟਿਕਟ ਦੇਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਹਾਲਾਂਕਿ ਪਾਰਟੀ ਵਿਚਲੇ ਇੱਕ ਵੱਡੇ ਧੜੇ ਵੱਲੋਂ ਸਿੱਕੀ ਦੀ ਉਮੀਦਵਾਰੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਭਾਵੇਂ ਸੂਬੇ ਦੇ ਸਿਆਸੀ ਦ੍ਰਿਸ਼ 'ਤੇ ਤੀਜੀ ਧਿਰ ਵਜੋਂ ਉਭਰ ਰਹੀ ਹੈ ਪਰ ਪਟਿਆਲਾ ਤੇ ਤਲਵੰਡੀ ਸਾਬੋ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਵਿੱਚ 'ਆਪ' ਦੇ ਦੰਦ ਖੱਟੇ ਹੋਣ ਤੋਂ ਬਾਅਦ ਇਸ ਪਾਰਟੀ ਨੇ ਕੋਈ ਵੀ ਜ਼ਿਮਨੀ ਚੋਣ ਅਤੇ ਮਿਉਂਸਪਲ ਚੋਣਾਂ ਲੜਨ ਦੀ ਹਿੰਮਤ ਨਹੀਂ ਦਿਖਾਈ ਤੇ ਖਡੂਰ ਸਾਹਿਬ ਜ਼ਿਮਨੀ ਚੋਣ 'ਚ ਵੀ ਹਾਲੇ ਤੱਕ ਪਾਰਟੀ ਨੇ ਉਮੀਦਵਾਰ ਖੜ੍ਹਾ ਨਾ ਕਰਨ ਦਾ ਹੀ ਐਲਾਨ ਕੀਤਾ ਹੋਇਆ ਹੈ।

# ਰਾਸ਼ਟਰਪਤੀ ਓਬਾਮਾ ਨੇ ਆਪਣੇ ਆਖਰੀ ਸਟੇਟ ਆਫ ਯੂਨੀਅਨ ਭਾਸ਼ਣ ਵਿਚ ਸਾਰੇ ਧਰਮਾਂ ਨੂੰ ਨਾਲ ਲੈ ਕੇ ਚੱਲਣ ਦਾ ਸੱਦਾ ਦਿੱਤਾ

ਅਮਰੀਕੀ ਸਿੱਖ ਭਾਈਚਾਰੇ ਖ਼ਿਲਾਫ਼ ਹਿੰਸਾ ਅਤੇ ਨਫ਼ਰਤ ਦੀਆਂ ਘਟਨਾਵਾਂ ਵਿੱਚ ਹੋਏ ਵਾਧੇ ਨੂੰ ਦੇਖਦੇ ਹੋਏ ਵ੍ਹਾਈਟ ਹਾਊਸ ਨੇ ਅਮਰੀਕੀ ਸਿੱਖ ਭਾਈਚਾਰੇ ਨੂੰ ਉਨ੍ਹਾਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਦੀ ਵਿਸ਼ੇਸ਼ ਸਹਾਇਕ ਅਤੇ ਵ੍ਹਾਈਟ ਹਾਊਸ ਵਿੱਚ ਆਫਿਸ ਆਫ ਫੇਥ ਬੈਸਟ ਐਂਡ ਨੇਬਰਹੁੱਡ ਪਾਰਟਨਰਸ਼ਿਪ ਦਫ਼ਤਰ ਦੀ ਮੁਖੀ ਮੇਲਿਸਾ ਰੋਜਰਸ ਨੇ ਮੈਰੀਲੈਂਡ ਵਿੱਚ ਇੱਕ ਗੁਰਦੁਆਰੇ ਦਾ ਦੌਰਾ ਕੀਤਾ ਅਤੇ ਰਾਸ਼ਟਰਪਤੀ ਵੱਲੋਂ ਸਿੱਖ ਭਾਈਚਾਰੇ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ। ਇੱਕ ਪ੍ਰੈੱਸ ਨੋਟ ਅਨੁਸਾਰ ਰੋਜਰਸ ਨੇ ਕਿਹਾ ਕਿ ਅਮਰੀਕਾ ਦੀ ਸਰਕਾਰ ਅਮ-ਰੀਕੀ ਸਿੱਖਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਸਿੱਖ ਭਾਈਚਾਰ ਖ਼ਿਲਾਫ਼ ਹਿੰਸਾ ਅਤੇ ਲਾਸ ਏਂਜਲਸ ਦੇ ਇੱਕ ਗੁਰਦੁਆਰੇ ਵਿੱਚ ਤੋੜਫੋੜ ਦੀ ਕਥਿਤ ਘਟਨਾ ਨੂੰ ਲੈ ਕੇ ਸਿੱਖ ਭਾਈਚਾਰੇ ਪ੍ਰਤੀ ਫਿਕਰ ਜ਼ਾਹਰ ਕੀਤੀ।

# ਅਸੀਂ ਕੀ ਹਾਂ? ਨਹੀਂ ਪਤਾ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਅਸੀਂ ਭਾਵ ਭਾਰਤ ਦੇ ਲੋਕ ਭਾਵ We the people of India ਭਾਵ ਦਲਿਤ ਬਹੁਜਨ ਭਾਵ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਲੋਕ ਭਾਵ ਸਿੱਖ, ਈਸਾਈ, ਮੁਸਲਮਾਨ ਤੇ ਹਿੰਦੂ ਬਣੇ ਹੋਏ ਲੋਕ, ਕੀ ਹਾਂ! ਇਸ ਸਵਾਲ ਤੇ ਆ ਕੇ ਮੇਰੀ ਸਮਝ ਨੂੰ ਅਟਿੱਕਾ ਲੱਗ ਜਾਂਦਾ ਹੈ। ਬੇਸ਼ੱਕ ਮੈਂ ਹਜ਼ਾਰਾਂ ਵਾਰ ਇਸ ਪ੍ਰਸ਼ਨ ਨੂੰ ਸਾਹਮਣੇ ਰੱਖ ਕੇ ਚਿੰਤ ਕੀਤਾ ਹੈ, ਲਿਖਿਆ ਹੈ, ਚਰਚਾ ਕੀਤੀ ਹੈ ਪ੍ਰੰਤੂ ਇਸਦਾ ਕੋਈ ਸਿਰਾ ਨਹੀਂ ਲੱਭਿਆ ਮੈਨੂੰ। ਬਚਪਨ ਵਿਚ ਕਦੀ ਕਦੀ ਮੈਂ ਆਪਣੇ ਘਰਾਂ ਵਿਚ ਧਾਗੇ ਦਾ ਉਂਧੜਿਆ ਹੋਇਆ ਨੜਾ ਆਪਣੇ ਵੱਡਿਆਂ ਦੇ ਹੱਥਾਂ 'ਚ ਵੇਖਦਾ ਹੁੰਦਾ ਸਾਂ, ਜਿਸਨੂੰ ਫਿਰ ਤੋਂ ਸਾਫ ਸਿੱਧਾ ਕਰਨ ਜੋੜਨ ਲਈ ਉਹ ਸੌ ਯਤਨ ਕਰਦੇ ਪ੍ਰੰਤੂ, ਗੰਢਾਂ ਪੈਂਦੇ ਧਾਗੇ ਤੋੜਨਾ, ਫਿਰ ਗੰਢ ਪਾਉਣੀ ਜਾਂ ਮਰੋੜੀ ਲਾਉਣੀ ਅਤੇ ਇਸ ਤਰ੍ਹਾਂ ਦੇ ਧਾਗੇ ਨੂੰ ਹੀ ਲਪੇਟਣਾ, ਫਿਰ ਲਪੇਟਣਾ, ਅਟੇਰਨਾ ਬੱਸ ਇਸ ਤਰ੍ਹਾਂ ਦਾ ਜਾਪਦਾ ਹੈ, ਮੈਨੂੰ ਸਾਡੇ ਦੇਸ਼ ਭਰ ਵਿਚ ਵੱਸਦੇ ਲੋਕਾਂ ਦਾ। ਜੋ ਮੂਲ ਰੂਪ ਤੋਂ ਬੇਈਸ਼ਵਰੇ ਬੋਧੀ ਸਨ। ਫਿਰ ਇਹਨਾਂ ਨੂੰ, ਹਰਾ ਕੇ, ਮਾਰ ਕੇ, ਸਾੜ ਕੇ, ਫੂਕ ਕੇ, ਡਰਾ ਕੇ, ਦਹਿਸ਼ਤ ਪਾ ਕੇ, ਧਾਰਮਿਕ ਅੰਧ ਵਿਸ਼ਵਾਸ ਪੈਦਾ ਕਰਕੇ, ਪੁਜਾਰੀਆਂ, ਸਾਧਾਂ ਸੰਤਾਂ, ਰਾਜਿਆਂ, ਖੱਤਰੀਆਂ ਨੇ, ਲੁੱਟਮਾਰ, ਦੁੱਖ ਭੁੱਖ ਦੀ ਸਾੜ੍ਹਸਤੀ ਵਰਤਾ ਕੇ ਸੈਂਕੜੇ ਵਰ੍ਹਿਆਂ ਵਿਚ ਸਵਰਾਜੀ ਬੁੱਧਾਂ ਤੋਂ ਸੂਦਰ, ਨੀਚ ਗੁਲਾਮ ਤੇ ਅਧਿਕਾਰ ਵੰਚਿਤ ਅਤੇ ਅਛੂਤ ਬਣਾਇਆ। ਇਹ ਸਭ ਜਬਰ ਨਾਲ ਕੀਤਾ ਗਿਆ, ਜਿਸਦੇ ਸਬੂਤ ਹੀ ਸਬੂਤ ਹਨ।

ਫਿਰ ਜਿਉਂ ਹੀ ਦੂਸਰੇ ਹਮਲਾਵਰ ਆਏ, ਉਹਨਾਂ ਦੀ ਸੱਤਾ ਵਿਚ ਇਹ ਲੋਕ ਆਰੀਆਂ ਦੇ ਜਬਰ ਤੋਂ ਤੰਗ ਆ ਕੇ ਮੁਸਲਮਾਨ ਬਣ ਗਏ। ਫਿਰ ਸਮਾਂ ਪਾ ਕੇ ਮੌਰੀਆ ਰਾਜ ਵਾਂਗ ਆਪਣਾ ਧਰਮ ਅਤੇ ਆਪਣੀ ਸ਼ਕਤੀ ਜੋੜ ਕੇ ਸੂਦਰਾਂ, ਅਛੂਤਾਂ-ਸਛੂਤਾਂ ਤੋਂ ਇਹ ਸਿੱਖ ਬਣ ਗਏ।

ਇੱਥੇ ਇਹ ਕਹਿਣਾ ਲਿਖਣਾ ਬਹੁਤ ਜ਼ਰੂਰੀ ਹੈ ਕਿ ਬੁੱਧਾਂ ਦੇ ਮੌਰੀਆ ਰਾਜ ਵਿਚ ਬੁੱਧ ਦੇ ਧਰਮ-ਵਿਗਿਆਨ ਰਾਹੀਂ ਸੂਦਰ ਲੋਕ ਸੰਗਠਿਤ ਹੋਏ। ਜਿਹਨਾਂ ਨੇ ਪਹਿਲਾਂ ਸੁਣਿਆਂ/ਪੜ੍ਹਿਆ/ਜਾਣਿਆ, ਫਿਰ ਉਹਨਾਂ ਨੇ ਬੌਧਿਕ ਸੰਘਰਸ਼ ਕੀਤਾ। ਭਾਵ ਆਪਣੇ ਆਪ ਨਾਲ ਆਪਣੀਆਂ ਵੈਦਿਕ ਸੰਸਕ੍ਰਿਤੀ ਅਧੀਨ ਬਣੀਆਂ ਕਦਰਾਂ ਕੀਮਤਾਂ ਨਾਲ, ਉਚ ਨੀਚ ਨਾਲ, ਵੈਰ ਵਿਰੋਧ ਅਤੇ ਦੁਵੈਤ ਨਾਲ, ਆਪਣੀਆਂ ਮਾਨਸਕ ਕਮਜ਼ੋਰੀਆਂ ਨਾਲ, ਆਪਣੇ ਵਰਗੇ ਗੁਲਾਮਾਂ ਨਾਲ ਮਿਲ ਬੈਠ ਕੇ ਸੰਘਰਸ਼ ਕੀਤਾ, ਵੈਦਿਕ ਦੁਸ਼ਮਣ ਦੀ ਪਛਾਣ ਕੀਤੀ ਅਤੇ ਆਪਣੇ ਆਪ ਨੂੰ ਵੈਦਿਕ ਬ੍ਰਾਹਮਣੀ ਗੁਲਾਮੀ ਤੋਂ ਮੁਕਤ ਹੋਣ ਲਈ ਤਿਆਰ ਕੀਤਾ। ਭਾਵ ਜਦੋਂ ਵੀ ਸੂਦਰ ਗੁਲਾਮਾਂ ਨੇ ਧਰਮ ਬਦਲਿਆ ਤਾਂ ਇਸ ਦੀ ਬੁਨਿਆਦ ਬ੍ਰਾਹਮਣੀ ਜਾਤ ਪਾਤੀ ਵਿਵਸਥਾ ਤੋਂ ਜਲੀਲ ਹੋਣਾ ਤੇ ਤੰਗ ਆਉਂਦਾ ਸੀ। ਮੌਕਾ ਪਾ ਕੇ ਜਿਸਨੂੰ ਮੂਲਵਾਸੀਆਂ ਨੇ ਤਿਆਗਿਆ।

ਫਿਰ ਉਹ ਜੁੜੇ, ਤਾਕਤ ਬਣਾਈ, ਇਕ ਜਮਾਤ ਬਣ ਕੇ ਇਕ ਉਦੇਸ਼ ਨਾਲ ਉਹਨਾਂ ਨੇ ਸੰਗਠਿਤ ਹੋਣਾ ਜਾਰੀ ਰੱਖਿਆ। ਸ਼ਕਤੀ ਬਣੀ ਤਾਂ ਉਹਨਾਂ ਨੇ ਨੰਦ ਵੰਸ਼ ਅਤੇ ਮੌਰੀਆ ਵੰਸ਼ ਰਾਹੀਂ ਆਪਣੀ ਹੀ ਆਜ਼ਾਦ ਸਲਤਨਤ ਕਾਇਮ ਕੀਤੀ। ਦੁਸ਼ਮਣ ਨੂੰ ਸਜਾ ਦਿੱਤੀ ਤੇ ਲੋਕਾਂ ਨੂੰ ਆਜ਼ਾਦੀ। ਇਉਂ ਬੁੱਧ ਦੇ ਉਦੇਸ਼ ਨੂੰ ਧਰਮ ਨੂੰ, ਵਿਗਿਆਨ ਨੂੰ ਸਥਾਪਤ ਕਰਨ ਲਈ ਬੁੱਧ ਦੇ ਮਾਰਗ ਨੂੰ ਅਪਣਾਇਆ। ਅਤੇ ਭਾਰਤ ਅੰਦਰ ਹੀ ਨਹੀਂ ਸੰਸਾਰ ਅੰਦਰ ਸਭ ਤੋਂ ਬਿਹਤਰੀਨ ਲੋਕਰਾਜ, ਗਣਰਾਜ ਸਥਾਪਤ ਕੀਤਾ, ਜਿਸਦਾ ਕੋਈ ਮੁਕਾਬਲਾ ਨਹੀਂ ਹੋ ਸਕਿਆ। ਕਹਿਣ ਦਾ ਭਾਵ ਕਿ ਲੋਕਾਂ ਨੇ ਸਹੀ ਸੱਚ ਸੁਣਿਆ, ਪੜ੍ਹਿਆ, ਜਾਣਿਆ, ਮਨੋਂ ਚਿੱਤੋਂ ਦਿਮਾਗੋਂ ਸੰਘਰਸ਼ ਕੀਤਾ। ਭਾਈਚਾਰਾ ਭਾਵ ਸੰਗਠਨ ਬਣਾਇਆ, ਜੁੜੇ, ਸ਼ਕਤੀ ਬਣਾਈ ਤੇ ਗਣਰਾਜੀ ਲੋਕ ਰਾਜ ਪੈਦਾ ਕਰਕੇ ਸਮਾਜੀ ਸੁਖ ਚੈਨ ਪੈਦਾ ਕੀਤਾ। ਇਹ ਪੜਨ ਸੰਘਰਸ਼ ਕਰਨ ਅਤੇ ਜੁੜ ਖੜਨ ਦਾ ਸਿਧਾਂਤ ਸੀ ਜੋ ਅਮਲ ਵਿਚ ਆਇਆ।

ਬਿਲਕੁਲ ਇਸੇ ਤਰ੍ਹਾਂ ਹੀ ਮੁਸਲਿਮ ਕਾਲ ਦੀ ਵਹਿੰਦੀ ਤੇ ਗੁਲਾਮ ਵੰਸ਼ ਦੀ ਸੱਤਾ ਵੱਲ ਵਧਦੀ ਸਥਿਤੀ ਵਿਚ ਅਛੂਤ ਸੰਤਾਂ ਨੇ ਪੜ੍ਹਨਾ, ਸੁਣਨਾ, ਜਾਣਨਾ ਤੇ ਬੋਲਣਾ ਸ਼ੁਰੂ ਕੀਤਾ। ਇਹ ਸਿਲਸਿਲਾ ਸਦੀ ਦਰ ਸਦੀ ਖੱਤਰੀ ਗੁਰੂ ਪੁਰਖਾਂ ਦੁਆਰਾ ਜਾਰੀ ਰੱਖਿਆ ਗਿਆ। ਸੁਣਨ ਦਾ, ਪੜ੍ਹਨ ਦਾ, ਜੁੜਨ ਦਾ, ਸੋਚਣ ਦਾ, ਸਮਝਣ ਦਾ ਮੰਨਣ ਦਾ। ਜਿਸਦੇ ਸਾਹਮਣੇ ਉਹੀ ਦੁਸ਼ਮਣ ਸੀ ਵੈਦਿਕ ਆਰੀਅਨ ਤੇ ਵਰਨ ਜਾਤ ਤੇ ਉਚ ਨੀਚ। ਹਜ਼ਾਰਾਂ ਜਾਤਾਂ 'ਚ ਵੰਡਿਆ ਮਨੁੱਖ, ਵੈਦਿਕ ਆਰੀਆਂ ਤੋਂ ਭਾਵ ਬ੍ਰਾਹਮਣ ਦੀ ਸਮਾਜਿਕ ਧਾਰਮਿਕ ਵਿਵਸਥਾ ਤੋਂ ਆਜ਼ਾਦ ਹੋਣ ਲਈ ਬਿਲਕੁਲ ਉਸੇ ਤਰ੍ਹਾਂ ਜੁੜਨ ਲੱਗੇ ਜਿਵੇਂ ਉਹ ਬੁੱਧ ਦੇ ਵਿਗਿਆਨਕ ਧਰਮ ਨੂੰ ਸੁਣ ਕੇ, ਪੜ੍ਹ ਕੇ, ਸੋਚ ਕੇ, ਸਮਝ ਕੇ ਉਹ ਜੁੜਨ ਲੱਗਾ ਸੀ। ਬੁੱਧ ਕਾਲ ਵਿਚ, ਬੁੱਧ ਨੇ 'ਈਸ਼ਵਰ ਅਤੇ ਆਤਮਾ' ਨੂੰ ਸਿੱਧਾ ਨਕਾਰਿਆ ਜੋ ਸੂਦਰਾਂ ਨੂੰ ਗੁਲਾਮ ਬਣਾ ਕੇ ਰੱਖਣ ਦਾ ਤਾਕਤਵਰ ਸਾਧਨ ਸੀ। ਸੂਦਰ ਉਦੋਂ ਤੱਕ ਨੀਵੇਂ ਸਨ। ਚੌਥੇ ਪੌੜੇ ਤੇ, ਉਤਲੇ ਤਿੰਨ ਵਰਨਾਂ ਦੇ ਗੁਲਾਮ। ਪ੍ਰੰਤੂ ਉਹ ਨੀਚ ਨਹੀਂ ਸਨ। ਉਹਨਾਂ ਦੇ ਕਿੱਤੇ ਸਨ ਪ੍ਰੰਤੂ ਉਹ ਅਛੂਤ ਨਹੀਂ ਸਨ। ਉਹ ਉੱਚੇ ਦੇ ਘਰ 'ਚ ਪ੍ਰਵੇਸ਼ ਕਰ ਸਕਦੇ ਸਨ। ਗੋਲਾ ਧੰਦਾ ਕਰ ਸਕਦੇ ਸਨ। ਪ੍ਰੰਤੂ ਉਹਨਾਂ ਦੀ ਕੋਈ ਨਕਲ ਨਹੀਂ ਕਰ ਸਕਦੇ ਸਨ। ਬਰਾਬਰੀ ਨਹੀਂ ਕਰ ਸਕਦੇ ਸਨ। ਬੁੱਧ ਨੇ ਇਸ ਹਾਲਤ ਦਾ ਫਾਇਦਾ ਲਿਆ। ਬ੍ਰਾਹਮਣ ਨੂੰ, ਖੱਤਰੀ ਨੂੰ, ਵੈਸ਼ ਨੂੰ, ਸੂਦਰ ਨੂੰ ਸਭ ਨੂੰ ਸਮਝਾਇਆ ਅਤੇ ਉਹਨਾਂ ਦੇ ਮਨਾਂ 'ਚੋਂ ਆਤਮਾ-ਪ੍ਰਮਾਤਮਾ ਦੀ ਮਨੌਤ ਕੱਢੀ। ਜੀਵਨ ਦਾ ਵਿਗਿਆਨ ਸਮਝਾਇਆ। ਇਕ ਆਜ਼ਾਦ ਤੇ ਸ਼ਕਤੀਸ਼ਾਲੀ ਮਨ ਚਿੱਤ ਪੈਦਾ ਕੀਤਾ। ਬੁੱਧੀ ਦਾ ਵਿਕਾਸ ਕੀਤਾ। ਜਿਹਨਾਂ ਦੇ ਸਮਝ ਪੈ ਗਈ, ਜਿਹਨਾਂ ਨੇ ਮੰਨ ਲਿਆ, ਜਾਣ ਲਿਆ, ਉਹ ਆਪਣੇ ਬ੍ਰਾਹਮਣੀ ਸੰਸਕਾਰ ਤਿਆਗ ਕੇ, ਬੁੱਧ ਦੇ ਮਾਰਗ ਵੱਲ ਆ ਗਏ। ਉਹਨਾਂ ਨੇ ਬ੍ਰਾਹਮਣੀ ਸੰਸਕਾਰ ਤੇ ਵਿਚਾਰ ਨੂੰ ਬੌਧਿਕ ਕਸਵੱਟੀ ਨਾਲ ਤਿਆਗਿਆ, ਇਹ ਉਹਨਾਂ ਦਾ ਸੰਘਰਸ਼ ਸੀ। ਸਥਾਪਤ ਵਿਵਸਥਾ ਵਿਰੁੱਧ ਅਤੇ ਸਥਾਪਤ ਵਿਵਸਥਾ ਦੀਆਂ ਉਹਨਾਂ ਮਾਨਤਾਵਾਂ ਵਿਰੁੱਧ ਜਿਹਨਾਂ ਨੂੰ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸੂਦਰ ਨੇ ਮੰਨ ਲਿਆ ਸੀ। ਯਾਨਿ ਮਨੁੱਖਾਂ ਨੂੰ ਸੱਚ ਸਮਝ ਪਿਆ ਤਾਂ ਉਹਨਾਂ ਨੇ ਆਤਮਾ-ਪ੍ਰਮਾਤਮਾ ਨੂੰ ਤਿਆਗ ਕੇ ਆਪਣੇ ਅੰਦਰ ਵੜੀ ਬ੍ਰਾਹਮਣੀ ਸੋਚ ਨਾਲ ਸੰਘਰਸ਼ ਕੀਤਾ। ਉਸ ਤੋਂ ਆਜ਼ਾਦ ਹੋਣ ਦਾ ਯੁੱਧ ਲੜਿਆ ਤੇ ਜਿੱਤਿਆ। ਤੇ ਫਿਰ ਉਹਨਾਂ ਵੱਲ ਵੇਖਿਆ, ਜਿਹਨਾਂ ਨੇ ਅਜਿਹਾ ਹੀ ਕੀਤਾ ਸੀ, ਜੋ ਅਜਿਹਾ ਕਰ ਸਕੇ, ਇਉਂ ਜਾਤ ਛੱਡ ਕੇ ਉਹਨਾਂ ਅੰਦਰ ਭਾਈਚਾਰਾ ਸਥਾਪਤ ਹੋਇਆ। ਮਾਰਗ ਤਹਿ ਹੋਇਆ, ਦੁਸ਼ਮਣ ਦੀ ਪਛਾਣ ਬਣੀ, ਜਿਸਨੂੰ ਲਤਾੜਨ ਲਈ ਉਹਨਾਂ ਨੇ ਸੰਘ ਭਾਵ ਸੰਗਠਨ ਭਾਵ ਸੰਗਤੀ ਖੜ੍ਹੀ ਕੀਤੀ। ਜੁੜੇ, ਸ਼ਕਤੀ ਬਣਾਈ ਤੇ ਦੁਸ਼ਮਣ ਨੂੰ ਕਿਨਾਰੇ ਕਰਕੇ ਆਪਣਾ ਗਣਰਾਜ ਸਥਾਪਤ ਕਰ ਲਿਆ।

ਬਿਲਕੁਲ ਇਵੇਂ ਹੀ ਕੁਤਬਦੀਨ ਵਰਗੇ ਗੁਲਾਮ ਵੰਸ਼ ਦੇ ਇਸਲਾਮੀ ਰਾਜ ਨੇ, ਅਛੂਤਾਂ ਨੂੰ ਆਜ਼ਾਦ ਹੋਣ ਦੀ ਪ੍ਰੇਰਨਾ ਦਿੱਤੀ। ਕਿਉਂਕਿ ਹੁਣ ਤੱਕ ਬ੍ਰਾਹਮਣ ਦਾ ਪ੍ਰਮਾਤਮਾ-ਆਤਮਾ, ਇਸਲਾਮ ਦਾ ਅੱਲਾ ਸਮਾਜ ਦੀ ਮਾਣਤਾ ਬਣ ਚੁੱਕੇ ਸਨ। ਅੱਲਾ ਪ੍ਰਮਾਤਮਾ ਤੇ ਭਾਰੂ ਪੈ ਗਿਆ ਸੀ। ਮੁਸਲਮਾਨ ਬਣਿਆਂ ਸੂਦਰ ਭਾਵੇਂ ਅੱਲਾ ਵਾਲਾ ਬਣ ਗਿਆ ਸੀ, ਪ੍ਰੰਤੂ ਉਸਨੂੰ ਬਰਾਬਰੀ ਤੇ ਆਜ਼ਾਦੀ ਨਹੀਂ ਸੀ ਮਿਲੀ। ਸਗੋਂ ਹੁਣ ਸੂਦਰ ਅਛੂਤ ਲਈ ਦੂਹਰੀ ਗੁਲਾਮੀ ਪੈ ਗਈ ਸੀ। ਇਕ ਤਰਫ ਬੱਤਰ ਹਿੰਦੂ ਆਤਮਾ-ਪ੍ਰਮਾਤਮਾ ਤੇ ਬ੍ਰਾਹਮਣ ਦੀ ਜਕੜ। ਦੂਸਰੀ ਤਰਫ ਵਿਦੇਸ਼ੀ ਰਾਜ ਵਿਚ ਅੱਲਾ ਦੀ ਪਕੜ। ਜਿਸ ਵਿਚ ਨਾ ਕੋਈ ਆਜ਼ਾਦੀ ਸੀ, ਨਾ ਬਰਾਬਰੀ, ਨਾ ਸਨ ਮਾਨ। ਉਹੀ ਵਰਨ, ਉਹੀ ਜਾਤੀਆਂ, ਉਹੀ ਉਚ ਨੀਚ। ਕੇਵਲ ਧਰਮ ਬਦਲਿਆ ਸੀ। ਬ੍ਰਾਹਮਣ ਨੇ ਘੁਸਪੈਠ ਕਰਕੇ ਬੁੱਧ ਦੀ ਸਾਰੀ ਵਿਵਸਥਾ ਨੂੰ ਖੁਦ ਆਪਣੀ ਰਾਜਾਸ਼ਾਹੀ ਨਾਲ ਅਤੇ ਵਿਦੇਸ਼ੀ ਧਾੜਵੀ ਨਾਲ ਮਿਲ ਕੇ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ ਅਤੇ ਬ੍ਰਾਹਮਣ ਸਮਾਜ ਨੂੰ ਵਰਨ ਸੱਭਿਆਚਾਰ ਨੂੰ ਜਾਤੀ ਸੱਭਿਆਚਾਰ ਵਿਚ ਬਦਲ ਕੇ ਸਮਾਜ ਨੂੰ ਕੁਤਰਾ-ਕੁਤਰਾ ਕਰਕੇ ਕਮਜ਼ੋਰ ਕਰ ਦਿੱਤਾ ਸੀ। ਤੇ ਫਿਰ ਇਸ ਮਾਹੌਲ ਨੇ ਮੁਸਲਮਾਨ ਹਮਲਾਵਰਾਂ ਨੂੰ ਸੱਦਾ ਦਿੱਤਾ ਸੀ। ਜਿਹਨਾਂ ਨੇ ਵਿਦੇਸ਼ੀ ਬ੍ਰਾਹਮਣੀ ਤਾਕਤਾਂ ਨਾਲ ਮਿਲ ਕੇ ਬੁੱਧ ਦੇ ਆਜ਼ਾਦ ਸੱਭਿਆਚਾਰ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਅਤੇ ਕਰੀਬ ਇਕ ਹਜ਼ਾਰ ਸਾਲ ਤੱਕ ਬੁੱਧ ਲੜੇ ਪ੍ਰੰਤੂ ਆਪ ਨੂੰ ਦੋ ਵਿਦੇਸ਼ੀ ਭਾਵ ਬ੍ਰਾਹਮਣੀ ਅਤੇ ਇਸਲਾਮੀ ਤਾਕਤਾਂ ਮੂਹਰੇ ਖੜ੍ਹਾ ਤੇ ਸੁਰੱਖਿਅਤ ਨਾ ਰੱਖ ਸਕੇ।




ਉਹਨਾਂ ਨੂੰ ਜਬਰਨ ਬੁੱਧਾਂ ਤੋਂ ਹਿੰਦੂ ਅਛੂਤ ਬਣਾ ਲਿਆ ਗਿਆ ਤੇ ਉਹਨਾਂ ਦੀ ਗੁਲਾਮੀ ਨੂੰ ਪੱਕਾ ਕਰਨ ਲਈ ਸੂਦਰ ਦੀਆਂ ਕਿੱਤਾਵਾਰ ਜਾਤਾਂ ਹੀ ਨਹੀਂ ਬਣਾਈਆਂ। ਉਚ ਨੀਚ ਕਾਇਮ ਰੱਖੀ ਅਤੇ ਕਮਜ਼ੋਰਾਂ ਨੂੰ ਹੋਰ ਲਤਾੜਨ ਲਈ ਦਰ੍ਹਾ ਖੈਬਰ ਦੇ ਰਸਤੇ ਹੋਰ ਵਿਦੇਸ਼ੀ ਹਮਲਾਵਰਾਂ ਨੂੰ ਬੁਲਾਇਆ ਅਤੇ ਉਹਨਾਂ ਦਾ ਸਵਾਗਤ ਕੀਤਾ। ਉਹਨਾਂ ਨਾਲ ਮਿਲ ਕੇ ਭਾਰਤੀ ਸੱਭਿਆਚਾਰ ਦੀ ਤਬਾਹੀ ਕੀਤੀ। ਆਤਮਾ-ਪ੍ਰਮਾਤਮਾ ਨੂੰ ਮੁੜ ਸਥਾਪਤ ਕੀਤਾ। ਅੱਲਾ ਨੇ ਇਸਨੂੰ ਢਾਹ ਜ਼ਰੂਰ ਲਾਈ ਪ੍ਰੰਤੂ ਉਖਾੜ ਨਹੀਂ ਸਕਿਆ। ਜਿਉਂ ਇਸਲਾਮੀ ਵੰਸ਼ ਨੇ ਬ੍ਰਾਹਮਣੀ ਸੰਸਕ੍ਰਿਤੀ 'ਤੇ ਆਪਣਾ ਦਬਾਅ ਵਧਾਇਆ ਤਾਂ ਅਛੂਤਾਂ ਨੀਵਿਆਂ ਨੇ ਤੁਰੰਤ ਆਪਣੇ ਆਪ ਨੂੰ ਬਾਹਰ ਲਿਆਂਦਾ। ਉਹਨਾਂ ਦਾ ਮੁੱਢਲਾ ਮੁਕਾਬਲਾ ਆਤਮਾ ਪ੍ਰਮਾਤਮਾ ਤੇ ਅੱਲਾ ਦੀ ਤਾਕਤ ਨਾਲ ਸੀ। ਇਸ ਲਈ ਉਹਨਾਂ ਲਈ ਜ਼ਰੂਰੀ ਸੀ ਕਿ ਉਹ ਕੋਈ ਟੱਕਰ ਦੀ ਸ਼ਕਤੀ ਦਾ ਨਿਰਮਾਣ ਕਰਦੇ। ਤਦ ਉਹਨਾਂ ਨੇ ਪਾਰਬ੍ਰਹਮ, ਕਰਤਾ ਪੁਰਖ, ਅਕਾਲ ਪੁਰਖ, ਏਕਮਕਾਰ, ਬੇਅੰਤ ਸੁਆਮੀ ਦਾ ਨਿਰਮਾਣ ਕੀਤਾ ਤੇ ਉਸਨੂੰ ਲੱਭਣ ਦੀ ਥਾਂ ਬ੍ਰਹਿਮੰਡ ਅਤੇ ਪਿੰਡੇ ਵਿਚ ਇਕ ਸਮਾਨ ਸਾਬਤ ਕਰ ਦਿਖਾਇਆ। ਇਉਂ ਆਤਮਾ ਪ੍ਰਮਾਤਮਾ ਨੂੰ ਨਿਸ਼ਾਨੇ 'ਤੇ ਲਿਆ। ਆਤਮਾ, ਪ੍ਰਮਾਤਮਾ ਨੂੰ ਭਾਲਦੀ ਹੈ। ਉਸ ਵਿਚ ਸਮਾ ਜਾਂਦੀ ਹੈ। ਅਛੂਤਾਂ ਦਾ ਪਾਰਬ੍ਰਹਮ ਤੱਤਾਂ ਰਾਹੀਂ ਪਿੰਡੇ ਵਿਚ ਹੀ ਹੈ। ਭਾਲਣ ਸਮਾਉਣ ਦਾ ਮਸਲਾ ਹੀ ਖਤਮ। ਕਿਉਂਕਿ ਅੱਲਾ ਵੀ ਮਰਨ ਮਗਰੋਂ ਮਿਲਦਾ ਹੈ। ਸੁਰਗ, ਬੈਕੁੰਠ ਵਾਂਗ ਜੰਨਤ ਰਾਹੀਂ। ਇਸ ਲਈ ਅਛੂਤ ਸੰਤਾਂ ਦਾ ਕਰਤਾ ਕਰਤਾਰ, ਨਿਰੰਕਾਰ, ਨਿਰੰਜਨ, ਪਿੰਡੇ ਵਿਚ ਹੀ ਧੜਕਦਾ, ਲੱਭ ਗਿਆ। ਮਰਨ ਉਪਰੰਤ ਦਾ ਖੇਲ ਖਤਮ। ਪਹਿਲੀ ਮਾਨਸਿਕ ਮੁਕਤੀ ਤਾਂ ਇਹ ਹੋਈ। ਦੂਜਾ ਇਹ ਸਾਰਾ ਬੁੱਧ ਦਾ ਹੀ ਸਿਧਾਂਤ ਸੀ ਜੋ ਮੁੜ ਸੁਰਜੀਤ ਹੋਇਆ ਕਿ ਬ੍ਰਹਿਮੰਡ, ਪਿੰਡਾ, ਤੱਤਾਂ ਤੋਂ ਬਣਦੇ ਹਨ, ਬਿੱਖਰਦੇ ਹਨ। ਮਰਦੇ ਕਦੀ ਨਹੀਂ, ਆਕਾਰ ਬਣਦੇ ਹਨ ਅਤੇ ਬਦਲਦੇ ਹਨ। ਕਿਸੇ ਦਾ ਕੋਈ ਆਉਣਾ ਜਾਣਾ ਨਹੀਂ। ਧਰਤੀ, ਪਾਣੀ, ਹਵਾ ਅੱਗ ਹੈ ਤਾਂ ਜੀਵਨ ਹੈ। ਕੋਈ ਤੱਤ ਨਿਕਲ ਗਿਆ ਤਾਂ ਬਦਲਾਓ ਹੈ। ਸਿੱਧਾ ਅਰਥ ਕਿ ਕੋਈ ਆਤਮਾ ਨਹੀਂ। ਬੱਸ ਸਰੀਰ ਹੈ, ਮਨ ਚਿੱਤ ਤੇ ਬੁੱਧੀ ਹੈ। ਆਤਮਾ ਨਹੀਂ ਤਾਂ ਪ੍ਰਮਾਤਮਾ ਵੀ ਨਹੀਂ। ਇਸੇ ਸਿਧਾਂਤ ਨੇ ਦੂਜੀ ਵਾਰ ਭਾਰਤ ਨੂੰ ਭਾਰਤ ਦੇ ਲੋਕਾਂ ਨੂੰ, ਸੂਦਰ ਅਛੂਤ ਗੁਲਾਮਾਂ ਨੂੰ, ਔਰਤਾਂ ਨੂੰ ਆਜ਼ਾਦੀ ਅਤੇ ਬਰਾਬਰੀ ਦੇ ਵੱਲ ਮੋੜਿਆ। ਇਹ ਸਭ ਬੋਲਿਆ ਗਿਆ, ਸੁਣਿਆ ਗਿਆ, ਗਾਇਆ ਗਿਆ, ਸਮਝਿਆ ਗਿਆ ਤੇ ਮੰਨਿਆ ਗਿਆ। ਪੜ੍ਹਨ ਦਾ, ਸਿੱਖਣ ਦਾ, ਜਾਨਣ ਦਾ ਅਮਲ ਹੋਇਆ। ਫਿਰ ਉਸ ਮਾਨਸਿਕ ਮੰਨਤ ਦੇ ਸੱਭਿਆਚਾਰ ਵਿਰੁੱਧ ਟਕਰਾਅ ਹੋਇਆ, ਐਜੀਟੇਸ਼ਨ ਹੋਈ, ਸੰਘਰਸ਼ ਹੋਇਆ, ਜਦੋਂ ਜਹਿਦ ਹੋਈ ਜੋ ਆਤਮਾ ਪ੍ਰਮਾਤਮਾ ਅਤੇ ਅੱਲ੍ਹਾ ਦੇ ਸੰਸਕਾਰਾਂ ਦੁਆਰਾ ਮਨਾਂ 'ਚ ਪੁੜ ਕੇ ਸਮਾਜਿਕ ਵਰਤਾਰਾ ਬਣੀ ਸੀ। ਪ੍ਰੰਤੂ ਮੂਲਵਾਸੀ ਲੋਕਾਂ ਨੂੰ ਨਾ ਆਜ਼ਾਦੀ ਮਿਲੀ, ਨਾ ਬਰਾਬਰੀ ਤੇ ਨਾ ਮਨੁੱਖੀ ਸਨਮਾਨ। ਅਜਿਹੀ ਮਾਨਸਿਕ ਸਥਿਤੀ ਵਿਰੁੱਧ ਲੱਖਾਂ ਲੋਕ ਜੂਝਣ ਲੱਗੇ। ਇਸ ਵਿਚ ਨਿਕਲਣ ਲੱਗੇ। ਦੁਸ਼ਮਣ ਦੀ ਪਛਾਣ ਕਰਨ ਲੱਗੇ ਜਿਸਦਾ ਜ਼ਿਕਰ ਬੁੱਧ ਕਾਲ ਤੋਂ ਬਰਾਬਰ ਹੋ ਰਿਹਾ ਸੀ। ਜਿਹਨਾਂ ਨੇ ਪਛਾਣ ਲਿਆ ਤੇ ਵਿਰੋਧ ਵਿਚ ਸੰਘਰਸ਼ ਕੀਤਾ, ਮਨ ਚਿੱਤ ਨੂੰ ਉਸ ਤੋਂ ਮੁਕਤ ਕੀਤਾ, ਉਹ ਭਾਈਚਾਰਾ ਤੇ ਸੰਗਤ ਬਣਾਉਣ ਲੱਗੇ। ਜੁੜਨ ਲੱਗੇ, ਕੱਠੇ ਬੈਠ ਕੇ ਖਾਣ ਲੱਗੇ। ਭਾਈ ਵੀਰ ਬਣੇ। ਇਉਂ ਇਕ ਖਾਲਸ ਬਣੀ, ਮੁਕਤ ਹੋਈ ਸੋਚ ਸਮਝ ਨਾਲ, ਛੁਟਕਾਰਾ ਪਾ ਕੇ, ਇਕ ਦੁਸ਼ਮਣ ਦੀ ਪਛਾਣ ਕਰਕੇ ਉਸ ਤੋਂ ਮੁਕਤ ਹੋਣ ਲਈ, ਆਜ਼ਾਦ ਹੋਣ ਲਈ, ਸਨਮਾਨ ਸਵੈਮਾਣ ਬਣਾਉਣ ਲਈ, ਸਵਰਾਜ ਸੁਖ ਪੈਦਾ ਕਰਨ ਲਈ ਸੰਗਤ ਬਣ ਕੇ ਜੁੜਨ ਲੱਗੇ, ਮਧੂ ਮੱਖੀਆਂ ਦੀ ਤਰ੍ਹਾਂ। ਵਿਚੋਂ ਸ਼ਹਿਦੀ ਅੰਮ੍ਰਿਤ ਨਿਕਲਣ ਲੱਗਾ। ਪਿਆਰ ਵਧਿਆ। ਇਉਂ ਖਾਲਸ ਤੇ ਮੁਕਤ ਸੰਘ, ਫੌਜ ਦੇ ਰੂਪ ਵਿਚ ਤਿਆਰ ਹੋ ਗਿਆ। ਜੋ ਜਿੱਤਣ ਵੱਲ ਵਧਿਆ। ਪ੍ਰੰਤੂ ਇਸ 400-500 ਸਾਲ ਦੇ ਸੰਘਰਸ਼ਾਂ ਨੂੰ ਰੋਕਣ ਲਈ, ਜਿਉਂ ਹੀ ਭਾਈਚਾਰਾ ਤੇ ਸੰਗਤ ਦੂਰ ਦੁਨੀਆਂ ਤੱਕ ਮਜ਼ਬੂਤ ਹੋਣ ਲੱਗਾ ਤਾਂ ਤੀਜੇ ਵਿਦੇਸ਼ੀ ਹਮਲੇ ਸ਼ੁਰੂ ਹੋ ਗਏ। ਵਿਦੇਸ਼ੀ ਬ੍ਰਾਹਮਣੀ ਤਾਕਤਾਂ ਨੇ ਉਹਨਾਂ ਦਾ ਸਾਥ ਦਿੱਤਾ ਕਿਉਂਕਿ ਖੱਤਰੀ ਤਾਂ ਲੜ-ਲੜ ਕੇ ਮਰ ਚੁੱਕੇ ਸਨ। ਸੂਦਰ ਲੜ ਨਹੀਂ ਸੀ ਸਕਦੇ। ਬ੍ਰਾਹਮਣ ਕਦੀ ਲੜਦਾ ਨਹੀਂ ਸੀ। ਵੈਸ਼ ਕਦੀ ਲੜਦਾ ਨਹੀਂ ਸੀ। ਇਸ ਲਈ ਇਹ ਧਾੜਵੀਆਂ ਅੱਗੇ ਮਰਨ ਦੀ ਥਾਂ ਹਥਿਆਰ ਸੁੱਟ ਦਿੰਦੇ ਸਨ ਸਗੋਂ ਉਹਨਾਂ ਦੇ ਨਾਲ ਰਲ ਕੇ ਭਾਰਤ ਦੀ ਤਬਾਹੀ ਕਰਾਉਂਦੇ ਸਨ। ਦੇਸ਼ ਦੀਆਂ ਦੌਲਤਾਂ ਤੇ ਔਰਤਾਂ ਦਾ ਉਧਾਲਾ ਹੁੰਦਾ ਸੀ ਤਾਂ ਇਹਨਾਂ ਨੂੰ ਕੋਈ ਤਕਲੀਫ ਨਹੀਂ ਸੀ ਹੁੰਦੀ। ਸੂਦਰ ਭੀੜ ਉੱਝ ਹੀ ਬੇਕਾਰ ਬਣਾ ਦਿੱਤੀ ਗਈ ਸੀ। ਪ੍ਰੰਤੂ ਜਿਉਂ ਹੀ ਮੂਲ ਵਾਸੀ ਭਾਰਤੀਆਂ ਨੇ ਵਿਦੇਸ਼ੀ ਵੈਦਿਕ ਆਰੀਆਂ ਵਿਰੁੱਧ ਲਾਮਬੰਦੀ ਕੀਤੀ, ਉਦੋਂ ਹੀ ਖੈਬਰ ਦੇ ਰਾਹੀਂ ਹਮਲੇ ਹੋਏ ਤੇ ਭਾਰਤ ਦਾ ਕਚਰਾ ਹੋਇਆ। ਪ੍ਰੰਤੂ ਬ੍ਰਾਹਮਣ ਨੇ ਵੈਸ਼ ਨੇ ਆਪਣੇ ਆਪ ਨੂੰ ਸੁਰੱਖਿਅਤ ਰੱਖਿਆ। ਦੁਸ਼ਮਣ ਦੀ ਛਾਇਆ ਹੇਠ ਜਾ ਕੇ, ਉਸਦਾ ਸਾਥ ਦੇ ਕੇ, ਉਸਦੇ ਰਾਜ ਵਿਚ ਬੈਠ ਕੇ।

ਮੌਰੀਆ ਕਾਲ ਵਾਂਗ ਮੂਲ ਵਾਸੀ ਸੂਦਰ ਆਪਣੀ ਆਜ਼ਾਦੀ, ਬਰਾਬਰੀ ਤੇ ਧਰਤੀ ਲਈ ਜਿਉਂ ਹੀ ਦੂਜੀ ਵਾਰ ਜੁੜੇ ਖੜ੍ਹੇ ਤਾਂ ਮੁਗਲ ਆ ਧਮਕੇ। ਬ੍ਰਾਹਮਣਾਂ ਨੇ ਰਾਜਪੂਤਾਂ ਨੇ ਮੁਗਲਾਂ ਨੂੰ ਡੋਲੇ ਦੇ ਕੇ, ਰਾਜ ਸੱਤਾ ਵਿਚ ਹਿੱਸੇਦਾਰੀ ਕਾਇਮ ਕਰ ਲਈ ਤੇ ਇਉਂ ਸੂਦਰਾਂ ਦਾ ਸਿੱਖ ਰਾਜ ਜੋ ਵੀ ਬਣਿਆ ਅੰਤ ਤਬਾਹ ਹੋ ਗਿਆ। ਵਿਦੇਸ਼ੀਆਂ ਦੀ ਗੱਦਾਰੀ ਕਾਰਨ ਜਾਂ ਉਹਨਾਂ ਦੀ ਗੱਦਾਰੀ ਕਾਰਨ ਜਿਹਨਾਂ ਨੇ ਉੱਚੇ ਭਰਮ ਵਿਚ ਆਪਣੇ ਆਪ ਨੂੰ ਉੱਚੇ ਮੰਨ ਲਿਆ ਤੇ ਗੱਦਾਰੀਆਂ ਕਰਨ ਦਾ ਲਾਭ ਵੀ ਕਮਾਇਆ। ਜਿਉਂ ਹੀ ਸਿੱਖ ਰਾਜ ਤਾਕਤਵਰ ਬਣਿਆ ਤਾਂ ਬਾਹਰੋਂ ਅੰਦਰੋਂ ਇੰਝ ਬੀਤੀ ਤੇ ਉਚ ਜਾਤੀਆਂ ਨੇ ਸਿੱਖ ਰਾਜ ਅੰਦਰੋਂ ਬਾਹਰੋਂ ਤਬਾਹ ਕਰ ਦਿੱਤਾ।

ਵਿਦੇਸ਼ੀ ਵੈਦਿਕਾਂ ਨੇ ਇਸ ਵਿਚ ਘੁਸਪੈਠ ਕੀਤੀ ਤੇ ਅੰਦਰੋਂ ਮਾਰ ਮਾਰੀ। ਹੋਰ ਵਿਦੇਸ਼ੀਆਂ ਨੂੰ ਬੁਲਾਇਆ। ਉਹਨਾਂ ਦੇ ਹਮਲਿਆਂ ਦਾ ਸਾਥ ਦਿੱਤਾ। ਵਿਚ ਰਹਿ ਕੇ ਮੂਲ ਵਾਸੀ ਸੱਤਾ ਨਾਲ ਗੱਦਾਰੀ ਕੀਤੀ। ਤਾਕਤਵਰਾਂ ਨੂੰ ਖੁਦ ਵੀ ਮਾਰਿਆ ਤੇ ਦੂਜੇ ਹੱਥੋਂ ਮਰਵਾਇਆ। ਜੋ ਸਿਧਾਂਤ ਤਾਕਤ ਦਿੰਦਾ ਸੀ, ਉਸ ਅੰਦਰ ਮਿਲਾਵਟ ਪੈਦਾ ਕੀਤੀ। ਜਾਤ-ਪਾਤ ਨੂੰ ਖੜ੍ਹਾ ਰੱਖਿਆ। ਤਾਕਤਵਰ ਬਣ ਗਏ ਸੂਦਰਾਂ ਨੂੰ ਜਾਂ ਤਾਂ ਆਪਸ ਵਿਚ ਲੜਾਇਆ ਜਾਂ ਫਿਰ ਵਿਦੇਸ਼ੀਆਂ ਨਾਲ ਟਕਰਾਈ ਰੱਖਿਆ ਤੇ ਆਪ ਸੱਤਾ 'ਚ ਵੜ ਕੇ ਦਾਅ ਲਾਈ। ਯਾਨਿ ਵੈਦਿਕ ਆਰੀਆਂ ਨੇ ਕਦੀ ਵੀ ਸੂਦਰਾਂ ਨੂੰ ਆਜ਼ਾਦੀ, ਬਰਾਬਰੀ, ਸਮਾਜਿਕ ਭਾਈਚਾਰੇ ਅਤੇ ਸਵੈਮਾਣ ਖਾਤਰ ਉੱਠਣ ਨਹੀਂ ਦਿੱਤਾ। ਵਿਦੇਸ਼ਾਂ ਤੋਂ ਆਇਆਂ ਦਾ ਸਵਾਗਤ ਕੀਤਾ। ਉਹਨਾਂ ਦਾ ਸਾਥ ਦਿੱਤਾ। ਮੂਲ ਵਾਸੀ ਸੱਭਿਆਚਾਰ ਦੀ ਤਬਾਹੀ ਕੀਤੀ ਤੇ ਕਰਵਾਈ। ਜਨਤਾ ਨੂੰ ਮੂਰਖ ਬਣਾਇਆ। ਮੂਰਖ ਬਣਾਉਣ ਲਈ ਲੋਭੀ ਸੂਦਰਾਂ ਦਾ ਖੂਬ ਇਸਤੇਮਾਲ ਕੀਤਾ, ਜੋ ਕਦੀ ਨਹੀਂ ਰੁਕਿਆ। ਇਸ ਦੇ ਬੇਸ਼ੁਮਾਰ ਪ੍ਰਮਾਣ ਹਨ।

ਜਿਉਂ ਹੀ ਮੁਲਕ ਵਿਚ ਹਿੰਦੂਆਂ ਦਾ ਚਹੇਤਾ ਮੁਗਲ ਰਾਜ ਮਰਨ ਕਿਨਾਰੇ ਪੁੱਜਿਆ, ਸਿੱਖ ਰਾਜ ਸਥਾਪਤ ਹੋਣ ਲੱਗਾ, ਸੂਦਰ ਮਰਾਠਾ ਰਾਜ ਵੀ ਉਭਰਨ ਲੱਗਾ। ਬ੍ਰਾਹਮਣ ਵਰਗ ਕਮਜ਼ੋਰ ਪਿਆ, ਪਰ ਮੂਲ ਵਾਸੀ ਤਾਕਤਾਂ ਦੇਸ਼ ਨੂੰ ਇਕ ਸੂਤਰ ਵਿਚ ਬੰਨ੍ਹਣ ਤੋਂ ਅਸਮਰੱਥ ਰਹੀਆਂ ਜਾਂ ਬ੍ਰਾਹਮਣ ਮੰਤਰੀਆਂ ਦੀਆਂ ਨੀਤੀਆਂ ਕਾਰਨ ਹੋਰ ਇਲਾਕਿਆਂ ਵਿਚ ਲੜਦੀਆਂ ਤੇ ਮਰਦੀਆਂ ਰਹੀਆਂ ਤੇ ਅੰਤ ਇਸੇ ਵਰਗ ਦੀ ਸ਼ੈਤਾਨੀ ਦਾ ਸ਼ਿਕਾਰ ਹੁੰਦੀਆਂ ਰਹੀਆਂ ਤੇ ਤਬਾਹ ਹੋ ਕੇ, ਇਹਨਾਂ ਵਿਦੇਸ਼ੀ ਲੋਕਾਂ ਲਈ ਮੈਦਾਨ ਖਾਲੀ ਕਰਦੀਆਂ ਰਹੀਆਂ, ਜਿਸਦੇ ਹਜ਼ਾਰਾਂ ਸਬੂਤ ਹਨ ਜੋ ਇਤਿਹਾਸਕ ਹਨ। ਪੁਖਤਾ ਹਨ। ਪੁਸਤਕਾਂ ਅੰਦਰ ਗੂੰਜ ਰਹੇ ਹਨ। ਮੁਗਲ ਰਾਜ ਬਨਾਮ ਮਰਾਠਾ ਸੂਦਰ ਰਾਜ ਬਨਾਮ ਸਿੱਖ ਰਾਜ ਯੁੱਧ ਅਤੇ ਭਾਰਤ ਦੀ ਤਬਾਹੀ ਸਿਖਰਾਂ 'ਤੇ ਸੀ ਤਾਂ ਤੀਜੀ ਹਮਲਾਵਰ ਸ਼ਕਤੀ ਗੋਰੀਆਂ ਕੌਮਾਂ ਨੇ ਭਾਰਤ ਅੰਦਰ ਪੈਰ ਪਾ ਲਿਆ। ਜੋ ਹੁਣ ਦੱਰ੍ਹਾ ਖੈਬਰ ਰਾਹੀਂ ਨਹੀਂ ਪਾਣੀਆਂ ਰਾਹੀਂ ਆਈਆਂ ਸਨ। ਇਸਨੂੰ ਸਮਝਣ ਲਈ ਮੈਂ ਹੈਰਾਨੀਜਨਕ ਦਸਤਾਵੇਜ਼ ਪੜ੍ਹੇ ਕਿ ਕਿਵੇਂ ਬੰਗਾਲੀ ਖੇਤਰਾਂ ਵਿਚ ਬ੍ਰਾਹਮਣ ਪੁਜਾਰੀਆਂ, ਜ਼ਿਮੀਂਦਾਰਾਂ, ਸ਼ਾਹੂਕਾਰਾਂ ਨਾਲ ਗੂੜਾ ਮੇਲ ਜੋਲ ਕਰਕੇ ਉਹਨਾਂ ਨੇ ਆਪਣੇ ਪੈਰ ਜਮਾਏ। ਬਹੁਤ ਦਰਦਨਾਕ ਸਥਿਤੀ ਹੈ ਉਹ ਦੇਸ਼ ਦੀ ਜਦੋਂ ਵੈਦਿਕ ਆਰੀਆਂ ਨੇ, ਦੂਜੀਆਂ ਯਹੂਦੀ ਆਰੀਆ ਨਸਲਾਂ ਦਾ ਸਵਾਗਤ ਕੀਤਾ ਅਤੇ ਉਹਨਾਂ ਦੀ ਸਥਾਪਤੀ ਲਈ ਜ਼ਬਰਦਸਤ ਭੂਮਿਕਾ ਨਿਭਾਈ। 1920 ਤੱਕ ਇਹ ਲੋਕ ਅੰਗਰੇਜ਼ੀ ਰਾਜ ਦੇ ਖੈਰ-ਖਾਹ ਬਣਦੇ ਰਹੇ ਤੇ ਸੂਦਰ ਦੀ ਮੁਕਤੀ ਵਿਰੁੱਧ ਡਟੇ ਰਹੇ।

ਤਦ ਦੇਸ਼ ਅੰਦਰ ਚਾਰ ਤਰ੍ਹਾਂ ਦੇ ਈਸ਼ਵਰਾਂ ਦਾ ਪ੍ਰਭਾਵ ਬਣਿਆ। ਆਤਮਾ-ਪ੍ਰਮਾਤਮਾ, ਅੱਲਾ, ਏਕਮਕਾਰ ਪਾਰਬ੍ਰਹਮ, ਨਿਰੰਕਾਰ ਅਤੇ ਗੌਡ। ਇਸਦਾ ਬੜਾ ਸਪੱਸ਼ਟ ਅਰਥ ਹੈ ਕਿ ਭਾਰਤ ਦੀ ਮੂਲਵਾਸੀ ਜਨਤਾ ਜੋ ਮੂਲ ਰੂਪ ਵਿਚ ਬੋਧੀ ਸੀ, ਇਕ ਦਿਨ ਮੁਸਲਮਾਨ ਬਣੀ, ਹਿੰਦੂ ਬਣੀ, ਸਿੱਖ ਬਣੀ ਤੇ ਫਿਰ ਈਸਾਈ ਬਣਨੀ ਸ਼ੁਰੂ ਹੋ ਗਈ। ਜਿਸਦਾ ਬੁਨਿਆਦੀ ਕਾਰਨ ਇਕੋ ਸੀ ਵਰਨ ਜਾਤ ਦਾ ਇਕੋ ਪਸਾਰਾ ਬ੍ਰਾਹਮਣੀ ਵੈਦਿਕ ਧਰਮ ਜਿਸਨੇ ਭਾਰਤ ਨੂੰ ਗੁਲਾਮੀ ਵਿਚ ਜਕੜ ਰੱਖਿਆ ਸੀ, ਸਿੰਧੂ ਭਾਰਤੀ ਸੱਭਿਅਤਾ ਦਾ ਘਾਣ ਕਰਕੇ। ਜਿਸਨੇ ਪੂਰੇ ਭਾਰਤ ਨੂੰ ਵਰਨ ਜਾਤ, ਉਚ ਨੀਚ, ਛੂਤ ਛਾਤ ਦੀ ਘਿਰਣਾ ਨਾਲ ਵੰਡ ਰੱਖਿਆ ਹੈ। ਤੇ ਇਸ ਨੂੰ ਸਥਾਪਤ ਰੱਖਣ ਲਈ ਇਸ ਵਰਗ ਨੇ ਦੇਸ਼ ਅੰਦਰ ਕਮਜ਼ੋਰ ਪੈਂਦਿਆਂ ਹੀ ਵਿਦੇਸ਼ੀ ਧਾੜਵੀਆਂ ਨਾਲ ਸਾਂਝਾਂ ਪਾਈਆਂ। ਸਵਾਗਤ ਕੀਤਾ। ਸਾਥ ਦਿੱਤਾ। ਤਬਾਹੀ ਮਚਾਈ ਅਤੇ ਸੱਤਾ ਵਿਚ ਭਾਗੀਦਾਰੀ ਕਾਇਮ ਕੀਤੀ।

ਸਿੱਟੇ ਵਜੋਂ ਮੰਨਿਆ ਜਾ ਸਕਦਾ ਹੈ ਕਿ ਭਾਰਤ ਅੰਦਰ ਤਿੰਨ ਵਿਦੇਸ਼ੀ ਧਰਮ ਹਨ।

(1) ਵੈਦਿਕ ਬ੍ਰਾਹਮਣੀ ਧਰਮ/ ਹਿੰਦੂ ਧਰਮ
(2) ਇਸਲਾਮ
(3) ਈਸਾਈ ਧਰਮ

ਦੋ ਮੂਲਵਾਸੀ ਧਰਮ ਹਨ:

(1) ਬੁੱਧ ਦਾ ਧਰਮ ਵਿਗਿਆਨਕ
(2) ਸੰਤ ਗੁਰੂਆਂ ਦਾ ਸਿੱਖ ਧਰਮ ਵਿਗਿਆਨ

ਇਹਨਾਂ ਦੋਹਾਂ ਧਰਮਾਂ ਅੰਦਰ ਪੂਰਨ ਸਾਂਝੀਦਾਰੀ ਹੈ। ਦੋਹਾਂ ਵਿਚ ਨਾ ਆਤਮਾ ਹੈ ਨਾ ਪ੍ਰਮਾਤਮਾ। ਨਾ ਨਰਕ ਹੈ ਨਾ ਸੁਰਗ ਤੇ ਨਾ ਜੂਨੀ ਚੱਕਰ। ਉਪਰਲੇ ਤਿੰਨਾਂ ਵਿਚ ਆਪਸੀ ਕੋਈ ਸਮਝ ਨਹੀਂ। ਜ਼ਰਾ ਵੀ ਸਾਂਝ ਨਹੀਂ। ਪ੍ਰੰਤੂ ਤਿੰਨਾਂ ਪਾਸ ਆਤਮਾ ਹੈ, ਰੂਹ ਹੈ, ਈਸ਼ਵਰ ਹੈ। ਮਰਨ ਉਪਰੰਤ ਮੁਕਤੀ ਗਤੀ ਅਤੇ ਨਰਕ ਸੁਰਗ ਹੈ, ਜੰਨਤ ਹੈ। ਬ੍ਰਾਹਮਣੀ ਧਰਮ ਤੇ ਇਸਲਾਮ ਵਿਚ ਪੁਨਰ ਜਨਮ ਹੈ। ਮੁਸਲਮਾਨਾਂ ਦਾ ਯਕੀਨ ਹੈ ਕਿ ਕਿਆਮਤ ਦੇ ਦਿਨ ਮੁਸਲਮਾਨ ਕਬਰਾਂ ਵਿਚੋਂ ਉੱਠ ਖੜ੍ਹੇ ਹੋਣਗੇ। ਹਿੰਦੂ ਧਰਮ ਦਾ ਜੂਨੀ ਚੱਕਰ ਵਿਚ ਪੂਰਨ ਭਰੋਸਾ ਹੈ। ਈਸਾਈ ਧਰਮ ਵਿਚ ਜੂਨੀ ਚੱਕਰ ਤਾਂ ਨਹੀਂ ਹੈ ਪ੍ਰੰਤੂ ਮਰਨ ਉਪਰੰਤ ਈਸ਼ਵਰ ਤੇ ਮੁਕਤੀ ਜ਼ਰੂਰ ਹੈ।

ਕਿਉਂਕਿ ਬੁੱਧ ਦੇ ਧਰਮ ਵਾਲੇ ਮੌਰੀਅਨ ਰਾਜ ਦੂਜੀ, ਤੀਜੀ ਪੂਰਵ ਈਸਵੀ ਬਾਅਦ ਬਾਰਵੀ ਸਦੀ ਤੱਕ ਵਿਦੇਸ਼ੀ ਧਾੜਵੀਆਂ ਦੀ ਮਾਰ ਕਾਟ ਦਾ ਸ਼ਿਕਾਰ ਰਿਹਾ, ਇਸ ਕਰਕੇ ਇਸ ਦਾ ਭਾਰਤ ਅੰਦਰ ਵਿਕਾਸ ਰੁਕ ਗਿਆ। ਜਨਤਾ ਜਾਂ ਤਾਂ ਅਛੂਤ ਸੂਦਰ ਹਿੰਦੂ ਬਣੀ ਰਹੀ ਤੇ ਜਾਂ 1000 ਸਾਲ ਦੇ ਇਸਲਾਮੀ ਰਾਜ ਵਿਚ ਮੁਸਲਮਾਨ ਬਣ ਗਈ। ਇਹੀ ਕਾਰਨ ਹੈ ਕਿ ਅਖੰਡ ਭਾਰਤ ਵਿਚ ਹਿੰਦੂ ਸੂਦਰਾਂ ਅਤੇ ਮੁਸਲਮਾਨ ਸੂਦਰਾਂ (ਮੂਲਵਾਸੀ ਭਾਰਤੀਆਂ) ਦੀ ਗਿਣਤੀ ਬਰਾਬਰ ਹੈ। ਜੋ ਦੋਹਾਂ ਹੀ ਧਰਮਾਂ ਵਿਚ 80 ਤੋਂ 90 ਫੀਸਦੀ ਹਨ। ਪ੍ਰੰਤੂ ਕਬਜਾ ਜਾਂ ਤਾ ਵਿਦੇਸ਼ੀ ਆਰੀਆਂ ਦਾ ਹੈ ਜਾਂ ਵਿਦੇਸ਼ੀ ਖਾਨਾਂ, ਪਠਾਣਾਂ, ਸੱਯਦਾਂ ਦਾ ਜਾਂ ਬ੍ਰਾਹਮਣ ਕਸ਼ੱਤਰੀ, ਵੈਸ਼ ਤੋਂ ਧਰਮ ਪ੍ਰਵਰਤਿਤ ਮੁਸਲਮਾਨਾਂ ਦਾ। ਈਸਾਈ ਧਰਮ ਦਾ ਸਮਾਂ ਕੇਵਲ 200 ਸਾਲ ਦਾ ਹੈ। ਇਸ ਲਈ ਬਹੁਤ ਘੱਟ ਗਿਣਤੀ ਵਿਚ ਸੂਦਰਾਂ ਨੇ ਇਸ ਧਰਮ ਵਿਚ ਪ੍ਰਵੇਸ਼ ਕੀਤਾ।

ਬੁੱਧ ਦੇ ਧਰਮ ਅਤੇ ਸੱਭਿਆਚਾਰ ਨੂੰ ਵਿਦੇਸ਼ੀ ਬ੍ਰਾਹਮਣੀ ਤਾਕਤਾਂ ਅਤੇ ਇਸਲਾਮੀ ਹਮਲਾਵਰਾਂ ਨੇ ਮਿਲ ਕੇ ਕਰੀਬ 1500 ਸਾਲ ਤੱਕ ਤਬਾਹ ਕੀਤਾ। ਇਸ ਕਰਕੇ ਇਹ 1956 ਤੱਕ ਬੁਰੀ ਤਰ੍ਹਾਂ ਗਾਇਬ ਹੋਇਆ ਰਿਹਾ। ਸਿੱਖ ਧਰਮ ਜੋ ਮੂਲਵਾਸੀ ਧਰਮ ਹੈ, ਨੂੰ ਵਧਣ ਫੁੱਲਣ ਤੇ 500 ਸਾਲ ਲੱਗਾ, ਜਿਸਨੂੰ ਰੋਕਣ ਲਈ ਵੈਦਿਕ ਬ੍ਰਾਹਮਣੀ ਤਾਕਤਾਂ ਅਤੇ ਮੁਗਲ ਤਾਕਤਾਂ ਇੱਕਜੁਟ ਰਹੀਆਂ। ਪਹਿਲੀ ਵਾਰੀ ਦੇਸ਼ ਭਾਸ਼ਾ ਪਾਲੀ ਵਿਚ ਤੇ ਦੂਸਰੀ ਵਾਰ ਪਾਲੀ ਦੀ ਧੀਅ ਹਿੰਦੀ, ਪੰਜਾਬੀ ਵਿਚ ਲਿਖਿਆ ਗਿਆ ਸਮਝ। ਇਸ ਲਈ ਕਰੀਬ 100 ਸਾਲ ਦੀ

(ਬਾਕੀ ਅਗਲੇ ਸਫੇ ਤੇ)

# ਅਸੀਂ ਕੀ ਹਾਂ? ਨਹੀਂ ਪਤਾ

ਸਿੱਖ ਸੱਤਾ, ਅੰਗਰੇਜ਼ੀ ਰਾਜ ਦੀ ਪਕੜ ਤੱਕ, ਹਿੰਦੂ ਗੱਦਾਰਾਂ ਦੇ ਕਾਰਨ ਬਰਬਾਦ ਹੋ ਗਈ ਤੇ ਧਰਮ 'ਤੇ ਬ੍ਰਾਹਮਣੀ ਤਾਕਤਾਂ ਦਾ ਕਬਜ਼ਾ ਹੋ ਗਿਆ। ਸਿੱਟੇ ਵਜੋਂ ਮੂਲਵਾਸੀ ਧਰਮ, ਜਾਤਪਾਤੀ ਲੋਕਾਂ ਅਤੇ ਹਿੰਦੂ ਮਾਨਸਿਕਤਾ ਦੇ ਹੱਥ ਚੜ੍ਹ ਗਿਆ ਤੇ ਇਕ ਪਾਖੰਡ ਦਾ ਆਡੰਬਰ ਬਣ ਗਿਆ। 90 ਪ੍ਰਤੀਸ਼ਤ ਸਿੱਖ ਸਮਾਜ ਹਿੰਦੂ ਮਾਨਸਿਕਤਾ ਵਾਲਾ ਹੀ ਹੈ।

ਇਉਂ ਭਾਰਤ ਦਾ ਮੂਲ ਵਾਸੀ ਕਿਸੇ ਵੀ ਸਥਿਤੀ ਵਿਚ ਆਪਣੀ ਵਿਵਸਥਾ ਨੂੰ ਕਾਇਮ ਨਹੀਂ ਰੱਖ ਸਕਿਆ ਤੇ ਵਾਰ-ਵਾਰ ਵਿਦੇਸ਼ੀ ਧਰਮਾਂ ਵਿਚ ਆਪਣੀ ਮੁਕਤੀ ਤੇ ਆਜ਼ਾਦੀ ਭਾਲਦਾ ਰਿਹਾ। ਖਾਸ ਕਰਕੇ ਹਿੰਦੂ ਧਰਮ ਵਿਚੋਂ ਹੀ ਜੋ ਇਸਦੀ ਆਜ਼ਾਦੀ, ਬਰਾਬਰੀ ਅਤੇ ਸਵੈਮਾਣ ਦੀ ਤਬਾਹੀ ਦਾ ਮੂਲ ਕਾਰਨ ਹੈ।

ਜਿਉਂ ਹੀ ਦੇਸ਼ ਅੰਦਰ ਲੋਕਤੰਤਰੀ ਗਣਰਾਜ ਸਥਾਪਤ ਹੋਇਆ, ਜਿਸਨੇ ਬ੍ਰਾਹਮਣੀ ਵਿਦੇਸ਼. ਵਿਵਸਥਾ ਨੂੰ ਸਿੱਧੀ ਮਾਰ ਮਾਰੀ ਅਤੇ 1956 ਵਿਚ ਮਹਾਨ ਸੰਤ ਅੰਬੇਡਕਰ ਦੁਆਰਾ ਬੁੱਧ ਧਰਮ ਦੀ ਪੁਨਰ ਸੁਰਜੀਤੀ ਹੋਈ ਤਾਂ ਦੇਸ਼ ਨੂੰ ਲੱਖਾਂ ਮੰਦਰਾਂ, ਕਾਰਨ ਸਾਧੂ ਸੰਤਾਂ, ਸੰਪਰਦਾਵਾਂ, ਡੇਰਿਆਂ, ਦੇਵੀ ਦੇਵਤਿਆਂ, ਜਗਤ ਗੁਰੂਆਂ, ਬਾਬਿਆਂ, ਨਾਂਗਿਆਂ, ਤੀਰਥਾਂ, ਧਾਰਮਿਕ ਖੰਡਰਾਂ, ਪੱਥਰ ਮੂਰਤੀਆਂ, ਭਜਨਾਂ, ਬੰਦਗੀਆਂ, ਅਰਦਾਸਾਂ, ਢੋਲਕੀਆਂ, ਛੈਣਿਆਂ, ਭਜਨ ਬਾਣੀਆਂ, ਈਸ਼ਵਰਾਂ, ਯਾਤਰਾਵਾਂ, ਦਰਸ਼ਨਾਂ, ਇਸ਼ਨਾਨਾਂ, ਪੁੰਨਿਆਂ-ਮੱਸਿਆ, ਮੜ੍ਹੀਆਂ ਮਸਾਣਾਂ, ਦਰਗਾਹਾਂ, ਗੁਰਦੁਆਰਿਆਂ, ਮੰਦਰਾਂ, ਗਿਰਜਿਆਂ, ਮਸੀਤਾਂ, ਜੰਡ ਬਾਬਿਆਂ, ਜਟਾਧਾਰੀਆਂ, ਪਾਖੰਡੀਆਂ, ਪੁਜਾਰੀਆਂ-ਭਾਈਆਂ, ਕੀਰਤਨੀਆਂ, ਪੂਜਕਾਂ, ਭਗਤਾਂ, ਨਹਾਉਣਾਂ ਆਦਿ ਨਾਲ ਇੰਨਾ ਭਰ ਦਿੱਤਾ, ਇੰਨਾ ਭਰ ਦਿੱਤਾ ਕਿ ਜਨਮ ਤੋਂ ਮਰਨ ਤੱਕ ਬੱਚੇ ਦਾ ਪੈਰ ਪੈਰ ਤੇ ਸਾਹਮਣਾ ਇਸੇ ਵਰਤਾਰੇ ਨਾਲ ਹੁੰਦਾ ਹੈ, ਚੌਵੀ ਘੰਟੇ ਜਿਸਨੇ ਲੋਕਤੰਤਰੀ ਦਫਤਰ ਅਤੇ ਨਿਰਮਾਣ ਕਾਰਜਾਂ ਨੂੰ ਵੀ ਕਬਜੇ ਵਿਚ ਲੈ ਲਿਆ ਹੈ। ਜਿਹਨਾਂ ਕਾਰਨ ਬੰਦੇ ਦੇ ਅੰਦਰੋਂ, ਮੂਲ ਵਾਸੀਆਂ ਦੇ ਅੰਦਰੋਂ ਔਰਤਾਂ ਤੇ ਬੱਚਿਆਂ ਦੇ ਅੰਦਰੋਂ, ਆਜ਼ਾਦੀ, ਬਰਾਬਰੀ, ਭਾਈਚਾਰੇ ਤੇ ਸਵੈਮਾਣ ਦੀ ਸੋਚ ਹੀ ਮਰ ਮੁੱਕ ਗਈ ਹੈ ਅਤੇ ਸ਼ੂਦਰ ਗੁਲਾਮ ਜਨਤਾ ਜੋ 90 ਫੀਸਦੀ ਹੈ, ਲੱਖ ਤਰ੍ਹਾਂ ਦੇ ਧਰਮ ਅਧਰਮ ਗਲ ਵਿਚ ਲਟਕਾਈ ਥਾਂ-ਥਾਂ ਭਟਕ ਰਹੀ ਹੈ। ਕੋਈ ਕੱਲ੍ਹ ਕੀ ਸੀ, ਅੱਜ ਕੀ ਹੈ, ਸਵੇਰ ਨੂੰ ਕੀ ਹੋ ਜਾਵੇਗਾ, ਪਤਾ ਹੀ ਨਹੀਂ ਚੱਲਦਾ। ਮੈਂ ਵਿਦੇਸ਼ੀ ਵੈਦਿਕ ਧਰਮ ਜਿਸਨੂੰ ਸੰਤ ਕਬੀਰ ਨੇ ਗੁਰੂ ਨਾਨਕ ਅਤੇ ਅੰਬੇਡਕਰ ਵਾਰ ਵਾਰ ਅਧਰਮ ਕਹਿੰਦੇ ਹਨ, ਵਿਰੁੱਧ, ਇਕ ਬੁੱਧ ਵਾਂਗ ਇਕ ਸਿੱਖ ਵਾਂਗ ਇਕ ਅੰਬੇਡਕਰੀ ਵਾਂਗ ਜੂਝ ਰਿਹਾ ਹਾਂ। ਮੇਰੇ ਨਾਲ ਲੱਖਾਂ ਲੋਕ ਤੁਰੇ। ਤੁਰ ਰਹੇ ਹਨ, ਪ੍ਰੰਤੂ ਸਵੇਰ ਨੂੰ ਕਿਹੋ ਜਿਹਾ ਕਾਣਾ ਉੱਗ ਆਵੇ ਕੁਝ ਨਹੀਂ ਕਿਹਾ ਜਾ ਸਕਦਾ। ਕੁਝ ਵੀ ਨਹੀਂ। ਉਹ ਸਭ ਜੋ ਕਦੀ ਮਿਸ਼ਨਰੀ ਹੋਣ ਦੇ ਦਾਅਵ ਕਰਦੇ ਸਨ, ਅੱਜ ਤਰ੍ਹਾਂ ਤਰ੍ਹਾਂ ਦੇ ਗੁਰੂ ਬਾਬਿਆਂ, ਪਿਤਾ ਪਾਤਸ਼ਾਹਾਂ, ਦੇਵੀ ਦੇਵਤਿਆਂ, ਜਗਤ ਗੁਰੂਆਂ ਦੇ ਭਗਤ ਹਨ। ਗੁੱਟਾਂ ਤੇ ਮੌਲੀਆਂ ਹਨ। ਮੱਥਿਆਂ ਤੇ ਟਿੱਕੇ ਹਨ। ਕੋਈ ਦੁਰਗਾ ਭਗਤ ਹੈ। ਕੋਈ ਸ਼ਿਵ ਭਗਤ, ਕੋਈ ਹਨੂੰਮਾਨ ਭਗਤ, ਕੋਈ ਰਾਮ ਕ੍ਰਿਸ਼ਨ ਦਾ ਪੁਜਾਰੀ, ਕੋਈ ਗਊ ਭਗਤ। ਡਰਾਇੰਗ ਰੂਮਾਂ ਅੰਦਰ ਦੁਰਗਾ ਵੀ ਹੈ, ਸ਼ਿਵਜੀ ਵੀ, ਹਨੂੰਮਾਨ ਵੀ, ਅੰਬੇਡਕਰ ਵੀ ਨਾਨਕ ਵੀ ਤੇ ਕਿਤੇ ਬੁੱਧ ਵੀ। ਬਹੁਤ ਘਾਲਾ ਮਾਲਾ ਹੋ ਗਿਆ ਹੈ। ਮਨੁੱਖੀ ਸੋਚ ਦਾ ਕਚਰਾ ਬਣ ਗਿਆ ਹੈ।

ਪਿਛਲੇ 2600 ਸਾਲ ਦਾ ਸਮਾਜਿਕ, ਧਾਰਮਿਕ, ਰਾਜਨੀਤਿਕ ਵਰਤਾਰਾ ਤੇ ਅਕਲ ਬਕਲ ਮੇਰੇ ਸਾਹਮਣੇ ਹੈ ਮੇਰੇ ਜਿਹਨ ਵਿਚ। ਪ੍ਰੰਤੂ ਕੋਈ ਸਮਾਜ ਇਕ ਹਿੰਦੂਆਂ ਨੂੰ ਛੱਡ ਕੇ, ਕਿਸੇ ਵੀ ਥਾਂ ਆਪਣਾ ਵੀ ਸਕਾ ਨਹੀਂ ਹੈ। ਸਵੇਰੇ ਉਹ ਕਿਹੋ ਜਿਹੇ ਸੂਰਜ ਦੇਵਤੇ ਤੇ ਜਗਤ ਗੁਰੂਆਂ ਪਿਤਾ ਪਾਤਸ਼ਾਹਾਂ ਪਿੱਛੇ ਦੌੜ ਪਵੇਗਾ, ਕੋਈ ਪਤਾ ਨਹੀਂ। ਰਾਤੀ ਮੈਂ ਅੰਮ੍ਰਿਤਧਾਰੀ ਸਿੰਘਾਂ ਦੀ ਇਕ ਮੂਵੀ ਵੇਖ ਰਿਹਾ ਸਾਂ ਜੋ ਧੂੰਮ-ਧੜੱਕੇ ਨਾਲ, ਤਬਲੇ ਦੀ ਥਾਪ ਤੇ, ਗੁਰੂ ਗੋਬਿੰਦ ਸਿੰਘ ਦਾ ਜਾਪ ਪੜ੍ਹ ਰਹੇ ਸਨ ਤੇ ਧਰਤੀ 'ਤੇ ਸਿਰ ਝੁਕਾਉਂਦੇ ਇਉਂ ਫੜਕ ਰਹੇ ਸਨ, ਜਿਵੇਂ ਕੋਈ ਯੋਗਾ ਜਾਂ ਪੀ ਟੀ. ਕਰ ਰਹੇ ਹੋਣ। ਕਦੀ ਇਹਨਾਂ ਨੂੰ ਵਾਜੇ ਢੋਲਕੀਆਂ ਭੰਨਦੇ ਤੇ ਬੁੜ੍ਹਕ ਬੁੜ੍ਹਕ ਕੇ ਸ਼ਬਦ ਗਾਉਂਦੇ ਤੇ ਭੂਤਾਂ ਦੇ ਵੱਸ ਪਿਆਂ ਵਾਂਗ ਸਿਰ ਮਾਰਦੇ ਗਾਉਂਦੇ ਵੇਖਦੇ ਹਾਂ। ਇਹ ਸਭ ਜਾਂ ਤਾਂ ਪਾਖੰਡੀ ਹਨ ਜਾਂ ਸ਼ੂਦਰ ਅਛੂਤ ਜਿਹਨਾਂ ਦੀ ਕਰੀਬ 2000 ਸਾਲ ਤੋਂ ਬੁੱਧੀ ਗੁਆਚ ਗਈ ਹੈ। ਤੇ ਇਹ ਥਾਂ-ਥਾਂ ਭਾਲਦੇ ਦੌੜ ਰਹੇ ਹਨ। ਜੋ ਪੜ੍ਹ-ਲਿਖ ਗਏ ਹਨ, ਉਹ ਵੀ 90 ਫੀਸਦੀ ਇਸੇ ਮਾਰਗ-ਕੁਮਾਰਗ ਦੇ ਪਾਹਰੂ ਹਨ। ਪੜ੍ਹਨ ਜਾਂ ਨਾ ਪੜ੍ਹਨ ਨਾਲ ਸਥਾਪਤ ਮਾਨਸਿਕਤਾ ਨਹੀਂ ਬਦਲਦੀ।

ਇਕ ਲੋਕ ਕਥਾ ਸੁਣਿਆ ਕਰਦੇ ਸਨ ਕਿ ਗਧਾ ਨੌ ਮਣ ਸਾਬਣ ਲਾ ਕੇ ਵੀ ਨਹੀਂ ਬਦਲਦਾ। ਇਸ ਸੱਚ ਨੂੰ ਭਾਰਤ ਦੀ ਗੁਲਾਮ ਸ਼ੂਦਰ ਭੀੜ ਨੇ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ। ਜਿਸ ਕਰਕੇ ਵਿਦੇਸ਼ੀ ਵੈਦਿਕ ਆਰੀਆਂ ਨੇ ਸਾਡੇ ਤੇ 3000 ਸਾਲ ਤੋਂ ਕਾਠੀ ਪਾ ਰੱਖੀ ਹੈ ਤੇ ਸਾਨੂੰ ਉਸਦੀ ਬਦਬੂਈ ਭੜਾਸ ਦਾ ਵੀ ਆਨੰਦ ਆਉਣ ਲੱਗਾ ਹੈ।

ਇਹ ਆਨੰਦ ਇੰਨਾ ਭਾਰੂ ਹੈ ਕਿ ਇਕ ਝੋਟਾ ਮਰਦਾ ਹੈ ਤਾਂ ਅਸੀਂ ਸਾਰੇ ਨੂੰ ਚਿੱਚੜ ਬਣ ਕੇ ਚੁੰਬੜ ਜਾਂਦੇ ਹਾਂ। ਸਾਡੇ ਅੰਦਰੋਂ ਸਵੈਮਾਣ ਅਤੇ ਸਨਮਾਨ ਦਾ ਜਜ਼ਬਾ ਮਰ ਗਿਆ ਹੈ। ਅਸੀਂ ਗੁਲਾਮੀ ਵਾਲੇ ਬੰਧਨਾਂ ਦੀ ਸਿਫਤ ਦੇ ਗੀਤ ਗਾਉਂਦੇ ਹਾਂ ਅਤੇ ਜੋ ਆਜ਼ਾਦੀ, ਬਰਾਬਰੀ ਅਤੇ ਸਨਮਾਨ ਲਈ ਸਹੀ ਲੜਦੇ ਹਨ ਉਹਨਾਂ ਨੂੰ ਡੰਗਰਾਂ ਸੋਟੇ ਖਿੱਚੀ ਰੱਖਦੇ ਹਾਂ।

ਉਦੋਂ ਤੱਕ ਮਗਰਾ ਕਰਦੇ ਹਾਂ, ਜਦੋਂ ਤੱਕ ਉਸਦਾ ਖਿਆਲ ਤੱਕ ਵੀ ਗੁਆਚ ਨਾ ਜਾਵੇ। ਇਸੇ ਕਰਕੇ ਮੈਂ ਲਿਖਦਾ ਹਾਂ ਕਿ ਇਹਨਾਂ ਬਸਤੀਆਂ ਤੋਂ ਬਚ ਕੇ ਰਹਿਣ। ਜਿਹਨਾਂ ਨੇ ਬੁੱਧ ਕਬੀਰ ਨਾਨਕ ਤੇ ਅੰਬੇਡਕਰ ਸਭ ਨੂੰ ਨਿਗਲ ਲਿਆ ਹੈ। ਤੇ ਦੁਸ਼ਮਣ ਦੀ ਪੂਜਾ ਕੀਤੀ ਹੈ ਪੀੜ੍ਹੀ ਦਰ ਪੀੜ੍ਹੀ। ਇਹ ਬਹੁਤ ਭਿਆਨਕ ਜੰਗਲ ਵਾਂਗ ਹਨ। ਕੋਈ ਬੇਧਿਆਨਾ ਹੋਇਆ ਤੇ ਮਾਰਿਆ ਗਿਆ ਸਮਝੋ।

## ਮਾਹਵਾਰੀ ਦੀਆਂ ਗਲਤ ਧਾਰਨਾਵਾਂ ਬਾਰੇ ਇਸਤਰੀਆਂ ਹੋਈਆਂ ਜਾਗ੍ਰਿਤ

# ਪੰਜਾਬ ਦੀ ਬੇਟੀ ਨੇ ਚੁੱਕਿਆ ਪੁਜਾਰੀਵਾਦ ਤੇ ਫਿਊਡਲ ਸਮਾਜ ਵਿਰੁੱਧ ਕ੍ਰਾਂਤੀਕਾਰੀ ਕਦਮ



ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ

ਸੋਸ਼ਲ ਮੀਡੀਆ ਵਿੱਚ ਬਲਾਤਕਾਰਾਂ, ਘਰੇਲੂ ਹਿੰਸਾ, ਇਸਤਰੀ ਨਾਲ ਹੋ ਰਹੇ ਅੱਤਿਆਚਾਰਾਂ ਤੇ ਅਸਹਿਣਸ਼ੀਲਤਾ ਦੇ ਖ਼ਿਲਾਫ਼ ਖ਼ੂਬ ਅਵਾਜ਼ ਉਠਾਈ ਜਾ ਰਹੀ ਹੈ। ਇਸ ਦੌਰਾਨ ਅਚਾਨਕ ਫੇਸਬੁਕ ਅਤੇ ਟਵਿੱਟਰ 'ਤੇ 'ਹੈਪੀ ਟੂ ਬਲੀਡ' ਲਿਖੇ ਸੈਨੇਟਰੀ ਨੈਪਕਿਨ ਅਤੇ ਪੋਸਟਰ ਹੱਥ ਵਿੱਚ ਲਈ ਲੜਕੀਆਂ ਦੀਆਂ ਤਸਵੀਰਾਂ ਵੀ ਨਜ਼ਰ ਆਉਣ ਲੱਗੀਆਂ ਹਨ। ਇਸ ਮੁਹਿੰਮ ਰਾਹੀਂ ਲੜਕੀਆਂ ਮਰਦ ਪ੍ਰਧਾਨ ਸਮਾਜ ਨੂੰ ਸਮਝਾਉਣਾ ਚਾਹੁੰਦੀਆਂ ਹਨ ਕਿ ਇਸਤਰੀਆਂ ਨੂੰ ਹੋਣ ਵਾਲੀ ਮਹੀਨਾਵਾਰੀ ਬਲੀਡਿੰਗ ਜਾਂ ਮਾਹਵਾਰੀ ਦੀ ਘਟਨਾ ਕੁਦਰਤੀ ਵਰਤਾਰਾ ਹੈ। ਇਸ ਦੇ ਆਧਾਰ 'ਤੇ ਉਨ੍ਹਾਂ ਨਾਲ ਦੂਜੇ ਦਰਜੇ ਦਾ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ ਤੇ ਨਾ ਹੀ ਨਫ਼ਰਤ ਕੀਤੀ ਜਾਣੀ ਚਾਹੀਦੀ ਹੈ। ਸੁਆਲ ਇਹ ਹੈ ਕਿ ਆਖਿਰ ਲੜਕੀਆਂ ਨੂੰ ਅਜਿਹਾ ਸਖ਼ਤ ਕਦਮ ਕਿਉਂ ਚੁੱਕਣਾ ਪਿਆ? ਇੱਥੇ ਜ਼ਿਕਰਯੋਗ ਹੈ ਕਿ 13 ਨਵੰਬਰ ਨੂੰ ਕੇਰਲ ਦੇ ਪ੍ਰਸਿੱਧ 'ਸਾਬਰੀਮਾਲਾ ਮੰਦਰ' ਦੇ ਤ੍ਰਾਵਣਕੋਰ ਦੇਵਾ ਆਸ਼ਰਮ ਬੋਰਡ ਦੇ ਨਵੇਂ ਚੁਣੇ ਪ੍ਰਧਾਨ ਪ੍ਰਯਾਰ ਗੋਪਾਲਕ੍ਰਿਸ਼ਣਨ ਨੇ ਟਾਈਮਜ਼ ਆਫ ਇੰਡੀਆ ਅਖਬਾਰ ਵਿੱਚ ਇਹ ਕਿਹਾ ਸੀ ਕਿ ਜਦੋਂ ਤੱਕ ਹਵਾਈ ਅੱਡੇ 'ਤੇ ਹਥਿਆਰ ਚੈੱਕ ਕਰਨ ਵਰਗੀ ਕੋਈ ਸਕੈਨ ਮਸ਼ੀਨ ਔਰਤਾਂ ਦੀ ਪਵਿੱਤਰਤਾ ਜਾਂਚ ਲਈ ਉਪਲੱਬਧ ਨਹੀਂ ਹੁੰਦੀ, ਉਦੋਂ ਤੱਕ ਔਰਤਾਂ ਦਾ ਮੰਦਰ ਵਿੱਚ ਜਾਣ ਦੀ ਮਨਾਹੀ ਹੋਵੇਗੀ। ਕੇਰਲ ਦੇ ਇਸ ਪ੍ਰਸਿੱਧ ਤੀਰਥ ਸਥਾਨ 'ਤੇ 10 ਸਾਲ ਤੋਂ 50 ਸਾਲ ਦੀ ਉਮਰ ਤੱਕ ਦੀਆਂ ਔਰਤਾਂ ਦੇ ਮੰਦਰ ਜਾਣ 'ਤੇ ਪਾਬੰਦੀ ਹੈ। ਗੋਪਾਲਕ੍ਰਿਸ਼ਣਨ ਦਾ ਮੰਨਣਾ ਸੀ ਕਿ ਇਹ ਤਾਂ ਇਤਿਹਾਸਕ ਪਰੰਪਰਾ ਹੈ ਕਿ ਦਸ ਸਾਲ ਤੋਂ ਵੱਡੀ ਤੇ ਪੰਜਾਹ ਸਾਲ ਤੋਂ ਘੱਟ ਉੱਪਰ ਦੀ ਔਰਤ ਸਾਬਰੀਮਲਾ ਮੰਦਰ ਵਿੱਚ ਨਹੀਂ ਜਾ ਸਕਦੀ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੰਦਰ ਵਿੱਚ ਸਥਾਪਿਤ ਦੇਵ ਅਯੱਪਾ ਬ੍ਰਹਮਚਾਰੀ ਸਨ ਅਤੇ ਇਸ ਲਈ ਔਰਤਾਂ (ਜਿਨ੍ਹਾਂ ਨੂੰ ਮਾਹਵਾਰੀ ਆਉਂਦੀ ਹੈ) ਮੰਦਰ ਵਿੱਚ ਨਹੀਂ ਜਾ ਸਕਦੀਆਂ।

ਫਿਲਹਾਲ, ਪ੍ਰਯਾਰ ਗੋਪਾਲਕ੍ਰਿਸ਼ਣਨ ਦੇ ਇਸ ਕਥਿਤ ਬਿਆਨ ਤੋਂ ਬਾਅਦ ਪਟਿਆਲਾ ਤੋਂ ਬੀਏ ਕਰ ਰਹੀ 20 ਸਾਲ ਦੀ ਨਿਕਿਤਾ ਨੇ ਫੇਸਬੁੱਕ 'ਤੇ ਹੈਪੀ ਬਲੀਡ ਪੇਜ ਬਣਾਇਆ, ਜਿਸ ਵਿੱਚ ਉਸ ਨੇ ਔਰਤਾਂ ਨੂੰ ਪ੍ਰੇਰਿਤ ਕੀਤਾ ਹੈ ਕਿ ਉਹ ਦਰਦ ਜਾਂ ਸੈਨੀਟਰੀ ਨੈਪਕਿਨ ਲੈ ਕੇ ਆਪਣੀ ਤਸਵੀਰ ਪੋਸਟ ਕਰਨ ਤਾਂ ਕਿ ਸਦੀਆਂ ਪੁਰਾਣੇ ਇਸ ਮਰਦ ਪ੍ਰਧਾਨ ਸਮਾਜ ਵੱਲੋਂ ਔਰਤਾਂ ਨੂੰ ਸ਼ਰਮਿੰਦਾ ਕਰਨ ਵਾਲੇ ਇਸ ਖੇਡ ਦਾ ਵਿਰੋਧ ਕੀਤਾ ਜਾ ਸਕੇ। ਨਿਕਿਤਾ ਆਜ਼ਾਦ ਨੇ ਇਸ ਪੇਜ ਰਾਹੀਂ ਪ੍ਰਯਾਰ ਗੋਪਾਲਕ੍ਰਿਸ਼ਣਨ ਦੇ ਨਾਂ ਇੱਕ ਖੁੱਲ੍ਹੀ ਚਿੱਠੀ ਲਿਖੀ, ਜਿਸ ਵਿੱਚ ਵਰ੍ਹਿਆਂ ਤੋਂ ਮਾਹਵਾਰੀ ਦੇ ਨਾਂ 'ਤੇ ਔਰਤਾਂ ਦੇ ਨਾਲ ਹੋ ਰਹੇ ਭੇਦਭਾਵਾਂ, ਇਸ ਤੋਂ ਫੈਲਣ ਵਾਲੇ ਭਰਮਾਂ ਅਤੇ ਬਹੁਤ ਸਾਰੀਆਂ ਸਾਮਾਜਿਕ ਸਮੱਸਿਆਵਾਂ ਦਾ ਵਿਰੋਧ ਕੀਤਾ ਗਿਆ। ਇਸ ਵਿੱਚ ਉਸ ਨੇ ਔਰਤਾਂ ਨਾਲ ਇਸ ਤਰ੍ਹਾਂ ਦੀਆਂ ਅੰਧ ਵਿਸ਼ਵਾਸਾਂ ਤੇ ਜਾਅਲੀ ਰਸਮਾਂ ਨੂੰ ਤੋੜ ਕੇ ਸਾਹਮਣੇ ਆਉਣ ਦੀ ਗੱਲ ਵੀ ਆਖੀ, ਨਾਲ ਹੀ ਹੈਪੀ ਟੂ ਬਲੀਡ' ਲਿਖੇ ਸੈਨੇਟਰੀ ਨੈਪਕਿਨ ਦੇ ਨਾਲ ਆਪਣੀ ਤਸਵੀਰ ਪੋਸਟ ਕਰਦੇ ਹੋਏ ਲੋਕਾਂ ਨੂੰ ਇਸ ਤਰ੍ਹਾਂ ਦੇ ਜਾਅਲੀ ਰਸਮਾਂ ਤੇ ਅੰਧ ਵਿਸ਼ਵਾਸੀ ਵਿਚਾਰਧਾਰਾ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਨ ਲਈ ਵੀ ਕਿਹਾ। ਨਿਕਿਤਾ ਦਾ ਕਹਿਣਾ ਸੀ ਕਿ ਸਾਡਾ ਉਦੇਸ਼ ਕਿਸੇ ਧਰਮ ਜਾਂ ਭਾਈਚਾਰੇ ਵਿਸ਼ੇਸ਼ ਦਾ ਵਿਰੋਧ ਕਰਨਾ ਨਹੀਂ ਹੈ, ਸਗੋਂ ਅਸੀਂ ਔਰਤਾਂ ਦੇ ਜੀਵਨ ਵਿੱਚ ਹੋਣ ਵਾਲੀ ਇਸ ਕੁਦਰਤੀ ਘਟਨਾ ਨੂੰ ਸਮਾਜ ਵਿੱਚ ਮਨਜ਼ੂਰੀ ਦਿਵਾਉਣਾ ਚਾਹੁੰਦੇ ਹਾਂ, ਤਾਂ ਜੋ ਸਮਾਜ ਵਿੱਚ ਉਨ੍ਹਾਂ ਨਾਲ ਨਫ਼ਰਤ ਭਰਪੂਰ ਵਰਤਾਰਾ ਨਾ ਕੀਤਾ ਜਾ ਸਕੇ।'

ਸੋਸ਼ਲ ਮੀਡੀਆ 'ਤੇ 'ਹੈਪੀ ਟੂ ਬਲੀਡ' ਮੁਹਿੰਮ ਨੂੰ ਲੋਕਾਂ ਨੇ ਵੱਡੀ ਪੱਧਰ 'ਤੇ ਸਮੱਰਥਨ ਦਿੱਤਾ। ਦੇਸ ਭਰ ਤੋਂ ਹਜ਼ਾਰਾਂ ਲੋਕ ਨਿਤਰ ਕੇ ਸਾਹਮਣੇ ਆਏ ਅਤੇ ਇਸ ਮੁਹਿੰਮ ਨਾਲ ਜੁੜੇ। ਇੱਥੋਂ ਤੱਕ ਪੁਰਸ਼ਾਂ ਦਾ ਵੱਡਾ ਵਰਗ ਇਸ ਮੁਹਿੰਮ ਦਾ ਸਮਰਥਨ ਕਰ ਰਿਹਾ ਹੈ। ਨਿਕਿਤਾ ਨੇ ਇਸ ਮੁਹਿੰਮ ਰਾਹੀਂ ਇੱਕ ਜ਼ਰੂਰੀ ਵੱਡੇ ਮੁੱਦੇ ਨੂੰ ਸਾਹਮਣੇ ਲਿਆ ਕੇ ਭਾਰਤੀ ਸਮਾਜ ਦੀ ਦਕਿਆਨੂਸੀ ਸੋਚ ਦਾ ਤਰਕਸ਼ੀਲ ਢੰਗ ਨਾਲ ਵਿਰੋਧ ਕੀਤਾ ਹੈ। ਭਾਰਤੀ ਸਮਾਜ ਦੀ ਬਣਤਰ ਫਿਊਡਲ ਸਮਾਜ 'ਤੇ ਆਧਾਰਿਤ ਹੈ ਜੋ ਕਿ ਔਰਤ ਨੂੰ ਗੁਲਾਮ, ਨਿਤਾਣੀ ਸਮਝਦਾ ਹੈ ਤੇ ਉਸ ਦੀਆਂ ਸਮੱਸਿਆਵਾਂ ਤੇ ਮੁੱਦਿਆਂ ਨੂੰ ਹਮੇਸ਼ਾਂ ਦਬਾ ਕੇ ਰੱਖਿਆ ਜਾਂਦਾ ਹੈ ਅਤੇ ਮਾੜਾ ਵਿਹਾਰ ਕੀਤਾ ਜਾਂਦਾ ਹੈ ਜੋ ਕਿ ਉਸ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਂਦਾ ਹੈ। ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਇਸਤਰੀ ਨੂੰ ਸਿੱਖਿਆ, ਸਿਹਤ ਆਦਿ ਮੁੱਦਿਆਂ ਤੋਂ ਵਾਂਝੇ ਕਰੀ ਰੱਖਿਆ




ਹੈ ਤੇ ਇਹ ਕਦੇ ਵੀ ਸਮਾਜ ਤੇ ਸਿਆਸਤ ਦਾ ਭੱਖਵਾਂ ਮੁੱਦਾ ਨਹੀਂ ਬਣਦੇ। ਇਸੇ ਮਾਨਸਿਕਤਾ ਕਾਰਨ ਮਾਹਵਾਰੀ ਪ੍ਰਜਣਨ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਤਾਂ ਸਾਹਮਣੇ ਹੀ ਨਹੀਂ ਆਈਆਂ। ਇਨ੍ਹਾਂ ਬਾਰੇ ਗੱਲ ਕਰਨ ਦੀ ਸਮਾਜ ਵਿੱਚ ਮਨਾਹੀ ਹੈ। ਹਾਲਤ ਇਹ ਹੈ ਕਿ ਅੱਜ 21ਵੀਂ ਸਦੀ ਵਿੱਚ ਵੀ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ, ਤਦ ਵੀ ਇਨ੍ਹਾਂ ਮਾਮਲਿਆਂ ਨੂੰ ਦਬਾਉਣ ਦੀ ਰੁਚੀ ਦਿਖਾਈ ਜਾਂਦੀ ਹੈ ਤੇ ਇਸ ਬਾਰੇ ਗੱਲ ਕਰਨ ਨੂੰ ਸਾਮਾਜਿਕ ਅਪਰਾਧ ਵਜੋਂ ਦੇਖਿਆ ਜਾਂਦਾ ਹੈ। ਮਾਹਵਾਰੀ ਦੇ ਪੰਜ-ਸੱਤ ਦਿਨਾਂ ਵਿੱਚ ਉਸ ਔਰਤ ਨੂੰ ਅਪਵਿੱਤਰ ਦੱਸਿਆ ਜਾਂਦਾ ਹੈ। ਇਸ 'ਅਪਵਿੱਤਰਤਾ' ਦਾ ਬਿੱਲਾ ਲਗਾ ਕੇ ਇਸਤਰੀਆਂ ਨੂੰ ਅਨੇਕਾਂ ਪਾਬੰਦੀਆਂ ਵਿੱਚ ਜਕੜਿਆ ਜਾਂਦਾ ਹੈ। ਜਿਵੇਂ ਉਹ ਰਸੋਈ, ਪੂਜਾ ਘਰ ਜਾਂ ਮੰਦਰ ਵਿੱਚ ਨਹੀਂ ਜਾ ਸਕਦੀਆਂ, ਤੁਲਸੀ ਦਾ ਬੂਟਾ ਜਾਂ ਕੋਈ ਪੂਜਾ ਦੀ ਵਸਤੂ ਨੂੰ ਹੱਥ ਨਹੀਂ ਲਾ ਸਕਦੀਆਂ। ਉਨ੍ਹਾਂ ਦਾ ਬਿਸਤਰਾ ਵੱਖਰਾ ਕਰ ਦਿੱਤਾ ਜਾਂਦਾ ਹੈ। ਉਹ ਕਿਸੇ ਪੁਰਸ਼ ਦੇ ਕੋਲ ਨਹੀਂ ਬੈਠ ਸਕਦੀਆਂ ਤੇ ਬਾਹਰ ਨਹੀਂ ਜਾ ਸਕਦੀਆਂ ਆਦਿ। ਇਹ ਹਾਲ ਕਿਸੇ ਖੇਤਰ ਵਿਸ਼ੇਸ਼ ਦਾ ਨਹੀਂ ਹੈ, ਬਲਕਿ ਭਾਰਤ ਦੇ ਹਰੇਕ ਪਿੰਡ-ਸ਼ਹਿਰ, ਚਾਹੇ ਉਹ ਦੱਖਣ ਦਾ ਹੋਵੇ ਜਾਂ ਉੱਤਰ-ਪੂਰਬ ਦਾ, ਇਸ ਤਰ੍ਹਾਂ ਦੀਆਂ ਕਈ ਉਦਾਹਰਨਾਂ ਦੇਖਣ ਨੂੰ ਮਿਲ ਜਾਣਗੀਆਂ। ਇੱਥੋਂ ਤੱਕ ਪੰਜਾਬ ਦੇ ਪਿੰਡਾਂ ਵਿੱਚ ਹੀ ਨਹੀਂ, ਸ਼ਹਿਰਾਂ ਵਿੱਚ ਤੇ ਪੜ੍ਹੇ ਲਿਖੇ ਘਰਾਂ ਵਿੱਚ ਇਹ ਵਰਤਾਰਾ ਜਾਰੀ ਹੈ। ਫੇਸਬੁਕ 'ਤੇ ਸ਼ੁਰੂ ਹੋਈ ਇਹ ਮੁਹਿੰਮ ਪੂਰੀ ਤਰ੍ਹਾਂ ਭੱਖ ਚੁੱਕੀ ਹੈ। ਨਿਕਿਤਾ ਤੇ ਉਸ ਦੇ ਸਾਥੀ ਦੋ ਹਫ਼ਤਿਆਂ ਬਾਅਦ ਸੋਸ਼ਲ ਮੀਡੀਆ 'ਤੇ ਮਿਲੀ ਪ੍ਰਤੀ ਕਿਰਿਆ ਦੇ ਆਧਾਰ 'ਤੇ ਇੱਕ ਰਿਪੋਰਟ ਤਿਆਰ ਕਰਕੇ ਰਾਸ਼ਟਰੀ ਮਹਿਲਾ ਕਮਿਸ਼ਨ ਨੂੰ ਭੇਜਣਗੇ ਅਤੇ ਇੱਕ ਪਟੀਸ਼ਨ ਵੀ ਦਾਇਰ ਕੀਤੀ ਜਾਵੇਗੀ, ਜਿਸ ਦੇ ਅਨੁਸਾਰ ਦੇਸ ਵਿੱਚ ਕਿਤੇ ਵੀ ਮਾਹਵਾਰੀ ਦੇ ਆਧਾਰ 'ਤੇ ਔਰਤਾਂ ਦੇ ਨਾਲ ਭੇਦਭਾਵ ਨਾ ਕੀਤਾ ਜਾਵੇ, ਨਾ ਹੀ ਅਜਿਹੀਆਂ ਰੀਤਾਂ ਨੂੰ ਬਲ ਮਿਲੇ, ਜਿਹੜੀਆਂ ਇਸ ਨਾਲ ਜੁੜੀਆਂ ਰੂੜੀਆਂ, ਅੰਧ ਵਿਸ਼ਵਾਸਾਂ ਨੂੰ ਮਜ਼ਬੂਤ ਕਰ ਰਹੀਆਂ ਹਨ। ਇਸੇ ਉਦੇਸ਼ ਨਾਲ ਨਿਕਿਤਾ ਅਤੇ ਉਸ ਦੇ ਦੋਸਤ ਆਨਲਾਈਨ ਲੋਕ ਮੱਤ ਜੁਟਾਉਣ ਵਾਲੀ ਵੈੱਬਸਾਈਟ 'ਚੇਂਜ ਡਾਟ ਓਆਰਜੀ' 'ਤੇ ਵੀ ਪਟੀਸ਼ਨ ਪਾ ਚੁੱਕੇ ਹਨ। ਮਾਹਵਾਰੀ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਪੈਣ ਵਾਲਾ ਮਾੜਾ ਅਸਰ ਇਹ ਹੈ ਕਿ ਔਰਤਾਂ ਆਪਣੇ ਸਰੀਰ 'ਚ ਹੋਣ ਵਾਲੇ ਕੁਦਰਤੀ ਬਦਲਾਵਾਂ ਪ੍ਰਤੀ ਇੱਕ ਅਪਰਾਧ ਮਹਿਸੂਸ ਕਰਦੀਆਂ ਹਨ ਤੇ ਬਦਕਿਸਮਤੀ ਨਾਲ ਇਹ ਵਰਤਾਰਾ ਪੀੜੀ ਦਰ ਪੀੜੀ ਅੱਗੇ ਵੱਧਦਾ ਜਾਂਦਾ ਹੈ। ਇਸ ਸੰਬੰਧੀ ਮੈਡੀਕਲ ਰਿਪੋਰਟਾਂ ਵੀ ਇਨ੍ਹਾਂ ਰੂੜੀਆਂ ਨੂੰ ਰੱਦ ਕਰ ਚੁੱਕੀਆਂ ਹਨ। ਇਸ ਕਾਰਨ ਇਸਤਰੀ ਨਾਲ ਨਫ਼ਰਤ ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

ਇਹ ਬਾਇਓਲਾਜੀਕਲ ਫੰਕਸ਼ਨ ਜਿਹੀ ਪ੍ਰਕਿਰਿਆ ਹੈ। ਸਮਾਜ ਵਿੱਚ ਸਾਲਾਂ ਤੋਂ ਲਗਾਤਾਰ ਹੁੰਦੇ ਆ ਰਹੇ ਇਹ ਭੇਦਭਾਵ ਤੇ ਮਨਾਹੀਆਂ ਲੜਕੀਆਂ ਨੂੰ ਇੱਕ ਅਜੀਬ ਜਿਹੀ ਹੀਣ-ਭਾਵਨਾ ਨਾਲ ਭਰ ਦਿੰਦੇ ਹਨ, ਜਿਸ ਕਾਰਨ ਉਹ ਆਪਣੇ ਹੀ ਸਰੀਰ ਨੂੰ ਲੈ ਕੇ ਸਹਿਜ ਨਹੀਂ ਹੋ ਪਾਉਂਦੀਆਂ। ਇੱਕ ਲੰਬੇ ਸਮੇਂ ਤੋਂ 'ਲੁਕਾਉਣ' ਦੀ ਆਦਤ ਨੇ ਹੀ ਅੱਧੀਆਂ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਜੇਕਰ ਘਰ ਵਿੱਚ ਧੀ ਮਾਹਵਾਰੀ ਤੋਂ ਗੁਜ਼ਰ ਰਹੀ ਹੈ, ਤਾਂ ਉਸ ਤੋਂ ਆਸ ਕੀਤੀ ਜਾਂਦੀ ਹੈ ਕਿ ਇਸ ਬਾਰੇ ਕਿਸੇ ਨੂੰ ਪਤਾ ਨਾ ਲੱਗੇ, ਖ਼ਾਸ ਕਰਕੇ ਘਰ ਦੇ ਪੁਰਸ਼ਾਂ ਨੂੰ। ਸਕੂਲ ਜਾਂ ਘਰ ਵਿੱਚ ਅਜਿਹੇ ਸੁਆਲ ਪੁੱਛਣੇ ਗਲਤ ਸਮਝਿਆ ਜਾਂਦਾ ਹੈ। ਉਂਝ ਮਾਹਵਾਰੀ ਨਾਲ ਜੁੜੀ 'ਛੁਪਾਉਣ' ਦੀ ਆਦਤ ਨੂੰ ਉਜਾਗਰ ਕਰਨ ਵਿੱਚ ਸੰਸਾਰੀਕਰਨ ਦਾ ਵਰਤਾਰਾ ਤੇ ਮੰਡੀ ਵੀ ਪਿੱਛੇ ਨਹੀਂ ਹੈ। 'ਸੈਨੇਟਰੀ ਨੈਪਕਿਨ ਬਣਾਉਣ ਵਾਲੀਆਂ ਕੰਪਨੀਆਂ ਦੇ ਨਾਂ ਹਮੇਸ਼ਾਂ ਇੱਕ ਗਲਤ ਆਈਡੀਓਲੋਜੀ ਲੈ ਕੇ ਚੱਲ ਰਹੇ ਹਨ। 'ਵ੍ਹਿਸਪਰ' ਮਤਲਬ ਫੁਸਫੁਸਾਉਣਾ, ਯਾਨੀ ਕਿਤੇ ਨਾ ਕਿਤੇ ਤੁਸੀਂ ਇਸ ਗੱਲ 'ਤੇ ਜ਼ੋਰ ਦੇ ਰਹੇ ਹੋ ਕਿ ਇਹ ਗੱਲ ਸਭ ਦੇ ਸਾਹ-ਮਣੇ ਨਹੀਂ, ਸਗੋਂ ਛੁਪਾ ਕੇ ਹੀ ਕਰਨੀ ਹੈ। ਕੰਪਨੀਆਂ ਦਾ ਇਹ ਵਰਤਾਰਾ ਗਲਤ ਹੈ।

ਇਨ੍ਹਾਂ ਉਤਪਾਦਾਂ ਦੇ ਇਸ਼ਤਿਹਾਰ 'ਸੋਚ ਬਦਲਣ' ਦੀ ਗੱਲ ਕਰਦੇ ਹਨ ਪਰ ਅਸਲ ਵਿੱਚ ਉਹ ਉਸੇ ਫਿਊਡਲ ਸਮਾਜ ਦੀ ਪੱਛੜੀ ਸੋਚ ਨੂੰ ਹੋਰ ਮਜ਼ਬੂਤ ਕਰਦੇ ਆ ਰਹੇ ਹਨ। ਇੱਥੇ ਜ਼ਿਕਰਯੋਗ ਹੈ ਕਿ ਮਾਹਵਾਰੀ ਨਾਲ ਜੁੜੀ 'ਸ਼ਰਮ' ਕਾਰਨ ਔਰਤਾਂ ਦੁਕਾਨ 'ਤੇ ਜਾ ਕੇ ਇਸ ਨੂੰ ਖ਼ਰੀਦਣ ਤੋਂ ਝਿਜਕਦੀਆਂ ਹਨ ਤੇ ਕੱਪੇ ਦੀ ਵਰਤੋਂ ਕਰਦੀਆਂ ਹਨ। ਇਸ ਵਰਤਾਰੇ ਕਾਰਨ ਔਰਤਾਂ ਨੂੰ ਕਈ ਤਰ੍ਹਾਂ ਦੀ ਇਨਫੈਕਸ਼ਨ ਹੋਣ ਦਾ ਡਰ ਰਹਿੰਦਾ ਹੈ।

ਕਿਤੇ ਨਾ ਕਿਤੇ ਦੇਸ ਵਿੱਚ ਹਰ ਸਾਲ ਵੱਧਦੀ ਮਾਂ-ਬੱਚਾ ਮੌਤ ਦਰ ਦਾ ਕਾਰਨ ਰਿਪ੍ਰੋਡਕਟਿਵ ਸਿਹਤ ਨੂੰ ਲੈ ਕੇ ਵਰਤੀ ਜਾਣ ਵਾਲੀ ਇਹੀ ਲਾਪਰਵਾਹੀ ਹੁੰਦੀ ਹੈ।

ਮੱਧ ਪ੍ਰਦੇਸ਼, ਬਿਹਾਰ, ਯੂ.ਪੀ, ਝਾਰਖੰਡ ਦੇ ਪੱਛੜੇ ਪਿੰਡਾਂ ਵਿੱਚ ਅੱਜ ਵੀ ਔਰਤਾਂ ਕੱਪੜੇ ਜਾਂ ਸੈਨੇਟਰੀ ਨੈਪਕਿਨ ਦੇ ਬਦਲ ਦੇ ਰੂਪ ਵਿੱਚ ਸੁਆਹ, ਰੇਤ, ਅਖਬਾਰ ਜਾਂ ਘਾਹ-ਫੂਸ ਦੀ ਵਰਤੋਂ ਕਰਦੀਆਂ ਹਨ।

ਇਹ ਕਿੰਨਾ ਵੱਡਾ ਇਸਤਰੀ ਸਮਾਜ ਲਈ ਦੁਖਾਂਤ ਹੈ ਤੇ ਫਿਊਡਲ ਸਮਾਜ ਲਈ ਸ਼ਰਮਨਾਕ ਵਰਤਾਰਾ ਹੈ। ਇਹੀ ਉਹ ਢੰਗ ਹੈ, ਜੋ ਉਹ ਵਰ੍ਹਿਆਂ ਤੋਂ ਪ੍ਰਯੋਗ ਹੁੰਦਾ ਦੇਖਦੀਆਂ ਆਈਆਂ ਹਨ ਅਤੇ ਪੀੜੀ ਦਰ ਪੀੜੀ ਇਹ ਵਰਤਾਰਾ ਅੱਗੇ ਚੱਲਦਾ ਰਹਿੰਦਾ ਹੈ।

ਇਸ ਸਥਿਤੀ ਦੌਰਾਨ ਕਿਵੇਂ ਆਸ ਕੀਤੀ ਜਾਵੇ ਕਿ ਉਨ੍ਹਾਂ ਨੂੰ ਪ੍ਰਜਣਨ ਨਾਲ ਸੰਬੰਧਿਤ ਬਿਮਾਰੀਆਂ ਨਹੀਂ ਹੋਣਗੀਆਂ। ਇਸ ਸੰਬੰਧੀ ਇਸਤਰੀ ਤੇ ਸਮਾਜ ਨੂੰ ਜਾਗ੍ਰਿਤ ਤੇ ਗਿਆਨਵਾਨ ਹੋਣ ਦੀ ਲੋੜ ਹੈ, ਤਾਂ ਜੋ ਇਸਤਰੀ ਇਨ੍ਹਾਂ ਤਰਕਹੀਣ ਟੈਬੂਆਂ, ਰੀਤਾਂ ਤੇ ਵਿਚਾਰਧਾਰਾ ਤੋਂ ਬਾਹਰ ਨਿਕਲ ਸਕੇ ਤੇ ਉਹ ਸਮਾਜ ਵਿੱਚ ਨਫ਼ਰਤ ਤੇ ਵਿਤਕਰੇ ਦਾ ਸ਼ਿਕਾਰ ਨਾ ਬਣੇ।

## ਆਸਟਰੇਲੀਆ ਦੀ ਉੱਚ ਸਿੱਖਿਅਕ ਟੀਮ ਨੇ ਜੈਮਸ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਦਾ ਦੌਰਾ ਕੀਤਾ

**ਬਟਾਲਾ (ਨਰਿੰਦਰ ਬਰਨਾਲ)**– ਬਟਾਲਾ ਸਿੱਖਿਆ ਦੇ ਖੇਤਰ ਵਿੱਚ ਪ੍ਰਾਪਤੀਆਂ ਹਾਸਲ ਕਰ ਰਹੇ ਜੈਮਸ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਬਟਾਲਾ ਨੂੰ ਇੱਕ ਹੋਰ ਪ੍ਰਾਪਤ ਹੋਈ, ਜਦੋਂ ਕਿ ਆਸਟਰੇਲੀਆ ਦੀ ਇੱਕ ਉੱਚ ਪੱਧਰੀ ਸਿੱਖਿਅਕ ਟੀਮ ਨੇ ਸਕੂਲ ਦਾ ਦੌਰਾ ਕਰਕੇ ਅਪਣਾਏ ਜਾ ਰਹੇ ਤਰੀਕਿਆਂ ਉੱਤੇ ਸੰਤੁਸ਼ਟੀ ਪ੍ਰਗਟ ਕੀਤੀ। ਇਸ ਟੀਮ ਦਾ ਉਦੇਸ਼ ਸਿੱਖਿਆ ਦੇ ਖੇਤਰ ਵਿੱਚ ਹੋ ਰਹੇ ਬਦਲਾਵਾਂ ਦੇ ਬਾਰੇ ਵਿੱਚ



ਸਕੂਲ ਨੂੰ ਜਾਣਕਾਰੀ ਮੁਹੱਈਆ ਕਰਵਾਉਣਾ ਸੀ। ਇਸ 11 ਮੈਂਬਰੀ ਆਸਟਰੇਲੀਆ ਦੀ ਉੱਚ ਪੱਧਰੀ ਸਿੱਖਿਅਕ ਟੀਮ ਨੇ ਸਿੱਖਿਆ ਦੇ ਖੇਤਰ ਅਤੇ ਹੋਰ ਵੀ ਉੱਚ ਤਕਨੀਕ ਮੁਹੱਈਆ ਕਰਵਾਉਣ ਦੇ ਉਦੇਸ਼ ਤੋਂ ਸਕੂਲ ਦਾ ਇੱਕ ਦਿਨਾ ਦੌਰਾ ਕੀਤਾ। ਜਿਸ ਵਿੱਚ ਆਸਟਰੇਲੀਆ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਪ੍ਰਤੀਨਿਧੀ ਸ਼ਾਮਲ ਸਨ। ਆਸਟਰੇਲੀਆ ਟੀਮ ਦੀ ਪ੍ਰਧਾਨਗੀ ਆਸਟਰੇਲੀਆ ਸੀਨੀਅਰ ਸੈਕੰਡਰੀ ਪਾਠਕ੍ਰਮ ਡਿਜ਼ਾਇਨ ਦੇ ਮੁੱਖ ਕੇਰਨ ਯੇਗਰ ਕਰ ਰਹੇ ਸਨ।

# ਗੁਰੂ ਰਵਿਦਾਸ ਜੀ ਸਮੁੱਚੀ ਮਨੁੱਖਤਾ ਦੇ ਪ੍ਰੇਰਣਾ ਸਰੋਤ: ਬਾਬਾ ਸਤਵਿੰਦਰ ਹੀਰਾ



-ਰੇਸ਼ਮ ਕਰਨਾਣਵੀ
98158-80104

**ਮੁਕੰਦਪੁਰ-** ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖ ਨੂੰ ਜੀਵਨ ਦੇ ਹਰ ਪਹਿਲੂ ਤੋਂ ਗਿਆਨਵਾਨ ਬਣਾਉਂਦੀ ਹੈ ਅਤੇ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ। ਇਹ ਸ਼ਬਦ ਸੰਤ ਸਤਵਿੰਦਰ ਸਿੰਘ ਹੀਰਾ ਨੇ ਵੱਖ-ਵੱਖ ਪਿੰਡਾਂ 'ਚ ਕੀਤੀਆਂ ਗਈਆਂ ਚਰਨ-ਗੰਗਾ ਖੁਰਾਲਗੜ੍ਹ ਸਬੰਧੀ ਮੀਟਿੰਗਾਂ 'ਚ ਕਹੇ। ਉਨ੍ਹਾਂ ਕਿਹਾ ਕਿ ਖੁਰਾਲਗੜ੍ਹ ਚਰਨ ਗੰਗਾ ਨੂੰ ਕੌਮ ਦੇ ਮੁੱਖ ਤੀਰਥ-ਅਸਥਾਨ ਵਜੋਂ ਵਿਕਸਤ ਕਰਨ ਲਈ ਵਿੱਢੀ ਗਈ ਮੁਹਿਮ ਤਹਿਤ ਆਲ-ਇੰਡੀਆ ਆਦਿਧਰਮ ਮਿਸ਼ਨ ਵਲੋਂ ਸੰਗਤਾਂ ਨੂੰ ਚਰਨ ਗੰਗਾਂ ਵਿਖੇ ਸ਼ੁਰੂ ਕੀਤੇ ਗਏ ਵਿਕਾਸ ਪ੍ਰਾਜੈਕਟਾਂ ਵਿੱਚ ਨਿੱਜੀ ਰੂਪ 'ਚ ਸੇਵਾ ਕਰਨ ਲਈ ਸ਼ਾਮਿਲ ਕੀਤਾ ਜਾ ਰਿਹਾ ਹੈ।ਅਤੇ ਇਸ ਤਹਿਤ ਹਰੇਕ ਪਿੰਡ ਨੂੰ ਪੰਜ ਸੋ ਇੱਟਾਂ ਨਿੱਜੀ ਰੂਪ 'ਚ ਜਾ ਕੇ ਲਗਾਉਣ ਲਈ ਨੀਤੀ ਤਿਆਰ ਕੀਤੀ ਗਈ ਹੈ। ਚਾਰ ਪਿੰਡਾਂ ਦੀਆਂ ਮੀਟਿੰਗਾਂ ਦੇ ਪ੍ਰਬੰਧਕ ਸ੍ਰੀ ਦੇਸ ਰਾਜ ਬੰਗਾ ਨੇ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪਿੰਡ ਤਲਵੰਡੀ ਫੱਤੂ, ਝਿੰਗੜਾਂ ਅਤੇ ਮੁਕੰਦਪੁਰ ਵਿਖੇ ਮਿਸ਼ਨ ਦੇ ਐਕਟਿੰਗ ਪ੍ਰਧਾਨ ਸ਼੍ਰੀ ਗਿਆਨ ਚੰਦ ਦੀਵਾਲੀ ਨੇ ਦੱਸਿਆ ਕਿ 24 ਬੁੱਧੀਜੀਵੀ ਜਿਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਜੀਵਨੀ 'ਤੇ ਪੀ.ਐਚ.ਡੀ ਕੀਤੀ ਹੈ ਨੂੰ ਗੁਰੂ ਰਵਿਦਾਸ ਜੀ ਦੇ ਚਰਨ ਛੋਹ ਅਸਥਾਨ ਖੋਜਣ ਦਾ ਕਾਰਜ ਦਿੱਤਾ ਗਿਆ ਹੈ ਜਿਸ ਤਹਿਤ ਕੰਨਿਆ ਕੁਮਾਰੀ, ਅਟਾਰੀ ਸਰਹੱਦ ਤੇ ਪਿੰਡ ਡੰਡੇ ਵਿਖੇ, ਚੱਕ ਹਕੀਮ, ਫਗਵਾੜਾ, ਮੱਧ-ਪ੍ਰਦੇਸ, ਬਨਾਰਸ ਅਤੇ ਹੋਰ ਕਈ ਅਸਥਾਨ ਖੋਜੇ ਗਏ ਹਨ ਜਿਨ੍ਹਾਂ ਦੀ ਕਾਰ ਸੇਵਾ ਮੁੱਖ ਅਸਥਾਨ ਖੁਰਾਲਗੜ੍ਹ ਵਲੋਂ ਕਰਵਾਈ ਜਾ ਰਹੀ ਹੈ। ਇਸ ਮੌਕੇ ਸੰਗਤਾਂ ਨੂੰ ਲਿਖਤੀ ਇਤਿਹਾਸ ਵੀ ਤਕਸੀਮ ਕੀਤਾ ਗਿਆ। ਇਸ ਮੌਕੇ ਸਰਵਸ਼੍ਰੀ ਕੁਲਦੀਪ ਚੰਦ ਪੰਚ, ਪਰਮਜੀਤ ਭੰਗੂ, ਜਾਗੀਰੀ ਰਾਮ, ਸ਼੍ਰੀ ਰਾਮ ਰਤਨ, ਜਗਦੀਸ ਲਾਲ (ਮੁਕੰਦਪੁਰ), ਨਿਰਮਲ ਰਾਮ ਪੰਚ, ਕੁਲਵੀਰ ਤਲਵੰਡੀ, ਕੁਲਦੀਪ ਤਲਵੰਡੀ, ਸ਼੍ਰੀਮਤੀ ਬਖਸੋ ਸਰਪੰਚ ਅਤੇ ਹੋਰ ਸੰਗਤਾਂ ਨੇ ਵਿਸ਼ੇਸ ਤੌਰ ਤੇ ਸਹਿਯੋਗ ਦਿੱਤਾ।



ਖੁਰਾਲਗੜ੍ਹ ਚਰਨ-ਗੰਗਾ ਸਬੰਧੀ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਦੌਰਾਨ ਪਿੰਡ ਗੁਣਾਚੌਰ ਵਿਖੇ ਸੰਤ ਸਤਵਿੰਦਰ ਹੀਰਾ, ਦੇਸ ਰਾਜ ਬੰਗਾ ਅਤੇ ਗਿਆਨ ਚੰਦ ਨੂੰ ਸਨਮਾਨਿਤ ਕਰਨ ਮੌਕੇ ਸਰਪੰਚ ਅਜੀਤ ਰਾਮ ਅਤੇ ਹੋਰ ਸੰਗਤਾਂ ਨਾਲ।

# ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਸਲਾਨਾ ਮੇਲਾ ਸੰਪੰਨ





**ਮੁਕੰਦਪੁਰ-** ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੇ ਸਾਲਾਨਾ ਸਥਾਪਨਾ ਦਿਵਸ ਅਤੇ ਅਮਰਦੀਪ ਦੇ ਜਨਮ ਦਿਵਸ ਸੰਬੰਧੀ ਚੱਲ ਰਿਹਾ ਚਾਰ ਦਿਨਾਂ ਸਮਾਗਮ "ਅਮਰਦੀਪ ਮੇਲਾ 2015" ਵੰਨ-ਸੁਵੰਨੀਆਂ ਮਹਿਕਾਂ ਬਿਖੇਰਦਾ ਸਮਾਪਤ ਹੋਇਆ। ਇਸ ਮੌਕੇ ਪ੍ਰੋ. (ਡਾ.) ਸ਼ਰਨਜੀਤ ਸਿੰਘ ਢਿੱਲੋਂ, ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਜੀ ਨੇ ਖਾਸ ਤੌਰ ਤੇ ਮੁੱਖ ਮਹਿਮਾਨ ਵਜੋਂ ਸ਼ਿਕਰਤ ਕੀਤੀ ਅਤੇ ਆਪਣੇ ਕਰ-ਕਮਲਾਂ ਨਾਲ ਮੇਲੇ ਦਾ ਉਦਘਾਟਨ ਕੀਤਾ। ਇਸ ਮੌਕੇ ਕਾਲਜ ਪ੍ਰਿੰ. ਡਾ. ਗੁਰਜੰਟ ਸਿੰਘ ਨੇ ਸਲਾਨਾ ਰਿਪੋਰਟ ਪੜ੍ਹੀ ਜਿਸ ਵਿੱਚ ਉਨ੍ਹਾਂ ਨੇ ਕਾਲਜ ਅਤੇ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਨਾ ਸਿਰਫ ਵਿੱਦਿਅਕ ਖੇਤਰ ਵਿੱਚ ਯੂਨੀਵਰਸਿਟੀ ਪੱਧਰ ਤੇ ਮੱਲਾਂ ਮਾਰੀਆਂ ਬਲਕਿ ਖੇਡਾਂ ਅਤੇ ਹੋਰ ਖੇਤਰਾਂ ਵਿੱਚ ਵੀ ਯੂਨੀਵਰਸਿਟੀ ਪੱਧਰ ਤੇ ਕਾਲਜ ਦਾ ਨਾਂ ਰੋਸ਼ਨ ਕੀਤਾ। ਉੱਘੇ ਅਰਥ-ਸ਼ਾਸਤਰੀ ਸਰਦਾਰਾ ਸਿੰਘ ਜੌਹਲ, ਚਾਂਸਲਰ, ਪੰਜਾਬ ਸੈਂਟਰਲ ਯੂਨੀਵਰਸਿਟੀ ਬਠਿੰਡਾ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਆਪਣੇ ਵਿਚਾਰ ਸਾਂਝੇ ਕਰਦਿਆ ਡਾ.ਜੌਹਲ ਨੇ ਪੰਜਾਬ ਦੇ ਨੌਜਵਾਨਾਂ ਨੂੰ ਧਾਰਮਿਕ ਸੰਕੀਰਨਤਾ ਤੋਂ ਉੱਪਰ ਉੱਠ ਕੇ ਆਪਣੇ ਦੇਸ਼ ਭਗਤਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਯੋਗ ਭਾਰਤੀ ਨਾਗਰਿਕ ਬਣਨ ਦੀ ਹਦਾਇਤ ਕੀਤੀ। ਡਾ. ਸ਼ਰਨਜੀਤ ਸਿੰਘ ਢਿੱਲੋਂ ਨੇ ਆਪਣੇ ਭਾਸ਼ਣ ਵਿਚ ਸਮੁੱਚੇ ਦਾਨਵੀਰਾਂ ਦਾ ਤਨ, ਮਨ ਅਤੇ ਧਨ ਦੇ ਨਾਲ ਕਾਲਜ ਦੀ ਸਥਾਪਨਾ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਲਜ ਇੱਕ ਵੱਖਰੀ ਸੋਚ ਅਤੇ ਮਿਸ਼ਨ ਨਾਲ ਸਥਾਪਿਤ ਕੀਤਾ ਗਿਆ ਸੀ।

ਉਸਦੀ ਪ੍ਰਤੀ ਪੂਰਤੀ ਲਈ ਸਮੁੱਚਾ ਕਾਲਜ ਅਤੇ ਸਕੂਲ ਸਟਾਫ ਕਾਰਜਸ਼ੀਲ ਹੈ। ਇਸ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਗਿੱਧਾ, ਭੰਗੜਾ, ਗਰੁੱਪ ਡਾਂਸ, ਗੀਤ, ਸਕਿੱਟ ਅਤੇ ਕੋਰੀਓਗ੍ਰਾਫ਼ੀਆਂ ਪੇਸ਼ ਕੀਤੀਆਂ ਗਈਆਂ। ਇਸ ਸਮੇਂ ਕੰਪਿਊਟਰ ਸਾਇੰਸ, ਡਰੈੱਸ ਡਿਜ਼ਾਈਨਿੰਗ ਅਤੇ ਵਿਰਾਸਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ।

ਕਾਲਜ ਮੈਗਜ਼ੀਨ ਅਮਰਦੀਪ ਜਾਰੀ ਕੀਤਾ ਗਿਆ। ਲੱਕੀ ਡਰਾਅ ਰਾਹੀਂ ਮਾਈਕਰੋਵੇਵ, ਬਲੋਅਰ,ਕਿੱਟ ਬੈਗ ਘੜੀਆਂ ਆਦਿ ਇਨਾਮ ਕੱਢੇ ਗਏ। ਕਾਲਜ ਪ੍ਰਿੰ. ਗੁਰਜੰਟ ਸਿੰਘ ਨੇ ਸਮਾਗਮ ਵਿਚ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਕਾਲਜ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ, ਸੁਰਿੰਦਰ ਸਿੰਘ ਢੀਂਡਸਾ, ਪ੍ਰਿੰ.ਸਰਵਣ ਸਿੰਘ, ਪ੍ਰਿੰ.ਪਰਮਜੀਤ ਕੌਰ , ਪਰਗਟ ਸਿੰਘ ਮੰਡੇਰ, ਸੁਖਦੀਪ ਸਿੰਘ ਸ਼ੁਕਾਰ, ਬੂਟਾ ਸਿੰਘ, ਬਲਦੇਵ ਸਿੰਘ ਢੀਂਡਸਾ, ਭੁਪਿੰਦਰ ਸਿੰਘ ਤੇਜਾ, ਜਰਨੈਲ ਸਿੰਘ, ਮਨਧੀਰ ਸਿੰਘ ਚੱਠਾ, ਪ੍ਰਿੰ. ਰਾਮਤੀਰਥ ਸਿੰਘ, ਇਕਬਾਲ ਸਿੰਘ, ਡਾ. ਮਾਨਵ, ਡਾ. ਵਿਜੈ ਉਮੇਦ, ਅਮਰਜੀਤ ਖਟਕੜ, ਮਹਿੰਦਰ ਸਿੰਘ ਦੁਸਾਂਝ, ਸੁਰਜੀਤ ਸਿੰਘ ਬੀਸਲਾ, ਮੇਲਾ ਕੋ-ਆਰਡੀਨੇਟਰ ਡਾ.ਕਰਮਜੀਤ ਕੌਰ ਅਤੇ ਸਮੂਹ ਸਟਾਫ਼ ਨੇ ਸਮਾਗਮ ਵਿਚ ਸ਼ਾਮਲ ਹੋ ਕੇ ਸਮਾਗਮ ਦੀ ਸ਼ੋਭਾ ਵਧਾਈ। ਇਸ ਪ੍ਰੋਗਰਾਮ ਦਾ ਸੰਚਾਲਨ ਪ੍ਰੋ.ਨਿਰਦੋਸ਼ ਕੌਰ ਨੇ ਕੀਤਾ।

# ਗੁਰੂ ਨਾਨਕ ਬਿਰਧ ਆਸ਼ਰਮ ਨੂੰ ਰਾਸ਼ਨ ਭੇਂਟ

**ਮੁਕੰਦਪੁਰ-** ਗੁਰੂ ਨਾਨਕ ਬਿਰਧ, ਅਨਾਥ, ਅਪਾਹਜ ਅਤੇ ਨੇਤਰਹੀਣ ਆਸ਼ਰਮ ਵਿਰਕਾਂ ਵਿਖੇ ਰਹਿ ਰਹੇ 165 ਪ੍ਰਾਣੀਆਂ ਦੇ ਲੰਗਰਾਂ ਵਾਸਤੇ ਸ੍ਰੀ ਦੇਸ਼ ਬੰਧੂ ਮੇਹਰ ਕਨੇਡਾ ਦੇ ਪਰਿਵਾਰ ਵੱਲੋਂ ਲੱਗਭੱਗ ਵੀਹ ਹਜ਼ਾਰ ਰੁਪਏ ਦੀ ਕੀਮਤ ਦਾ ਰਾਸ਼ਨ ਭੇਂਟ ਕੀਤਾ ਗਿਆ। ਇਸ ਮੌਕੇ ਆਸ਼ਰਮ ਦੇ ਮੁੱਖ ਸੇਵਾਦਾਰ ਦਿਆਲ ਸਿੰਘ ਨੇ ਦਾਨੀ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਸ਼ਰਮ ਦੀ ਨਵੀਂ ਇਮਾਰਤ ਪਿੰਡ ਸਾਹਨੀ (ਪਾਂਸ਼ਟਾ-ਰੋਡ) ਵਿਖੇ ਬਣਾਈ ਜਾ ਰਹੀ ਹੈ, ਉਸ ਵਿਚ 350 ਲੋਕਾਂ ਦੇ ਰਹਿਣ ਦਾ ਇੰਤਜ਼ਾਮ ਕੀਤਾ ਗਿਆ ਹੈ। ਰਾਸ਼ਨ ਭੇਂਟ ਕਰਨ ਮੌਕੇ ਸ਼੍ਰੀਮਤੀ ਸੁਸ਼ਮਾ ਰਾਣੀ, ਸ਼ਕਸ਼ਮ ਮੇਹਰ, ਜੈਸਿਕ ਮੇਹਰ, ਰਿਸਕਾ ਮੇਹਰ, ਰਾਜੂ ਮੇਹਰ, ਅਸ਼ਵਨੀ ਕੁਮਾਰ, ਅਮਰੀਕ ਸਿੰਘ ਪ੍ਰਧਾਨ, ਦੇਸ ਰਾਜ ਬੰਗਾ, ਸੁਭਾਸ਼ ਚੰਦਰ, ਮੱਖਣ ਸਿੰਘ, ਇੰਦਰ ਸਿੰਘ, ਸੁਖਵਿੰਦਰ ਕੌਰ, ਹਰਜਿੰਦਰ ਕੌਰ, ਮਧੂ ਰਾਣੀ, ਗੁਰਮੇਜ ਸਿੰਘ, ਗੁਰਮੀਤ ਸਿੰਘ, ਹਰਜਿੰਦਰ ਸਿੰਘ ਅਤੇ ਹੋਰ ਟਰੱਸਟੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

# ਸਰਹਾਲ ਕਾਜ਼ੀਆ 'ਚ ਸਲਾਈ ਕਢਾਈ ਦੇ ਕੋਰਸ ਦੇ ਸਰਟੀਫਕੇਟ ਤਕਸੀਮ ਕੀਤੇ



**ਮੁਕੰਦਪੁਰ-** ਪਿੰਡ ਸਰਹਾਲ ਕਾਜ਼ੀਆ ਵਿਖੇ ਸਲਾਈ ਕਢਾਈ ਦੀ ਸਿੱਖਿਆ ਉਪਰੰਤ ਸਰਟੀਫਕੇਟ ਵੰਡ ਸਮਾਗਮ ਕੀਤਾ ਗਿਆ। ਸਮਾਗਮ ਨੂੰ ਸਬੋਧਨ ਕਰਦੇ ਹੋਏ ਸੰਮਤੀ ਮੈਂਬਰ ਕੁਲਜੀਤ ਸਿੰਘ ਸਰਹਾਲ ਤੇ ਸਰਪੰਚ ਗੀਤਾ ਰਾਣੀ ਨੇ ਕਿਹਾ ਕਿ ਅੱਜ ਦੇ ਸਮਾਜ ਵਿੱਚ ਲੜਕੀਆਂ ਦਾ ਆਤਮ ਨਿਰਭਰ ਹੋਣਾ ਸਮੇ ਦੀ ਜਰੂਰਤ ਹੈ। ਇਹ ਸਲਾਈ ਕਢਾਈ ਸੈਂਟਰ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਬਹਿਰਾਮ ਦੇ ਸਹਿਯੋਗ ਨਾਲ ਵੱਖ-ਵੱਖ ਪਿੰਡਾ ਵਿੱਚ ਚਲਾਇਆ ਜਾ ਰਿਹਾ ਹੈ ਜਿਸ ਵਿੱਚ ਲੜਕੀਆਂ ਨੂੰ ਹੁਨਰਮੰਦ ਹੋਣ ਦਾ ਮੌਕਾ ਹਰ ਛੇ ਮਹੀਨੇ ਉਪਰੰਤ ਦਿੱਤਾ ਜਾਦਾ ਹੈ। ਇਸ ਵਾਰ 20 ਲੜਕੀਆਂ ਨੂੰ ਮੁਫਤ ਛੇ ਮਹੀਨੇ ਦਾ ਸਲਾਈ ਕਢਾਈ ਦੇ ਕੋਰਸ ਦਾ ਸਮਾ ਪੂਰਾ ਹੋਣ ਤੇ ਸਰਟੀਫਕੇਟ ਤਕਸੀਮ ਕੀਤੇ ਗਏ। ਇਸ ਮੌਕੇ ਸਤਪਾਲ ਸਾਹਲੋ, ਚਮਨ ਲਾਲ ਕਲਸੀ, ਰਾਮ ਸਿੰਘ ਕਲੇਰ, ਸਤਨਾਮ ਸਿੰਘ ਫੌਜੀ, ਪਰਮਜੀਤ ਕਲਸੀ, ਮਲਕੀਤ ਕੱਟਾਂ, ਕੇਵਲ ਕ੍ਰਿਸ਼ਨ, ਮੋਹਨ ਲਾਲ ਭਰੋਮਜਾਰਾ, ਸੁਰਜੀਤ ਸੈਂਪਲੇ, ਸੁਰਿੰਦਰ ਕੁਮਾਰ ਚੱਡਾ, ਡਾ ਸ਼ਾਦੀ ਲਾਲ, ਮਨਦੀਪ ਕੌਰ, ਅਤੇ ਮਨਜੀਤ ਕੌਰ ਵੀ ਹਾਜਰ ਸਨ।

# ਲਾਂਧੜਾ ਵਿਖੇ 22ਵਾਂ ਬਲਰਾਜ ਸਾਹਨੀ ਨਾਟਕ ਮੇਲਾ ਕਰਵਾਇਆ



**ਮੁਕੰਦਪੁਰ-** ਪਿੰਡ ਲਾਂਧੜਾ ਵਿਖੇ ਪ੍ਰਗਤੀ ਕਲਾ ਕੇਂਦਰ ਲਾਂਧੜਾ ਵਲੋਂ ਵੱਖ ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ਼ ਟੀਮ ਨਿਰਦੇਸ਼ਕ ਸੋਢੀ ਰਾਣਾ ਅਤੇ ਮੱਖਣ ਕ੍ਰਾਤੀ ਦੀ ਅਗਵਾਈ ਵਿੱਚ ਬਾਬਾ ਸਾਹਿਬ ਭੀਮ ਰਾਓ ਡਾ. ਅੰਬੇਡਕਰ ਜੀ ਦੀ ਯਾਦ ਨੂੰ ਸਮਰਪਿਤ 22 ਬਲਰਾਜ ਸਾਹਨੀ ਯਾਦਗਾਰੀ ਨਾਟਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਵੱਖ ਵੱਖ ਸਖਸ਼ੀਅਤਾਂ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਨਾਟਕ ਮੇਲੇ ਦੌਰਾਨ ਸਟੇਜ ਦਾ ਅਰੰਭ ਪਿੰਡ ਸੇਲਕੀਆਣਾ ਦੇ ਸਰਪੰਚ ਬਖਸ਼ੀਸ਼ ਚੰਦ ਨੇ ਰੀਬਨ ਕੱਟਕੇ ਕੀਤਾ। ਜਦਕਿ ਸ਼ਮਾ ਰੌਸ਼ਨ ਦੀ ਰਸਮ ਕਹਾਣੀਕਾਰ ਦਵਿੰਦਰ ਮੰਢ ਕੀਤੀ। ਚਿੱਤਰ ਪ੍ਰਦਰਸ਼ਨੀ ਦਾ ਉਦਘਾਟਨ ਦਲਿਤ ਦਾਸਿਤਾ ਵਿਰੋਧੀ ਅੰਦੋਲਨ ਪੰਜਾਬ ਦੇ ਪ੍ਰਧਾਨ ਜੈ ਸਿੰਘ ਫਿਲੌਰ ਦੇ ਰੀਬਨ ਕੱਟਕੇ ਕੀਤਾ ਜਦਕਿ ਸ਼ਮਾ ਰੌਸ਼ਨ ਦੀ ਰਸਮ ਐਚ ਓ ਡੀ ਫਾਈਨ ਆਰਟ ਸ਼੍ਰੀ ਅਰਜੁਨ ਕੁਮਾਰ ਸਿੰਘ ਨੇ ਅਦਾ ਕੀਤੀ ਅਤੇ ਵੱਖ ਵੱਖ ਚਿਤਰਾਂ ਦੀ ਜਾਣਕਾਰੀ ਲਈ। ਨਾਟਕ ਮੇਲੇ ਦੌਰਾਨ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭੰਗੜਾ ਅਤੇ ਇਨਕਲਾਬੀ ਗੀਤ ਗਾ ਹਾਜਰੀ ਲਗਾਈ ਅਤੇ ਵੱਖ ਵੱਖ ਨਾਟਕ ਟੀਮਾਂ ਨੇ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕਰਕੇ ਦੇਸ਼ ਵਿੱਚ ਵੱਧ ਰਹੇ ਨਸ਼ੇ ਅਤੇ ਕਿਰਤੀ ਲੋਕਾਂ ਦੇ ਮਾੜੇ ਹਲਾਤਾਂ ਦੀ ਝਲਕ ਦਿਖਾਈ ਅਤੇ ਹਾਜਰ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿਤਾ।

ਰੰਗ ਕਰਮੀ ਰਵਿੰਦਰ ਸਿੰਘ ਰੱਬੀ ਅਤੇ ਪਤਨੀ ਕੰਵਲਜੀਤ ਕੌਰ ਨੂੰ ਬਲਰਾਜ ਸਾਹਨੀ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਬਿਨਾ ਦਹੇਜ ਦੇ ਸ਼ਾਦੀ ਕਰਨ ਵਾਲੀ ਜੋੜੀ ਸ਼੍ਰੀ ਅਮਰੀਕ ਸਿੰਘ ਅਤੇ ਕੁਲਦੀਪ ਕੌਰ ਉਮਰਪੁਰਾ ਨੂੰ ਵੀ ਲੋਈ ਅਤੇ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ ਵੱਖ ਸਹਿਯੋਗੀ ਸਖਸ਼ੀਅਤਾਂ ਨੂੰ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰਮੇਸ਼ ਰੁਦਾਇਨ, ਡਾ. ਦਵਿੰਦਰ ਸਿੰਘ, ਮੋਹਣ ਲਾਲ ਫਿਲੌਰੀਆ, ਜਸਵੀਰ ਕੁਮਾਰ ਵਿਰਕ, ਦਵਿੰਦਰ ਲਸਾੜਾ, ਡਾ. ਰਾਮ ਮੂਰਤੀ, ਕਾ. ਲਹਿੰਬਰ ਸਿੰਘ ਤੱਗੜ, ਮਾ. ਕਰਨੈਲ, ਮੈਡਮ ਮਨਜੀਤ ਕੌਰ ਅਤੇ ਹੋਰ ਖਾਸ ਸ਼ਖਸ਼ੀਅਤਾਂ ਨੇ ਪ੍ਰਧਨਗੀ ਮੰਡਲ ਦੀ ਜਿਮੇਵਾਰੀ ਨਿਭਾਈ।

# 7 ਜਨਵਰੀ, 1883
# ਗ਼ਦਰੀ ਸ਼ਹੀਦ ਸੋਹਨ ਲਾਲ ਪਾਠਕ ਦਾ ਜਨਮ ਦਿਨ



ਗ਼ਦਰ ਪਾਰਟੀ ਦੀ ਸਕੀਮ ਸੀ ਕਿ ਬਰਮਾ ਵਿੱਚ ਗ਼ਦਰੀਆਂ ਨੂੰ ਇਕੱਠੇ ਕਰਕੇ ਹਥਿਆਰਾਂ ਦੀ ਟਰੇਨਿੰਗ ਦੇ ਕੇ ਹਿੰਦੋਸਤਨ 'ਤੇ ਹਮਲਾ ਕੀਤਾ ਜਾਵੇਗਾ ਅਤੇ ਅੰਗਰੇਜ਼ੀ ਹਕੂਮਤ ਨੂੰ ਹਥਿਆਰਾਂ ਦੇ ਜ਼ੋਰ ਨਾਲ ਬਾਹਰ ਕੱਢਿਆ ਜਾਵੇਗਾ। ਸੋਹਨ ਲਾਲ ਪਾਠਕ ਬਰਮਾ ਵਿੱਚ ਗ਼ਦਰ ਦੀ ਤਿਆਰੀ ਕਰਦੇ ਹੋਏ ਗ੍ਰਿਫਤਾਰ। 10 ਫਰਵਰੀ 1916 ਨੂੰ ਮਾਂਡਲੇ ਜੇਲ੍ਹ (ਬਰਮਾ) ਵਿੱਚ ਫਾਂਸੀ ਲਗਾਇਆ ਗਿਆ।



Form 546 P.I. ALIEN CERTIFICATE—INSULAR TERRITORY (ORIGINAL)
Department of Commerce and Labor
IMMIGRATION SERVICE
No. 1

Port of Manila, P. I., February 27, 1913

This is to certify that Sohan Lal Pathik a native of Punjab India, who arrived at the port of Zamboanga, per steamship "Darvel" on the 14th January, 1913, has been duly inspected and registered, and will be admitted into the United States upon proper identification, and surrender of this certificate to any immigration officer at a designated port of entry.

The description of the holder is as follows: Age, 29; Height, 5' 8"; Weight, ...; Color of hair, Black; Color of eyes, Dark brown

Remarks (note destination, etc.): Port of destination San Francisco, other marks—round scar on right cheek, two round scars back of right hand, very small scar back of right ear, and a hole ... right knee cap. See Photo at back. Intends to leave ... Feb. 27/1913

Insular Collector of Customs

Surrendered at L. F. Cal, to Inspector ... 4/18, 1913

ਮਨੀਲਾ ਤੋਂ ਅਮਰੀਕਾ ਜਾਂਦੇ ਹੋਏ ਰਾਹਦਾਰੀ ਸਰਟੀਫਿਕੇਟ ਅਤੇ ਉਸਦੇ ਪਿੱਛੇ ਲੱਗੀ ਸੋਹਨ ਲਾਲ ਪਾਠਕ ਜੀ ਦੀ ਫੋਟੋ

ਬੇਟੀ ਤਕਸ਼ਿਲਾ ਸਪੁੱਤਰੀ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀਮਤੀ ਨਰਿੰਦਰ ਕੌਰ ਚੁੰਬਰ ਦਾ ਸ਼ੁਭ ਵਿਆਹ ਬੇਟਾ ਆਕਾਸ਼ ਸਪੁੱਤਰ ਸ੍ਰੀ ਤਿਲਕ ਰਾਜ ਨਈਅਰ ਅਤੇ ਸ੍ਰੀਮਤੀ ਸਵਿਤਾ ਨਈਅਰ ਨਾਲ 18 ਅਕਤੂਬਰ 2015 ਨੂੰ ਬਹੁਤ ਹੀ ਚਾਵਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਰਹੁ-ਰੀਤਾਂ ਅਨੁਸਾਰ ਹੋਇਆ। ਅਦਾਰਾ 'ਦੇਸ਼ ਦੁਆਬਾ' ਦੋਵੇਂ ਪਰਿਵਾਰਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ। (ਅਰਦਾਸ ਅਤੇ ਮਿਲਣੀ ਦੀਆਂ ਯਾਦਗਾਰੀ ਤਸਵੀਰਾਂ)


























ਬੇਟੀ ਤਕਸ਼ਿਲਾ ਸਪੁੱਤਰੀ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀਮਤੀ ਨਰਿੰਦਰ ਕੌਰ ਚੁੰਬਰ ਦਾ ਸ਼ੁਭ ਵਿਆਹ ਬੇਟਾ ਆਕਾਸ਼ ਸਪੁੱਤਰ ਸ੍ਰੀ ਤਿਲਕ ਰਾਜ ਨਈਅਰ ਅਤੇ ਸ੍ਰੀਮਤੀ ਸਵਿਤਾ ਨਈਅਰ ਨਾਲ 18 ਅਕਤੂਬਰ 2015 ਨੂੰ ਬਹੁਤ ਹੀ ਚਾਵਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਰਹੁ-ਰੀਤਾਂ ਅਨੁਸਾਰ ਹੋਇਆ। ਅਦਾਰਾ 'ਦੇਸ਼ ਦੁਆਬਾ' ਦੋਵੇਂ ਪਰਿਵਾਰਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ। (ਆਨੰਦ ਕਾਰਜ, ਸ਼ਗਨ ਅਤੇ ਜੈ ਮਾਲਾ ਦੀਆਂ ਕੁਝ ਯਾਦਗਾਰੀ ਤਸਵੀਰਾਂ)























**ਬੇਟੀ ਤਕਸ਼ਿਲਾ ਸਪੁੱਤਰੀ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀਮਤੀ ਨਰਿੰਦਰ ਕੌਰ ਚੁੰਬਰ ਦਾ ਸ਼ੁਭ ਵਿਆਹ ਬੇਟਾ ਆਕਾਸ਼ ਸਪੁੱਤਰ ਸ੍ਰੀ ਤਿਲਕ ਰਾਜ ਨਈਅਰ ਅਤੇ ਸ੍ਰੀਮਤੀ ਸਵਿਤਾ ਨਈਅਰ ਨਾਲ 18 ਅਕਤੂਬਰ 2015 ਨੂੰ ਬਹੁਤ ਹੀ ਚਾਵਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਰਹੁ-ਰੀਤਾਂ ਅਨੁਸਾਰ ਹੋਇਆ। ਅਦਾਰਾ 'ਦੇਸ਼ ਦੁਆਬਾ' ਦੋਵੇਂ ਪਰਿਵਾਰਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ। (ਦਿੱਲੀ ਵਿਖੇ ਨਈਅਰ ਪਰਿਵਾਰ ਵੱਲੋਂ ਰਿਸੈਪਸ਼ਨ ਪਾਰਟੀ ਦੀਆਂ ਕੁਝ ਤਸਵੀਰਾਂ)**


























# ਸਾਨੂੰ ਧੀਆਂ ਦੀ ਵੀ ਲੋਹੜੀ ਵੰਡਣੀ ਚਾਹੀਦੀ ਹੈ- ਸ. ਫਰਵਾਲਾ

ਪੀ. ਸੀ. ਐਸ. ਸੈਕਰਾਮੈਂਟੋ ਦੇ ਫਾਊਂਡਰ ਸ: ਰਛਪਾਲ ਫਰਵਾਲਾ ਅਤੇ ਮਨਦੀਪ ਫਰਵਾਲਾ ਦੇ ਸਮੂਹ ਪਰਿਵਾਰ ਵੱਲੋਂ ਬੀਤੇ ਸ਼ਨਿਚਰਵਾਰ ਨੂੰ ਉਹਨਾਂ ਦੀ ਪੋਤੀ ਸਬਰੀਨ ਸਪੁੱਤਰੀ ਜਸਮੀਨ ਅਤੇ ਵਰਿੰਦਰ ਫਰਵਾਲਾ ਦੀ ਲੋਹੜੀ ਬੜੇ ਚਾਵਾਂ ਨਾਲ ਮਨਾਈ ਗਈ। ਇਸ ਮੌਕੇ ਪਰਿਵਾਰਕ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਤੋਂ ਇਲਾਵਾ ਸਥਾਨਕ ਬਹੁਤ ਸਾਰੀਆਂ ਉੱਘੀਆਂ ਸ਼ਖਸੀਅਤਾਂ ਨੇ ਸ਼ਾਮਲ ਹੋ ਕੇ ਫਰਵਾਲਾ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦਿਆਂ ਹੋਇਆਂ ਆਪਣੀ ਅਥਾਹ ਖੁਸ਼ੀ ਪ੍ਰਗਟ ਕੀਤੀ।

ਸ: ਫਰਵਾਲਾ ਨੇ ਸਭ ਦਾ ਧੰਨਵਾਦ ਕਰਦਿਆਂ ਇਸ ਮੌਕੇ ਕਿਹਾ ਕਿ ਸਾਨੂੰ ਲੜਕਿਆਂ ਵਾਂਗ ਧੀਆਂ ਦੀ ਲੋਹੜੀ ਵੀ ਵੰਡਣੀ ਚਾਹੀਦੀ ਹੈ।

'ਦੇਸ਼ ਦੁਆਬਾ' ਵੱਲੋਂ ਇਸ ਮੌਕੇ ਲਈਆਂ ਗਈਆਂ ਤਸਵੀਰਾਂ ਦੀਆਂ ਝਲਕੀਆਂ। ਅਦਾਰਾ 'ਦੇਸ਼ ਦੁਆਬਾ' ਫਰਵਾਲਾ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦਾ ਹੈ।

























## ਧੀਆਂ ਦੀ ਲੋਹੜੀ ਉਰਫ ਬੇਬੀ ਡੇ ’ਤੇ ਵਿਸ਼ੇਸ਼

# ‘ਬੇਟੀ ਬਚਾਓ-ਬੇਟੀ ਪੜ੍ਹਾਓ’



ਪ੍ਰੋ: ਐਚ.ਐਲ.ਕਪੂਰ
001- 916- 587-4002

ਅਮਰੀਕਾ ਦੀ ਕੈਲੇਫੋਰਨੀਆ ਸਟੇਟ ’ਚ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਤੇ ’ਦਲ ਖਾਲਸਾ ਅਲਾਇੰਸ’ ਵੱਲੋਂ 12ਵੀਂ ਧੀਆਂ ਦੀ ਲੋਹੜੀ ਉਰਫ ਬੇਬੀ ਡੇ, ਮੁੰਡੇ ਤੇ ਕੁੜੀਆਂ ਦੋਹਾਂ ’ਚ ਬਰਾਬਰ ਦੀ ਸਨਮਾਨਿਤਾ ਲਿਆਉਣ ਲਈ ਹਰ ਸਾਲ ਮਨਾਇਆ ਜਾਂਦਾ ਹੈ ਤੇ ਇਸ ਸਾਲ ਵੀ ਉਹ ਇਹ ਸਮਾਗਮ 17 ਜਨਵਰੀ, 2016 ਨੂੰ ਮਨਾ ਰਹੇ ਹਨ। ਅੱਜ ਇਹ ਸਮਾਗਮ ਆਪਣਾ ਅੰਤਰ ਰਾਸ਼ਟਰੀ ਰੂਪ ਧਾਰਨ ਕਰ ਚੁੱਕਾ ਹੈ ਤੇ ਹੁਣ ਇਹ ਇਕ ਲੋਕ ਲਹਿਰ ਬਣ ਗਈ ਹੈ। ਪੰਜਾਬ ’ਚ ‘ਨੰਨ੍ਹੀ ਛਾਂ’ ਲਹਿਰ ਵੀ ਇਸ ਤੋਂ ਬਾਅਦ ਹੀ, ਅਮਰੀਕਾ ਦੀ ਇਸ ਉਕਤ ਲਹਿਰ ਨੂੰ ਦੇਖ ਕੇ ਹੀ ਸ਼ੁਰੂ ਹੋਈ ਸੀ। ਇਸ ਤੋਂ ਉਪਰੰਤ ਭਾਰਤ ’ਚ ’ਸਰਬ-ਸਿੱਖਿਆ ਅਭਿਆਨ’ ਤੇ ’ਬੇਟੀ ਬਚਾਓ-ਬੇਟੀ ਪੜ੍ਹਾਓ’ ਅਭਿਆਨ ਵੀ ਇਸੇ ਹੀ ਉਕਤ ਆਸੇ ਨੂੰ ਲੈ ਕੇ ਸ਼ੁਰੂ ਕੀਤੇ ਗਏ ਹਨ ਤਾਂ ਕਿ ਕੁੜੀਆਂ ਵੱਧ ਤੋਂ ਵੱਧ ਪੜ੍ਹ ਸਕਣ। ਇਸ ਮਹਾਨ ਉਪਰਾਲੇ ਦਾ ਸਾਰਾ ਸਿਹਰਾ ਇਨ੍ਹਾਂ ਉਕਤ ਸੰਗਠਨਾਂ ਦੇ ਬਾਨੀ ਪ੍ਰਬੰਧਕਾਂ ਨੂੰ ਹੀ ਜਾਂਦਾ ਹੈ, ਇਸ ਲਈ ਉਹ ਧੰਨਵਾਦ ਦੇ ਪਾਤਰ ਹਨ। ਇਸ ਲਈ ਮੈਂ ਆਪਣੇ ਪਾਠਕ ਵੀਰਾਂ-ਭੈਣਾਂ ਨੂੰ ਪੁਰਜ਼ੋਰ ਸ਼ਬਦਾਂ ’ਚ ਬੇਨਤੀ ਕਰਦਾ ਹਾਂ ਕਿ ਇਸ ਲਹਿਰ ਨੂੰ ਵੱਧ ਤੋਂ ਵੱਧ ਸਹਿਯੋਗ ਦੇ ਕੇ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਲੜਕੀਆਂ ਦੀ ਭਰੂਣ ਹੱਤਿਆ ਰੋਕੀ ਜਾ ਸਕੇ। ਮੈਂ ਆਪਣੇ ਇਸ ਲੇਖ ’ਚ ਔਰਤ ਦੀ ਮਨੁੱਖ ਦੇ ਜੀਵਨ ’ਚ ਕੀ ਮਹਾਨਤਾ ਹੈ, ਔਰਤ ਨੂੰ ਆਪਣੇ ਜੀਵਨ ’ਚ ਕਿਸ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਇਨ੍ਹਾਂ ਮੁਸੀਬਤਾਂ ਤੇ ਉਸ ਨਾਲ ਹੁੰਦੇ ਨਾਬਰਾਬਰੀ ਦੇ ਵਿਤਕਰੇ ਤੋਂ ਕਿਵੇਂ ਨਿਜਾਤ ਪਾ ਸਕਦੀ ਹੈ ਤੇ ਆਪਣਾ ਸਨਮਾਨ ਕਿਵੇਂ ਬਹਾਲ ਕਰ ਸਕਦੀ ਹੈ, ਦਾ ਜ਼ਿਕਰ ਕਰਨ ਦਾ ਯਤਨ ਕੀਤਾ ਹੈ।

ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਨ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਔਰਤ ਨੂੰ ਆਪਣੇ ਨਿਸ਼ਾਨੇ ’ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ ’ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ ’ਤੇ ਬਿਰਾਜਮਾਨ, ਉਹ ਆਸਤਕ ਹੋਵੇ ਲਾਂ ਨਾਸਤਕ, ਧੰਨਵਾਦ ਹੋਵੇ ਜਾਂ ਨਿਰਧਨ, ਆਮ ਤੌਰ ’ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅੱਕਤਿੱਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾਂ ਵਾਦ-ਵਿਵਾਦ ਦੇ ਘੇਰੇ ’ਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ: ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜਾ ਹੈ, ਮਰਦ ਦੀ ਤਰੱਕੀ ’ਚ ਅੜਿੱਕਾ ਹੈ, ਬੇਵਫ਼ਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ’ਤੇ ਇਕ ਬੋਝ ਹੈ, ਇਕ ਬਘਿਆੜਨ, ਸੱਪਨੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ ’ਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ, ‘ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।’ ਬਨਰਜ ਔਰਤ ਪ੍ਰਤੀ ਕਹਿੰਦਾ ਹੈ, “ਸ਼ੈਤਾਨ ਹੀ ਉਸ ’ਤੇ ਰਾਜ ਕਰਦਾ ਹੈ।” ਨਿਤਜਸਚ ਔਰਤ ਨੂੰ, ’ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।’ ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨਾ ਰੱਖਦੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ ’ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ ’ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ’ ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਅਤੇ ਸਮਾਜ ਵਿਚ ਉਸਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ ’ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ’ ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਆਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੀ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ ’ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ, ਕਾਰੋਬਾਰੀ ਥਾਂਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ ’ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, ’ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲੀ।”



ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗੂੰ ਗੰਢ ਦੇ ਕੇ ਰੱਖਦੀ ਹੈ ਜਿਵੇਂ ਇਹ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖ਼ਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ ’ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,
ਕੀ ਖੱਟਿਆ ਵਟਣਾ ਮਲ ਕੇ, ਮਹਿੰਦੀ ਲਾ ਕੇ।

ਇਹ ਸਵੈ ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਂ ਹੀ ਉਹ ਮਹਾਂਪੁਰਸ਼ਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਂਵਾਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚੱਲਦੀ ਗੱਡੀ ਵਿਚ ਅਸਾਵਾਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ ‘ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ’ ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਹਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਕਬਾਇਲੀ ਖੋਜ ਅਤੇ ਸਭਿਆਚਾਰਕ ਫਾਊਂਡੇਸ਼ਨ’ ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ। ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਪਤਾ ਦੀ ਘਾਟ ਨੂੰ ਵੇਖੀਏ ਪਰ ਸੱਚ ਤਾਂ ਇਹ ਹੈ ਕਿ ਇਨ੍ਹਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕ ਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਨ੍ਹਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਨ੍ਹਾਂ ’ਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ ‘ਸਿੱਖਿਆ ਦਾ ਅਧਿਕਾਰ’ ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ ’ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਵੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਪਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ ‘ਸਰਵ-ਸਿੱਖਿਆ ਅਭਿਆਨ’ ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦਾ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਪਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ। ਇਸ ਲਈ ਸਰਕਾਰ ਦਾ ਇਹ ਨਾਅਰਾ ‘ਬੇਟੀ ਬਚਾਓ-ਬੇਟੀ ਪੜ੍ਹਾਓ’ ਦਾ ਸਨਮਾਨ ਕਰਦਿਆਂ ਸਾਨੂੰ ਆਪਣੀਆਂ ਬੇਟੀਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਣ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ‘ਆਸਾ ਦੀ ਵਾਰ’ ਵਿਚ ਇੰਝ ਬਿਆਨ ਕੀਤਾ ਹੈ:

‘ਭੰਡ ਮੋਆ ਭੰਡ ਭਾਲੀਐ, ਭੰਡ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਵਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਨ੍ਹਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਦੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ । ਉਂਝ ਉਨ੍ਹਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਨੇ ਇਸੇ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ ‘ਸਤੀ ਦੀ ਰਸਮ’ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ‘ਖ਼ਾਲਸੇ ਦੀ ਮਾਤਾ’ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ ‘ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣ ਜੋਗਾ ਬਣਾਇਆ।’ ਇਸ ਲਈ ਜਿਹਨਾਂ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ ’ਕੱਟੀ ਪਤੰਗ’ ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜਿਸ ਨੂੰ ਕੱਟੀ ਜਾਣ ’ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਲੁੱਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ ‘ਅੱਧ ਖਿੜਿਆ ਫੁੱਲ’ ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, “ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਲਾਸਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, “ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦੀ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ, ਔਰਤ ਦਿਆਂ ਮੋਢਿਆਂ ’ਤੇ ਟਿਕੀ ਹੋਵੇ। ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ, ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਏਨਾ ਖੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ ’ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।”

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਭਾਵਸ਼ਾਲੀ ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕਾ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ ਬਹੁਤ ਥੋੜ੍ਹੇ ਗਿਣੇ-ਚੁਣੇ ਨਾਮ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।

ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ ’ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, “ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।” ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: “ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।”

ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

“ਵਾਹ! ਵਾਹ! ਰੇ ਅਬਲਾ ਨਾਰੀ।
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।”

(ਬਾਕੀ ਅਗਲੇ ਸਫੇ ਤੇ)

# 'ਬੇਟੀ ਬਚਾਓ-ਬੇਟੀ ਪੜ੍ਹਾਓ'

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਨ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

"ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇ ਕਰ ਮੈਂ ਨਾ ਮਰਦੀ"!

ਪ੍ਰੋ: ਮੋਹਨ ਸਿੰਘ ਜੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦੇ ਸਿਰਮੌਰ ਕਵੀ ਹਨ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗ-ਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਵੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ 'ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:-

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਉੱਠ ਦਰਦਬੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਂਹੀਓਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ-ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪ੍ਰੀਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ।

ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ, "ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।" ਅਰਸਤੂ ਕਹਿੰਦਾ ਹੈ, "ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ ਰਾਸ਼ਟਰ ਦੀ ਉਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ" ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, "ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ।"

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜੀ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਵੀਰੋ ਆਓ! ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ, ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ।

ਇਸ ਲਈ ਭਾਵੇਂ ਸਾਨੂੰ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿਚਰ ਰਹੀ ਹੈ। ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ। ਆਓ, ਜ਼ਰਾ ਅਧਿਐਨ ਕਰੀਏ ਇਨ੍ਹਾਂ ਗੰਭੀਰ ਸਮੱਸਿਆਵਾਂ ਦਾ ਜੋ ਔਰਤ ਜਾਤੀ ਦੀ ਹੋਂਦ ਵਿਚ ਅੜਿੱਕਾ ਬਣ ਕੇ ਖੜ੍ਹੀਆਂ ਹਨ:-

**ਦਾਜ ਦੀ ਸਮੱਸਿਆ:-** ਇਹ ਘਟਨਾਵਾਂ ਸਿਰਫ ਨੂੰਹਾਂ ਨਾਲ ਹੀ ਵਾਪਰਦੀਆਂ ਹਨ ਪਰ ਆਪਣੀਆਂ ਧੀਆਂ ਨਾਲ ਨਹੀਂ? ਇਹ ਇਲਜ਼ਾਮ ਆਮ ਦੇਖਣ ਨੂੰ ਲੱਗਦਾ ਹੈ ਕਿ ਲੋਭੀ ਸੌਹਰੇ ਦਾਜ ਦੀ ਮੰਗ ਕਰਦੇ ਹਨ, ਵਹੁਟੀ ਦੇ ਦਾਜ ਨਾ ਲਿਆਉਣ ਤੇ ਉਸ ਦੀ ਕੁੱਟਮਾਰ ਕੀਤੀ ਜਾਂਦੀ ਹੈ, ਸਟੋਵ ਫੱਟ ਗਿਆ, ਅੱਗ ਲੱਗ ਗਈ, ਖੁਦਕੁਸ਼ੀ ਕਰਨ ਦੀਆਂ ਘਟਨਾਵਾਂ, ਅੱਗੇ ਬੋਲਣ ਦੇ ਇਲਜ਼ਾਮ, ਨਾਜਾਇਜ਼ ਸੰਬੰਧਾਂ ਦਾ ਇਲਜ਼ਾਮ, ਕਹਿਣਾ ਨਾ ਮੰਨਣ ਦਾ ਇਲਜ਼ਾਮ ਤੇ ਘਰ ਦੀ ਮਰਿਆਦਾ ਤੋੜਨ ਦੇ ਇਲਜ਼ਾਮ ਆਦਿ ਲੱਗਦੇ ਹਨ। ਘਰਦਿਆਂ 'ਤੇ ਜ਼ਿਆਦਾਤਰ ਦਾਜ ਦੇ ਝੂਠੇ ਕੇਸ ਹੀ ਬਣਾਏ ਜਾਂਦੇ ਹਨ, ਸਿਰਫ ਲੜਕੇ ਵਾਲਿਆਂ ਤੋਂ ਪੈਸੇ ਲੈਣ ਦੀ ਖਾਤਰ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿਉਂਕਿ ਔਰਤ ਦੇ ਹੱਕ ਵਿਚ ਜ਼ਿਆਦਾ ਕਾਨੂੰਨ ਹੋਣ ਕਾਰਨ ਇਸ ਤਰ੍ਹਾਂ ਕੀਤਾ ਜਾਂਦਾ ਹੈ। ਹੁਣੇ-ਹੁਣੇ ਇਕ ਰਿਪੋਰਟ ਆਈ ਹੈ ਜਿਸ ਵਿਚ ਦਾਜ ਦੀ ਮੰਗ ਤੇ ਉਕਤ ਦੱਸੇ ਗਏ ਇਲਜ਼ਾਮਾਂ ਦੀਆਂ ਘਟਨਾਵਾਂ ਵਾਪਰਨ ਦੇ 98 ਫੀਸਦੀ ਕੇਸ ਝੂਠੇ ਸਾਬਤ ਹੋਏ ਹਨ ਤੇ ਸਿਰਫ 2 ਫੀਸਦੀ ਕੇਸ ਹੀ ਅਦਾਲਤਾਂ ਵਿਚ ਸੱਚ ਸਾਬਤ ਹੋਏ ਹਨ। ਮੈਂ ਆਪਣੇ ਪਾਠਕਾਂ ਨੂੰ ਇਸ ਸਬੰਧੀ ਆਪਣੇ ਕਿਸੇ ਅਗਲੇ ਲੇਖ ਵਿਚ ਵਿਸਥਾਰ ਨਾਲ ਜਾਣਕਾਰੀ ਦਿਆਂਗਾ। ਸੌਹਰਾ ਪਰਿਵਾਰ ਹੋਵੇ ਭਾਵੇਂ ਵਿਆਹੁਤਾ ਖੁਦ ਕਿੜਾਂ ਕੱਢਣ ਦੀ ਪ੍ਰਵਿਰਤੀ ਨੂੰ ਜ਼ਿੰਦਗੀ ਦੀ ਤ੍ਰਾਸਦੀ ਸਮਝ ਕੇ ਤਿਆਗ ਦੇਣ। ਸਮਾਜ ਸੇਵੀ ਸੰਸਥਾਵਾਂ ਨੂੰ ਸਹਿਯੋਗ ਦੇ ਕੇ ਅਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

**ਭਰੂਣ ਹੱਤਿਆ:-** ਕੁਦਰਤ ਦੀ ਸਧਾਰਨ ਜਨਮ ਪ੍ਰਕਿਰਿਆ ਅਨੁਸਾਰ ਹਰ 100 ਲੜਕੀਆਂ ਪਿੱਛੇ 105 ਲੜਕੇ ਜਨਮ ਲੈਂਦੇ ਹਨ ਪਰ ਕੁੜੀਆਂ ਪ੍ਰਤੀ ਤਾਂ ਜਨਮ ਤੋਂ ਪਹਿਲਾਂ ਹੀ ਵਰਤੇ ਜਾਂਦੇ ਕੁਹਰਾਮ (ਭਰੂਣ ਹੱਤਿਆ) ਸਦਕਾ ਲਿੰਗ ਅਨੁਪਾਤ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਰਫ਼ਤਾਰ ਨਾਲ ਲੜਕੀਆਂ ਦੀ ਗਿਣਤੀ ਘੱਟ ਰਹੀ ਹੈ, ਆਉਣ ਵਾਲੇ ਸਮੇਂ ਵਿਚ ਲੜਕਿਆਂ ਨੂੰ ਵਿਆਹ ਕਰਾਉਣ ਲਈ ਲੜਕੀਆਂ ਦੀ ਬਹੁਤ ਘਾਟ ਹੋ ਜਾਏਗੀ ਤੇ ਵਿਆਹ ਕਰਾਉਣ ਲਈ ਕੋਈ ਲੜਕੀ ਨਹੀਂ ਮਿਲੇਗੀ। ਇਸ ਘਾਟ ਕਾਰਨ ਔਰਤ ਨਾਲ ਜਬਰਨ ਬਲਾਤਕਾਰ ਦੀਆਂ ਘਟਨਾਵਾਂ ਵਿਚ ਹੋਰ ਵਾਧਾ ਹੋਵੇਗਾ। ਸੰਸਾਰ ਦਾ ਮਹਾਨ ਮਨੋਵਿਗਿਆਨੀ ਸਿਗਮੰਡ ਫਰਾਇਡ, "ਕਾਮ ਪ੍ਰਵਿਰਤੀ ਨੂੰ ਮਨੁੱਖ ਦੀਆਂ ਦੂਜੀਆਂ ਪ੍ਰਵਿਰਤੀਆਂ ਨਾਲੋਂ ਜ਼ਿਆਦਾ ਬਲਵਾਨ ਪ੍ਰਵਿਰਤੀ ਦੱਸਦਾ ਹੈ, ਕਿਉਂਕਿ ਜਦੋਂ ਇਹ ਪ੍ਰਵਿਰਤੀ ਉਜਾਗਰ ਹੁੰਦੀ ਹੈ ਤਾਂ ਇਹ ਮਨੁੱਖ ਦੀਆਂ ਦੂਜੀਆਂ ਪ੍ਰਵਿਰਤੀਆਂ ਤੇ ਆਪਣਾ ਗਲਬਾ ਜਮਾ ਲੈਂਦੀ ਹੈ ਤੇ ਮਨੁੱਖ ਪਾਗਲ ਹੋ ਕੇ ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੰਦਾ ਹੈ।" ਇਸ ਲਈ ਹੇ ਮਨੁੱਖ! ਤੂੰ ਮੁੰਡੇ ਦੀ ਚਾਹਤ ਲਈ ਇਸ ਪ੍ਰਕਿਰਤੀ ਦੇ ਨਿਯਮ ਨਾਲ ਭਰੂਣ ਹੱਤਿਆ ਕਰਕੇ ਸੰਤੁਲਨ ਨਾ ਵਿਗਾੜ ਨਹੀਂ ਤਾਂ ਵੇਲਾ ਲੰਘ ਜਾਣ ਤੋਂ ਬਾਅਦ ਬਹੁਤ ਪਛਤਾਵੇਂਗਾ।

ਸਾਲ 2001 ਦੀ ਮਰਦਮਸ਼ੁਮਾਰੀ ਅਨੁਸਾਰ 0-1 ਸਾਲ ਦੇ ਬੱਚਿਆਂ ਦਾ ਇਹ ਅਨੁਪਾਤ ਪੰਜਾਬ ਤੇ ਭਾਰਤ ਦੇ ਕਈ ਹਿੱਸਿਆਂ ਵਿਚ 747 : 1000 ਸੀ। ਲਿੰਗ ਅਨੁਪਾਤ ਦਾ ਇਹ ਅਸਾਵਾਂਪਣ ਮਨੁੱਖ ਜਾਤੀ ਲਈ ਇਕ ਖ਼ਤਰੇ ਦੀ ਵੱਡੀ ਘੰਟੀ ਹੈ। ਇਸ ਕੁਰੀਤੀ ਦੇ ਕਈ ਕਾਰਨ ਹਨ। ਅਗਿਆਨਤਾ ਤੇ ਅਨਪੜ੍ਹਤਾ, ਸਮਾਨਤਾ ਦੀ ਉਸਾਰੂ ਸੋਚ ਨਹੀਂ ਬਣਨ ਦਿੰਦੀ। ਇਸ ਤੋਂ ਅੱਗੇ ਵੰਸ਼ ਅੱਗੇ ਤੋਰਨ ਦੀ ਲਾਲਸਾ, ਦਾਜ ਦੀ ਲਾਹਨਤ, ਬੁਢਾਪੇ ਦਾ ਸੰਕਲਪ ਕਿ ਪੁੱਤ ਹੀ ਕਮਾਊ ਤੇ ਬੁਢਾਪੇ ਦਾ ਸਹਾਰਾ ਹੁੰਦੇ ਹਨ, ਜਿਹੇ ਕਾਰਨ ਵੀ ਕੁੜੀਆਂ ਦੀ ਘਟਦੀ ਗਿਣਤੀ ਲਈ ਜ਼ਿੰਮੇਵਾਰ ਹਨ। ਭਾਵੇਂ ਕਾਨੂੰਨ ਦੀ ਸਖ਼ਤੀ ਕਾਰਨ ਇਸ 'ਤੇ ਕੁਝ ਹੱਦ ਤੱਕ ਰੋਕ ਵੀ ਲੱਗੀ ਹੈ ਤੇ ਲਿੰਗ ਅਨੁਪਾਤ ਵਿਚ ਕੁਝ ਵਾਧਾ ਵੀ ਹੋਇਆ ਹੈ ਪਰ ਇਸ ਵਿਚ ਵੱਡੀ ਲੋੜ ਸਾਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਦੀ ਹੈ।

**ਬਲਾਤਕਾਰ ਦੀ ਸਮੱਸਿਆ:-** ਬਲਾਤਕਾਰ ਲਈ ਪਹਿਲਾਂ 'ਇੱਜ਼ਤ ਨਾਲ ਖੇਡਣਾ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਹਰ ਰੋਜ਼ ਅਖ਼ਬਾਰਾਂ ਤੇ ਟੀ. ਵੀ. ਤੇ ਅਨੇਕਾਂ ਕੇਸ ਰੋਜ਼ ਬਲਾਤਕਾਰ ਦੇ ਦੇਖਣ ਤੇ ਸੁਣਨ ਨੂੰ ਮਿਲਦੇ ਹਨ। ਸੰਨ 1992 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ ਹਰ 54 ਮਿੰਟਾਂ ਬਾਅਦ ਇਕ ਬਲਾਤਕਾਰ ਹੁੰਦਾ ਸੀ ਜਿਸ ਦਾ ਭਾਵ ਹੈ ਹਰ ਸਾਲ 11000 ਤੋਂ ਵੱਧ ਪ੍ਰਤੀ ਸਾਲ, ਸਾਲ 2005 ਵਿਚ ਇਹ ਅੰਕੜਾ ਉਛਾਲ ਮਾਰ ਕੇ 20,000 ਪ੍ਰਤੀ ਸਾਲ ਤੇ ਹੁਣ 2012-13 ਦੀ ਨਵੀਂ ਰਿਪੋਰਟ ਅਨੁਸਾਰ ਇਹ ਅੰਕੜਾ 35000 ਪ੍ਰਤੀ ਸਾਲ ਤੋਂ ਵੱਧ ਗਿਆ ਹੈ।

ਔਰਤ ਇੱਥੋਂ ਤੱਕ ਅਸੁਰੱਖਿਅਤ ਹੋ ਗਈ ਹੈ ਕਿ ਬਲਾਤਕਾਰ ਦੀਆਂ ਘਟਨਾਵਾਂ ਸਕੇ ਬਾਪ ਆਪਣੀਆਂ ਧੀਆਂ ਨਾਲ ਕਰਨ ਲੱਗ ਪਏ ਹਨ। ਇਸਦਾ ਮਤਲਬ ਇਹ ਹੈ ਕਿ ਔਰਤ ਜੋ ਆਪਣੇ ਘਰ ਨੂੰ ਸੁਰੱਖਿਅਤ ਸਮਝਦੀ ਸੀ, ਉਹ ਅੱਜ ਆਪਣੇ ਘਰ ਵਿਚ ਵੀ ਅਸੁਰੱਖਿਅਤ ਹੈ। ਉਸ ਦੇ ਚਾਰ ਚੁਫੇਰੇ ਖਤਰਾ ਮੰਡਰਾਅ ਰਿਹਾ ਹੈ। ਬਹੁਤੇ ਮਾਮਲਿਆਂ ਵਿਚ ਔਰਤ ਆਪਣੀ ਇੱਜ਼ਤ ਤੇ ਬਦਨਾਮੀ ਤੋਂ ਡਰਦੀ ਅਜਿਹੇ ਮਾਮਲਿਆਂ ਵਿਚ ਚੁੱਪ ਰਹਿਣਾ ਹੀ ਬਿਹਤਰ ਸਮਝਦੀ ਹੈ। ਇਹ ਵਹਿਸ਼ੀਪੁਣਾ ਇੱਥੋਂ ਤੱਕ ਵੱਧ ਗਿਆ ਹੈ ਕਿ 3-4 ਸਾਲ ਦੀਆਂ ਬਾਲੜੀਆਂ ਤੋਂ ਲੈ ਕੇ 50-60 ਸਾਲ ਦੀਆਂ ਬਜ਼ੁਰਗ ਔਰਤਾਂ ਤੱਕ ਇਸ ਦਾ ਸ਼ਿਕਾਰ ਹੋ ਰਹੀਆਂ ਹਨ।

**ਅਸ਼ਲੀਲਤਾ-** ਪੈਸਾ ਕਮਾਉਣ ਦੇ ਲਾਲਚ ਨੇ ਭੀ ਆਪਣੇ ਵਿਉਪਾਰ ਦੇ ਪ੍ਰਚਾਰ ਲਈ ਔਰਤ ਦੇ ਸਰੀਰ ਦਾ ਸ਼ੋਸ਼ਣ ਕੀਤਾ ਹੈ।

ਔਰਤ ਨੂੰ ਸੁੰਦਰਤਾ ਅਤੇ ਸੁਹਜਮਈ ਅਦਾਵਾਂ ਦਾ ਬਾਜ਼ਾਰ ਬਣਾਇਆ ਜਾਂਦਾ ਹੈ। ਕਈ ਲੋਕ ਇਨ੍ਹਾਂ ਨੂੰ ਯਥਾਰਥ ਅਤੇ ਬਾਜ਼ਾਰ ਦਾ ਨਾਂ ਦੇ ਕੇ ਅੱਖੋਂ ਪਰੋਖੇ ਕਰ ਦਿੰਦੇ ਹਨ। ਸਾਰੇ ਮੀਡੀਆ ਦਾ ਇਹੀ ਹਾਲ ਹੈ। ਇਹ ਵਿਚਾਰ ਤਾਂ ਸਿਰਫ ਕੁਝ ਗਿਣਤੀ ਦੇ ਲੋਕਾਂ ਦਾ ਹੈ ਪਰ ਆਮ ਲੋਕ ਇਨ੍ਹਾਂ ਪ੍ਰਵਿਰਤੀਆਂ ਨੂੰ ਸਮਾਜ ਲਈ ਨੁਕਸਾਨਦਾਇਕ ਸਮਝਦੇ ਹਨ ਅਤੇ ਕੁਝ ਅਜਿਹੇ ਵੀ ਹਨ ਜੋ ਇਸਦਾ ਮੀਡੀਆ ਰਾਹੀਂ ਡਟਵਾਂ ਵਿਰੋਧ ਵੀ ਕਰਦੇ ਹਨ।

ਭਾਵੇਂ ਭਾਰਤੀ ਕਾਨੂੰਨ ਇਸ ਦੀ ਇਜਾਜ਼ਤ ਨਹੀਂ ਦਿੰਦਾ ਫਿਰ ਵੀ ਵੇਸਵਾਵਾਂ ਦੇ ਚਕਲੇ, ਕੋਠੇ ਅੱਡੇ ਚੱਲ ਰਹੇ ਹਨ। ਕੇਵਲ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਉਣਾ ਹੀ ਔਰਤ ਸਸ਼ਕਤੀਕਰਨ ਦਾ ਜ਼ਾਮਨ ਨਹੀਂ ਬਲਕਿ ਸ਼ਕਤੀਵਾਨ ਹੋਣ ਲਈ ਔਰਤ ਨੂੰ ਹਾਲੇ ਵੀ ਸੰਘਰਸ਼ ਕਰਨ ਦੀ ਲੋੜ ਹੈ। ਜਾਗਰੂਪਤਾ ਮੁਹਿੰਮ ਰਾਹੀਂ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵਿਚ ਰੁਕਾਵਟ ਹੈ। ਔਰਤਾਂ ਦਾ ਕਿਸੇ ਵੀ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਅਰਥਹੀਣ ਹੈ ਜਦੋਂ ਤੱਕ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਤੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਨਹੀਂ ਦਿੰਦਾ।

ਨਿਮਨ-ਲਿਖਤ ਕੁਝ ਨਜ਼ਰੀਏ ਤੇ ਯਥਾਰਥਕ ਤੱਤ ਮਨੁੱਖ ਦੀ ਆਪਣੇ ਮਨ ਵਿਚ ਔਰਤ ਪ੍ਰਤੀ ਬਣਾਈ ਹੋਈ ਸੋੜੀ ਮਾਨਸਿਕਤਾ ਨੂੰ ਬਦਲ ਸਕਦੇ ਹਨ, ਜੇਕਰ ਮਨੁੱਖ ਇਨ੍ਹਾਂ ਤੇ ਗਹਿਨਤਾ ਨਾਲ ਵਿਚਾਰ ਕਰੇ।

ਇਸ ਨਾਲ ਸਾਡੇ ਸਮਾਜ ਵਿਚ ਔਰਤ ਦੀ ਹੋਂਦ ਮਰਦ ਦੇ ਬਰਾਬਰ ਹੋ ਸਕਦੀ ਹੈ ਤੇ ਔਰਤ ਪ੍ਰਤੀ ਸਦੀਆਂ ਤੋਂ ਮਨੁੱਖ ਦੇ ਅੰਦਰ ਬਣੀ ਪ੍ਰਵਿਰਤੀ ਬਦਲ ਸਕਦੀ ਹੈ ਤੇ ਔਰਤ ਖੁਸ਼ਹਾਲ ਬਣ ਸਕਦੀ ਹੈ।

ਨਿਮਨ-ਲਿਖਤ ਸੱਤਰਾਂ ਔਰਤ ਤੇ ਮਰਦ ਦੀ ਸਮਾਨਤਾ ਹੀ ਪ੍ਰਗਟ ਨਹੀਂ ਕਰਦੀਆਂ ਸਗੋਂ ਔਰਤ ਦੇ ਸਨਮਾਨ ਨੂੰ ਪੁਰਸ਼ ਨਾਲੋਂ ਉਪਰ ਦਰਸਾਉਂਦੀਆਂ ਹਨ:-

ਬੇਟਾ ਵਾਰਿਸ ਹੈ- ਬੇਟੀ ਪਾਰਸ ਹੈ।
ਬੇਟਾ ਬੰਸ਼ ਹੈ- ਬੇਟੀ ਅੰਸ਼ ਹੈ।
ਬੇਟਾ ਆਨ ਹੈ- ਬੇਟੀ ਸ਼ਾਨ ਹੈ।
ਬੇਟਾ ਤਨ ਹੈ- ਬੇਟੀ ਮਨ ਹੈ।
ਬੇਟਾ ਮਾਨ ਹੈ- ਬੇਟੀ ਗੁਮਾਨ ਹੈ।
ਬੇਟਾ ਸੰਸਕਾਰ ਹੈ- ਬੇਟੀ ਸੰਸਕ੍ਰਿਤੀ ਹੈ।
ਬੇਟਾ ਰਾਗ ਹੈ- ਬੇਟੀ ਬਾਗ ਹੈ।
ਬੇਟਾ ਦਵਾ ਹੈ- ਬੇਟੀ ਦੁਆ ਹੈ।
ਬੇਟਾ ਭਾਗਯ ਹੈ- ਬੇਟੀ ਵਿਧਾਤਾ ਹੈ।
ਬੇਟਾ ਸ਼ਬਦ ਹੈ- ਬੇਟੀ ਅਰਥ ਹੈ।
ਬੇਟਾ ਗੀਤ ਹੈ- ਬੇਟੀ ਸੰਗੀਤ ਹੈ।
ਬੇਟਾ ਪ੍ਰੇਮ ਹੈ- 'ਬੇਟੀ ਪੂਜਾ ਹੈ'।

## ਹਾਸੇ ਤੇ ਹੰਝੂ-

# ਏਥੇ ਕੁਝ ਨਹੀ ਹੈ ਸੁਧਰਣ ਵਾਲਾ ਤੇ ਨਾ ਹੀ ਕੋਈ ਸੁਧਾਰਣ ਵਾਲਾ



-ਅਮਰਜੀਤ ਟਾਂਡਾ

ਵੋਟਰ ਸੁਧਾਈ ਦੇ ਕੰਮ ਦਾ ਨਿਰੀਖਣ ਜਦ ਕੀਤਾ ਤਾਂ ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹਿਆਂ ਵਿਚ 7 ਲੱਖ ਦੇ ਕਰੀਬ ਵੋਟਰਾਂ ਦੇ ਨਾਂਅ ਸਹੀ ਨਾ ਹੋਣ ਕਰਕੇ ਵੋਟਰ ਸੂਚੀਆਂ 'ਚੋਂ ਕੱਟੇ ਗਏ-ਸਾਰੇ ਹੀ ਜ਼ਾਅਲੀ। ਭਾਰਤ ਦੇ ਮੁੱਖ ਚੋਣ ਕਮਿਸ਼ਨਰ ਹੁਣ ਜਾਗੇ ਨੇ ਤੇ ਪੰਜਾਬ ਆਏ ਜਦੋਂ ਕਿ ਅਗਲਿਆਂ ਨੇ ਰਾਜ ਵੀ ਏਨਾ ਚਿਰ ਕਰ ਲਿਆ ਹੈ। ਏਦਾਂ ਜਿੱਤਦੀਆਂ ਨੇ ਸੱਤਾ ਤੇ ਕਾਬਜ਼ ਪਾਰਟੀਆਂ। ਅਸਲ ਚ ਇਸ ਤੋਂ ਵੀ ਕਿਤੇ ਵੱਡੀ ਗਿਣਤੀ ਵਿਚ ਨਵੇਂ ਜ਼ਾਅਲੀ ਵੋਟਰ ਬਣੇ ਹੋਣਗੇ। ਚੋਣ ਕਮਿਸ਼ਨ ਨੇ ਇਸ ਗੱਲ 'ਤੇ ਵੀ ਤਸੱਲੀ ਪ੍ਰਗਟ ਕੀਤੀ ਹੈ ਕਿ ਇਥੇ ਵੋਟਾਂ ਦੀ ਸੁਧਾਈ ਦਾ ਕੰਮ ਬਹੁਤ ਸੰਤੁਸ਼ਟੀਜਨਕ ਹੈ- ਚੋਣ ਕਮਿਸ਼ਨਰ ਨੂੰ ਪੁੱਛਿਆ ਜਾਵੇ ਕਿ ਕੀ ਸੰਤੁਸ਼ਟੀਜਨਕ ਹੈ? ਬਾਅਦ ਚ ਆ ਕੇ ਦੱਸੋ ਕਿ ਜੀ ਅਸੀਂ ਸੂਚੀਆਂ ਸੁਧਾਰ ਦਿਤੀਆਂ! ਸਾਡੇ ਢਾਂਚੇ ਵਿਚ ਕਈ ਖਾਮੀਆਂ ਹਨ, ਜਿਹਨਾਂ ਦੇ ਕਾਰਨ ਸੱਤਾ ਤੇ ਕਾਬਜ਼ ਪਾਰਟੀ ਜਾਂ ਜ਼ੋਰ ਵਾਲੀ ਧਿਰ ਸਾਰਾ ਲਾਭ ਲੈ ਜਾਂਦੀ ਹੈ। ਸਾਡੇ ਜ਼ਰੇ 2 ਵਿਚ ਭਰਿਸ਼ਟਾਚਾਰ ਵਸਿਆ ਪਿਆ ਹੈ।

ਵੋਟਾਂ ਦਾ ਸਹੀ ਹੋਣਾ ਬੇਹੱਦ ਜ਼ਰੂਰੀ ਹੈ ਜੇ ਦੇਸ਼ ਦੀ ਸੰਸਦੀ ਪ੍ਰਣਾਲੀ ਸਹੀ ਚਲਾਉਣੀ ਹੈ ਤਾਂ-ਨਹੀਂ ਤਾਂ ਦੌਲਤ ਜਿੱਤਦੀ ਰਹੇਗੀ-ਲੋਕ ਹਾਰਦੇ ਰਹਿਣਗੇ। ਚੋਣ ਪ੍ਰਕਿਰਿਆ ਵਿਚ ਕੀਤੀਆਂ ਗਈਆਂ ਸੁਧਾਈਆਂ ਅਤੇ ਚੋਣ ਕਮਿਸ਼ਨ ਨੂੰ ਦਿੱਤੇ ਗਏ ਅਧਿਕਾਰਾਂ ਕਰਕੇ ਹੁਣ ਤੱਕ ਚੋਣ ਪ੍ਰਣਾਲੀ ਵਿਚ ਵੱਡੇ ਸੁਧਾਰ ਹੋਏ ਜਾਪਦੇ ਹੀ ਹਨ, ਪਰ ਸਾਡੇ ਨੇਤਾ ਉਹਨਾਂ ਨੂੰ ਵੀ ਵਿਗਾੜ ਲੈਂਦੇ ਹਨ। ਚੋਣਾਂ ਵਿਚ ਅਨੇਕਾਂ ਗੜਬੜੀਆਂ ਹੋਣ ਦੀਆਂ ਵੱਡੀ ਪੱਧਰ 'ਤੇ ਸ਼ਿਕਾਇਤਾਂ ਮਿਲਦੀਆਂ ਸਨ ਹੁਣ ਸ਼ਿਕਾਇਤਾਂ ਘਟੀਆਂ ਤਾਂ ਹਨ, ਪਰ ਹੋਰ ਤਰੀਕੇ ਤੇ ਢੰਗ ਲੋਕਾਂ ਖੋਜ ਲਏ ਹਨ। ਸਾਡੇ ਲੋਕ ਝੱਟ ਪੁੱਠਾ ਤਰੀਕਾ ਲੱਭ ਲੈਂਦੇ ਹਨ,ਕਿ ਇਹਨੂੰ ਕਿੰਜ ਆਪਣੇ ਲਈ ਕਿਵੇਂ ਵਿਗਾੜ ਕੇ ਵਰਤ ਸਕਦੇ ਹਾਂ। ਕੋਈ ਵੀ ਖੇਤਰ ਲੈ ਲਓ। ਚੰਗਿਆਈ ਲਈ ਨਹੀਂ ਸਗੋਂ ਬੁਰਿਆਈ ਦੀ ਖੋਜ ਹੀ ਕਰਨਗੇ। ਕਹਿੰਦੇ ਨੇ ਕਿ ਬਹੁਤੇ ਵੋਟਰਾਂ ਕੋਲ ਸ਼ਨਾਖਤੀ ਕਾਰਡ ਹੋਣ ਅਤੇ ਚੋਣ ਪ੍ਰਕਿਰਿਆ ਵਿਚ ਬਿਜਲਈ ਮਸ਼ੀਨਾਂ ਦੀ ਵਰਤੋਂ ਸ਼ੁਰੂ ਹੋਣ ਕਾਰਨ ਵੋਟਰਾਂ ਦੇ ਸੰਸੇ ਕਾਫੀ ਘਟ ਗਏ ਹਨ-ਅੱਜਕਲ ਜਿੰਨੇ ਮਰਜ਼ੀ ਸ਼ਨਾਖਤੀ ਕਾਰਡ ਬਣਵਾ ਲਓ-ਇੱਕ 2 ਕੋਲ ਕਈ 2 ਸ਼ਨਾਖਤੀ ਕਾਰਡ ਤੇ ਪਾਸਪੋਰਟ ਨੇ-ਕੀ ਕਰੋਗੇ-ਇਹ ਬਾਹਰਲੇ ਦੇਸ਼ਾਂ ਚ ਕਿਉਂ ਨਹੀਂ ਹੁੰਦਾ ਸਿਰਫ ਸਾਡੇ ਮਹਾਨ ਦੇਸ਼ ਚ ਹੀ ਕਿਉਂ ਹੈ-ਇਹਨਾਂ ਨੂੰ ਡਰ ਹੀ ਨਹੀ ਹੈ, ਰੱਬ ਜਿਉਂ ਹੈ ਇਹਨਾਂ ਕੋਲ।

ਮੰਦਰਾਂ ਮਸੀਤਾਂ ਗੁਰਦਵਾਰਿਆਂ 'ਚ ਰੱਬ ਪਾਲ 2 ਰੱਖੇ ਹੋਏ ਹਨ-ਆਪਣੀ 2 ਮਰਿਆਦਾ ਹੈ ਸਾਰਿਆਂ ਦੀ। ਭਾਰਤ ਚ ਹੀ ਪੂਜਾ ਹੈ ਬਾਹਰ ਤਾਂ ਇਹ ਲੋਕ ਮੈਂ ਕਦੇ ਅਜੇਹੇ ਖੇਚਣ ਕਰਦੇ ਕਦੇ ਨਹੀਂ ਦੇਖੇ। ਤੇ ਹੈ ਵੀ ਸਾਰੀ ਦੁਨੀਆਂ ਚ ਮੂਹਰੇ ਤੇ ਸੁਖੀ। ਸਾਡੇ ਹਰ ਘਰ ਪਾਠ ਪੂਜਾ ਹੀ ਸਾਹ ਨਹੀਂ ਲੈਂਦੀ,ਫਿਰ ਬੀਮਾਰੀਆਂ ਕਿਉਂ ਨੇ-ਜਦ ਕਸਰਤ, ਕੰਮ ਦਾ ਸਮਾਂ ਅਜਾਂਈਂ ਗੁਆਈ ਜਾਣਾ,ਜਿੱਥੋਂ ਕੁਝ ਨਿਕਲਣਾ ਹੀ ਨਹੀਂ,ਫਿਰ ਕਿਵੇਂ ਰਹੇਗੀ ਸਿਹਤ ਚੰਗੀ। ਪੈਸਾ ਕਿੱਥੋਂ ਬਣੇਗਾ। ਖਿਆਲੀ ਰੱਬ ਤੋਂ ਦੂਰ ਬਾਹਰਲੇ ਸਾਰੇ ਮੁਲਕ ਏਨੇ ਖੁਸ਼ਹਾਲ ਨੇ ਕਿ ਸਾਰਾ ਏਸ਼ੀਆ ਮਰ ਰਿਹਾ ਹੈ ਏਥੇ ਆ ਕੇ ਵਸਣ ਨੂੰ-ਇਸ ਤੋਂ ਕੁਝ ਸਮਝ ਜਾਣਾ ਚਾਹੀਦਾ ਹੈ। ਅਗਲੇ ਚੌਵੀ 2 ਘੰਟੇ ਕੰਮ ਕਰਨ ਵਾਲੇ ਲੋਕ ਨੇ- ਖੁਸ਼ਹਾਲੀ ਕਿਉਂ ਨਾ ਆਵੇਗੀ? ਜਿਹੜਾ ਕਣ 2 ਚ ਵਸਦਾ ਹੈ, ਏਨਾ ਜ਼ਰਵਾਣਾ ਹੈ,ਉਹ ਭਾਰਤ ਪਾਕਿਸਤਾਨ ਤੇ ਹੋਰ ਨੇੜੇ ਤੇੜੇ ਦੇ ਰੱਬੀ ਉਪਾਸ਼ਕ ਦੇਸ਼ਾਂ ਚ ਕਿਉਂ ਨਹੀਂ ਪਹਿਲਾਂ ਖੁਸ਼ਹਾਲੀ ਵਰਤਾਉਂਦਾ-ਸੋਚਿਆ ਕਦੇ?

ਇਥੇ ਗੋਲਕਾਂ ਤੇ ਕਾਬਜ਼ ਲੋਕ ਹੀ ਜਿੱਤਦੇ ਰਹਿਣਗੇ-ਤੁਸੀ ਗੋਲਕਾਂ ਰੱਬ 2 ਕਰਦੇ ਭਰੀ ਜਾਓ ਤੇ ਉਹ ਬੈਠੇ ਨੇ ਸੱਪ ਵਰਤਣ ਲਈ। ਜਿੰਨੇ ਮਰਜ਼ੀ ਲੋਕ ਖਰੀਦ ਲਓ ਗੋਲਕਾਂ ਨਾਲ। ਇਹ ਸੱਭ ਤੁਸੀ ਜਾਣਦੇ ਵੀ ਹੋ ਪਰ ਡਰਦੇ ਮੰਨੋਗੇ ਨਹੀ ਕਦੀ ਕਿਉਕਿ ਜਿਹਨਾਂ ਨੇ ਇਹ ਡਰ ਲਾਹ ਮਾਰਿਆ ਹੈ ਓਹੀ ਐਸ਼ ਕਰਨਗੇ ਤੇ ਗਰੀਬ ਡਰੂ ਲੋਕ ਇੰਜ ਹੀ ਮਰਦੇ ਰਹਿਣਗੇ।

ਚੋਣ ਕਮਿਸ਼ਨ ਪੂਰੀ ਤਰ੍ਹਾਂ ਜ਼ੋਰ ਲਾ ਕੇ ਵੀ ਸਿਸਟਮ ਨੂੰ ਪਾਰਦਰਸ਼ੀ ਨਹੀਂ ਬਣਾ ਸਕਦਾ। ਚੋਣਾਂ ਦੌਰਾਨ ਉਮੀਦਵਾਰਾਂ ਵੱਲੋਂ ਕੀਤੇ ਜਾਣ ਵਾਲੇ ਖਰਚਿਆਂ ਸੰਬੰਧੀ ਚਾਹੇ ਸਖ਼ਤ ਕਾਨੂੰਨ ਵੀ ਬਣਾਏ ਗਏ ਹਨ ਪਰ ਚੋਣਾਂ ਵਿਚ ਅਜੇ ਵੀ ਪੈਸੇ ਦੀ ਵੱਡੀ ਹੱਦ ਤੱਕ ਦੁਰਵਰਤੋਂ ਹੁੰਦੀ ਹੈ, ਹੁੰਦੀ ਰਹੇਗੀ। ਕੌਣ ਰਸੀਦ ਦਿੰਦਾ ਹੈ? ਕੌਣ ਦਿੰਦਾ ਹੈ ਆਪਣਾ ਨਾਂ ਛਪੀ ਸਮੱਗਰੀ ਤੇ। ਮੈਂ ਏਥੇ 3 ਵਾਰ ਪਾਰਲੀਮੈਂਟ ਦੀ ਚੋਣ ਲੜ੍ਹਿਆ ਹਾਂ ਤੇ ਇੱਕ 2 ਡਾਲਰ ਦਾ ਹਿਸਾਬ ਦੇਣਾ ਪੈਂਦਾ ਹੈ, ਪੋਸਟਰ ਤੇ ਪੂਰਾ ਆਪਣਾ ਨਾਂ ਪਤਾ ਦੇਣਾ ਪੈਂਦਾ ਹੈ। ਫਿਰ ਸਾਰਾ ਲੇਖਾ ਜਨਤਕ ਹੁੰਦਾ ਹੈ। ਗਲਤ ਵੋਟ ਪਾਉਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਹਰੇਕ ਨੂੰ ਵੋਟ ਪਾਉਣੀ ਜ਼ਰੂਰੀ ਹੈ ਨਾ ਪਾਉਗੇ ਤਾਂ ਜ਼ੁਰਮਾਨਾ ਲੱਗੇਗਾ। ਭਾਰਤ ਵਿਚ ਅਥਾਹ ਗਲਤ ਵੋਟਾਂ ਬਣਦੀਆਂ ਹਨ ਤੇ ਸੱਤਾ ਉਹਨਾਂ ਦਾ ਇਸਤੇਮਾਲ ਕਰਕੇ ਜਿੱਤਣ ਚ ਕਾਮਯਾਬ ਹੁੰਦੀ ਆਈ ਹੈ। ਮਸ਼ੀਨਾਂ ਖਰਾਬ ਕਰਕੇ ਆਪਣੇ ਬਟਨ ਨਾਲ ਜੋੜਨ ਨਾਲ ਵੀ ਵੱਧ ਵੋਟ ਸੰਖਿਆ ਵਟੋਰੀ ਜਾਂਦੀ ਹੈ। ਅੰਦਰ ਲਾਏ ਏਜੰਟ ਵੀ ਕਈਆਂ ਦੀਆਂ ਵੋਟਾਂ ਆਪਣੀ ਮਰਜੀ ਨਾਲ, ਡਰਾ ਧਮਕਾ ਕੇ ਪੁਵਾ ਦਿੰਦੇ ਹਨ। ਸਾਡਾ ਢਾਂਚਾ ਏਨਾ ਵਿਗੜਿਆ ਪਿਆ ਹੈ, ਇਥੇ ਜ਼ੋਰ ਵਾਲਾ ਆਪਣੀ ਸ਼ਕਤੀ ਦਾ ਪਰਦਰਸ਼ਨ ਕਰਕੇ ਅੱਗੇ ਲੰਘ ਜਾਂਦਾ ਹੈ। ਬਹੁਤੇ ਉਪਰਲੇ ਅਫ਼ਸਰ ਵੀ ਖਰੀਦ ਲਏ ਜਾਂਦੇ ਹਨ। ਪੈਸੇ ਨਾਲ ਜਿਹਨੂੰ ਮਰਜ਼ੀ ਮੁੱਲ ਲੈ ਲਓ-ਇਹੀ ਸਾਡੇ ਢਾਂਚੇ ਦਾ ਵੱਡਾ ਕਸੂਰ ਹੈ।

ਮਹਾਨ ਦੇਸ ਚ ਆਮ ਬੰਦਾ ਚੋਣ ਕੀ ਲੜ ਸਕਦਾ। ਕਾਲੇ ਧਨ ਦੇ ਭੰਡਾਰ ਚੋਣਾਂ ਜਿੱਤਦੇ ਰਹਿਣਗੇ ਤੇ ਉਹ ਸੱਤਾ ਚ ਆਉਂਦੇ ਹੀ ਖਾਲੀ ਕੀਤੇ ਬਕਸੇ ਲੋਕਾਂ ਤੋਂ ਲੈ 2 ਭਰਨ ਲੱਗ ਜਾਂਦੇ ਹਨ। ਵੋਟਰਾਂ ਨੂੰ ਭਰਮਾਉਣ ਲਈ ਨਸ਼ੇ,ਲਾਲਚ ਲੋਕਤੰਤਰ ਦੀ ਕਿਹੜੀ ਧਾਰਾ ਚ ਲਿਖਿਆ ਹੈ? ਕਿੱਥੇ ਹੈ ਚੋਣ ਕਮਿਸ਼ਨ ? ਇਹਵੀ ਤਾਂ ਇਹਨਾਂ ਦਾ ਹੀ ਥਾਪਿਆ ਹੈ ਆਪਣੀ ਟਰਮ ਪੂਰੀ ਕਰ ਟੁਰ ਜਾਵੇਗਾ। ਜੇ ਇੱਕ ਅੱਧਾ ਕੁਝ ਸੁਧਾਰ ਕਰਨ ਦੀ ਸੋਚਦਾ ਵੀ ਹੈ ਤਾਂ ਬਦਲੀ, ਧਮਕੀਆਂ ਦੇ ਡਰ ਨਾਲ ਧਮਕਾ ਲਿਆ ਜਾਂਦਾ ਹੈ। ਇਥੇ ਚੋਣਾਂ ਦਾ ਵੀ ਕੋਈ ਮਹੱਤਵ ਨਹੀਂ ਰਿਹਾ। ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਨੂੰ ਸਿਰੇ ਲਾ ਸਕਣ ਲਈ ਹਾਲੇ ਬਹੁਤ ਕੁਝ ਠੋਸ ਤੇ ਦ੍ਰਿੜਤਾ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਪਰ ਮੈਨੂੰ ਅਜੇ ਕੋਈ ਆਸ ਨਹੀਂ ਏਸ ਸਿਸਟਮ ਤੇ ਕਹਿਣ ਨੂੰ ਜੋ ਮਰਜ਼ੀ ਕਹੀ ਜਾਓ, ਏਥੇ ਕੁਝ ਨਹੀਂ ਹੈ ਸੁਧਰਣ ਵਾਲਾ ਤੇ ਨਾ ਹੀ ਕੋਈ ਸੁਧਾਰਣ ਵਾਲਾ।

## ਨਵਾਂ ਸਾਲ



ਆਇਆ ਨਵਾਂ ਸਾਲ,
ਨਵ-ਜੰਮਿਆ ਬਾਲ,
ਅਣਭੋਲ ਜਿਹਾ ਹੈ
ਨਵਾਂ ਸਮਾਂ ਹੈ
ਨਾਲ ਪਿਆਰ ਦੇ ਭਰਿਆ ਹੈ
ਤੇਰਾ ਵੀ ਹੈ
ਮੇਰਾ ਵੀ ਹੈ
ਜਦ ਇਹ ਸੁਰਤ ਸੰਭਾਲੇਗਾ
ਤੇਰ ਮੇਰ ਵਿਚ ਬੋਲੇਗਾ
ਆਪਣਿਆਂ ਤੇ ਡੁੱਲੇਗਾ
ਤੇ ਸਮੇਂ ਦੇ ਗੇੜ ਵਿਚ
ਹਰ ਪੁਰਾਣੇ ਸਾਲ ਵਾਂਗ
ਇਹ ਵੀ ਰੰਗ ਕੱਢੇਗਾ
ਨਵੀਂ ਬਣੀ ਸਰਕਾਰ ਵਾਂਗ
ਜਨਤਾ ਨੂੰ ਲੁੱਟੇਗਾ
ਰਿਸ਼ਵਤ ਲੈਂਦਾ ਫੱਬੇਗਾ
ਮਾਇਆ ਪਿੱਛੇ ਭੱਜੇਗਾ
ਲੋਭ 'ਚ ਫਸੇਗਾ
ਹਰ ਇਕ ਨੂੰ ਠੱਗੇਗਾ
ਹਰ ਨਿਸ਼ਾਨਾ ਫੁੰਡੇਗਾ
ਸਭਨਾਂ ਤੇ ਛਾਏਗਾ
ਰੀਸ ਦੀ ਦੌੜ 'ਚ ਭੱਜੇਗਾ
ਈਰਖਾ ਵਿਚ ਭੁੱਜੇਗਾ
ਮੁੜ ਕੇ ਖਲਾ ਪਾਏਗਾ
ਤੇ ਗਰੀਬ ਦੇ ਗੁਜਰਦੇ
ਹਰ ਸਾਲ ਵਾਂਗ
ਸੰਤਾਪ ਜਿਹਾ ਹੀ ਛੱਡੇਗਾ।

-ਪ੍ਰਮਿੰਦਰ ਸਿੰਘ ਪ੍ਰਵਾਨਾ
(510) 781-0487

# ਆਖਿਰ ਭਾਰਤ-ਪਾਕ ਸਬੰਧ ਪਟੜੀ 'ਤੇ ਕਿਉਂ ਨਹੀਂ ਆਉਂਦੇ?



ਜਸਵੰਤ ਸਿੰਘ 'ਅਜੀਤ'
91 9 827-19890

ਇਨ੍ਹਾਂ ਦਿਨਾਂ ਵਿੱਚ ਪਠਾਨਕੋਟ ਵਿੱਖੇ ਜੋ ਕੁਝ ਹੋਇਆ, ਉਸ ਵਿੱਚ ਆਮ ਲੋਕਾਂ ਲਈ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗਲ ਇਹੀ ਰਹੀ ਕਿ ਇਸ ਘਟਨਾ ਤੋਂ ਕੁਝ ਹੀ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਹੌਰ ਦੀ ਯਾਤਰਾ ਕਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਮੁਲਾਕਾਤ ਕਰ, ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਭਾਰਤ, ਪਾਕਿਸਤਾਨ ਨਾਲ ਚੰਗੇ ਸੰਬੰਧ ਕਾਇਮ ਕਰਨ ਅਤੇ ਉਨ੍ਹਾਂ ਨੂੰ ਬਣਾਈ ਰਖਣ ਪ੍ਰਤੀ ਕਿਤਨਾ ਈਮਾਨਦਾਰ ਹੈ। ਇਥੇ ਇਹ ਗਲ ਵੀ ਵਰਨਣਯੋਗ ਹੈ ਕਿ ਬੀਤੇ ਵਰ੍ਹੇ 10 ਜੁਲਾਈ ਨੂੰ ਰੂਸ ਦੇ ਊਫਾ ਵਿਖੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਨਵਾਜ਼ ਸ਼ਰੀਫ ਦੀ ਮੁਲਾਕਾਤ ਹੋਈ ਸੀ, ਜਿਸ ਵਿੱਚ ਇਸ ਗਲ ਤੇ ਸਹਿਮਤੀ ਬਣੀ ਸੀ ਕਿ ਆਪਸੀ ਸੰਬੰਧਾਂ ਨੂੰ ਪਟੜੀ 'ਤੇ ਲਿਆਉਣ ਵਿੱਚ ਤੇਜ਼ੀ ਲਿਆਂਦੀ ਜਾਏ। ਇਸੇ ਸਹਿਮਤੀ ਦੇ ਆਧਾਰ ਤੇ ਬੈਂਕਾਕ 'ਚ ਦੋਹਾਂ ਦੇਸ਼ਾਂ ਦੇ ਰਾਸ਼ਟਰੀ ਸੁਰਖਿਆ ਸਲਾਹਕਾਰਾਂ ਦੀ ਬੈਠਕ ਵੀ ਹੋਈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਲਾਹੌਰ ਯਾਤਰਾ ਤੋਂ ਤੁਰੰਤ ਬਾਅਦ ਪਠਾਨਕੋਟ ਸਥਿਤ ਏਅਰਬੇਸ ਤੇ ਅਤਿਵਾਦੀ ਹਮਲਾ ਹੋ ਗਿਆ। ਜਿਸ ਕਾਰਣ ਇੱਕ ਵਾਰ ਫਿਰ ਇਹ ਸੁਆਲ ਉਠ ਖੜਾ ਹੋਇਆ ਕਿ ਆਖਿਰ ਭਾਰਤ-ਪਾਕ ਸੰਬੰਧ ਪਟੜੀ ਪੁਰ ਕਿਉਂ ਨਹੀਂ ਆਉਂਦੇ?

ਇਹ ਇੱਕ ਅਜਿਹਾ ਸੁਆਲ ਹੈ, ਜੋ ਅੱਜ ਹੀ ਨਹੀਂ, ਸਗੋਂ ਭਾਰਤ-ਪਾਕ ਦੇ ਆਮ ਵਾਸੀਆਂ ਵਲੋਂ ਬੀਤੇ ਕਾਫੀ ਲੰਮੇਂ ਸਮੇਂ ਤੋਂ ਲਗਾਤਾਰ ਪੁਛਿਆ ਜਾਂਦਾ ਚਲਿਆ ਆ ਰਿਹਾ ਹੈ। ਸਿਰਫ ਇਹ ਸੁਆਲ ਪੁਛਿਆ ਹੀ ਨਹੀਂ ਜਾਂਦਾ, ਸਗੋਂ ਸਮੇਂ-ਸਮੇਂ ਇਸਦਾ ਜੁਆਬ ਲਭਣ ਅਤੇ ਆਪਸੀ ਸੰਬੰਧਾਂ ਨੂੰ ਸੁਧਾਰਣ ਦੇ ਜਤਨ ਵੀ ਕੀਤੇ ਜਾਂਦੇ ਰਹੇ ਹਨ। ਇਨ੍ਹਾਂ ਜਤਨਾਂ ਦੌਰਾਨ ਜਦੋਂ ਵੀ ਸੰਬੰਧ ਸੁਧਰਣ ਦੀ ਆਸ ਬਝਦੀ ਤਾਂ ਫਿਰ ਕੋਈ ਨਾ ਕੋਈ ਅਜਿਹੀ ਘਟਨਾ ਵਾਪਰ ਜਾਂਦੀ ਹੈ ਕਿ ਗਲ ਫਿਰ ਉਥੇ ਦੀ ਉਥੇ ਹੀ ਵਾਪਸ ਆ ਖੜਦੀ।

ਇਸਤੋਂ ਪਹਿਲਾਂ ਵੀ ਜਦੋਂ ਨਵਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਵਜੋਂ ਪਾਕਿਸਤਾਨ ਦੀ ਹਕੂਮਤ ਸੰਭਾਲੀ ਸੀ, ਉਸ ਸਮੇਂ ਵੀ ਉਸਨੇ ਆਪਣੇ ਪਹਿਲੇ ਭਾਸ਼ਣ ਵਿੱਚ ਭਾਰਤ ਨਾਲ ਸੁਖਾਵੇਂ ਸਬੰਧ ਕਾਇਮ ਕਰਨ ਪ੍ਰਤੀ ਵਚਨਬੱਧਤਾ ਪ੍ਰਗਟਾਈ ਸੀ। ਇਧਰ ਉਸਨੇ ਇਹ ਵਚਨਬੱਧਤਾ ਪ੍ਰਗਟਾਈ ਤੇ ਉਧਰ ਹੁਣ ਵਾਂਗ ਹੀ ਪਾਕਿਸਤਾਨੀ ਫੌਜ ਵਲੋਂ ਕਸ਼ਮੀਰ ਵਿੱਚ ਜੰਗ-ਬੰਦੀ ਸਮਝੋਤੇ ਦੀ ਉਲੰਘਣਾ ਕਰ ਗੋਲਾਬਾਰੀ ਸ਼ੁਰੂ ਕਰ ਦਿੱਤੀ ਗਈ, ਜੋ ਰਹਿ-ਰਹਿ ਕੇ ਲਗਾਤਾਰ ਜਾਰੀ ਰਹੀ। ਉਸੇ ਸਮੇਂ, ਨਵਾਜ਼ ਸ਼ਰੀਫ, ਜਿਸਨੇ ਕੁਝ ਸਮਾਂ ਪਹਿਲਾਂ ਹੀ ਭਾਰਤ ਨਾਲ ਸੁਖਾਵੇਂ ਸਬੰਧ ਕਾਇਮ ਕਰਨ ਦੀ ਗਲ ਕੀਤੀ ਸੀ, ਨੇ ਕਸ਼ਮੀਰ ਦੇ ਮੁੱਦੇ ਤੇ ਭਾਰਤ ਨੂੰ ਤਬਾਹ-ਕੁੰਨ ਜੰਗ ਹੋਣ ਦੀ ਧਮਕੀ ਦੇ ਦਿੱਤੀ।

ਉਸਤੋਂ ਹੀ ਕੁਝ ਸਮਾਂ ਪਾਕਿਸਤਾਨ ਦੇ ਫੌਜੀ ਮੁੱਖੀ ਨੇ ਭਾਰਤ ਨੂੰ ਪਾਕਿਸਤਾਨ ਦਾ ਸਭ ਤੋਂ ਵੱਡਾ ਦੁਸ਼ਮਣ ਕਰਾਰ ਦਿੰਦਿਆਂ, ਧਮਕੀ ਦਿੱਤੀ, ਕਿ ਭਾਰਤ, ਪਾਕਿਸਤਾਨ ਨੂੰ ਕਮਜ਼ੋਰ ਨਾ ਸਮਝੇ, ਉਸ (ਭਾਰਤ) ਦੇ ਸਾਰੇ ਮਹਤੱਵਪੂਰਣ ਠਿਕਾਣੇ ਪਾਕਿਸਤਾਨੀ ਫੌਜ ਦੇ ਨਿਸ਼ਾਨੇ ਤੇ ਹਨ। ਪਾਕਿਸਤਾਨੀ ਫੌਜ ਦੇ ਇਸ ਮੁੱਖੀ ਦੇ ਬਿਆਨ ਤੋਂ ਬਾਅਦ, ਪਾਕਿਸਤਾਨ ਦੇ ਉਸ ਸਮੇਂ ਸਾਬਕਾ ਚਲੇ ਆ ਰਹੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦਾ ਬਿਆਨ ਆਇਆ, ਕਿ ਜੇ ਪਾਕਿਸਤਾਨ ਨੇ ਅੱਗੇ ਵਧੱਣਾ ਅਤੇ ਤਰੱਕੀ ਕਰਨੀ ਹੈ ਤਾਂ ਉਸਨੂੰ ਆਪਣੇ ਗੁਆਂਢੀ, ਭਾਰਤ ਨੂੰ ਸਭ ਤੋਂ ਵੱਡੇ ਦੁਸ਼ਮਣ ਵਜੋਂ ਵੇਖਣਾ ਬੰਦ ਕਰਨਾ ਅਤੇ ਉਸ ਨਾਲ ਆਪਣੇ ਸੰਬੰਧਾਂ ਨੂੰ ਸੁਧਾਰਨ ਦੇ ਜਤਨ ਕਰਨੇ ਚਾਹੀਦੇ ਹਨ। ਪਰ ਜਦੋਂ ਉਹ ਆਪ ਪ੍ਰਧਾਨ ਮੰਤਰੀ ਬਣਿਆਂ ਤਾਂ ਉਹ ਆਪ ਹੀ ਪਾਕਿਸਤਾਨੀ ਹਾਕਮਾਂ ਅਤੇ ਫੌਜੀ ਮੁਖੀ ਨੂੰ ਦਿੱਤੀ ਗਈ, ਇਸ ਸਲਾਹ ਨੂੰ ਭੁਲਾ, ਭਾਰਤ ਨੂੰ ਜੰਗ ਦੀਆਂ ਧਮਕੀਆਂ ਦੇਣ ਤੇ ਤੁਲ ਗਿਆ ਸੀ।

ਇਥੇ ਇਹ ਵਰਨਣਯੋਗ ਹੈ ਕਿ ਉਨ੍ਹਾਂ ਦਿਨਾਂ ਵਿੱਚ ਹੀ ਅਮਰੀਕਾ ਦੇ ਸਾਬਕਾ ਰਾਸ਼ਟਰੀ ਸਲਾਹਕਾਰ ਜੇਮਸ ਜੋਨਸ ਨੇ ਕਿਹਾ ਸੀ ਕਿ ਭਾਰਤ ਨੇ ਕਈ ਵਾਰ ਪਾਕਿਸਤਾਨ ਵਲ ਦੋਸਤੀ ਦਾ ਹੱਥ ਵਧਾਇਆ, ਪਰ ਪਾਕਿਸਤਾਨ ਦੀ ਉਸ ਪ੍ਰਤੀ ਪ੍ਰਤੀਕਿਰਿਆ ਸਦਾ ਹੀ ਨਕਾਰਾਤਮਕ ਰਹੀ ਹੈ। ਉਸ ਸਮੇਂ ਚੀਨ ਦੀ ਸਿਖਰ ਲੀਡਰਸ਼ਿਪ ਨੇ ਵੀ ਪਾਕਿਸਤਾਨ ਦੇ ਹਾਕਮਾਂ ਨੂੰ ਨਸੀਹਤ ਦਿੱਤੀ ਸੀ ਕਿ ਉਹ ਭਾਰਤ ਸਹਿਤ ਆਪਣੇ ਸਾਰੇ ਗੁਆਂਢੀਆਂ ਨਾਲ ਸੰਬੰਧ ਸੁਧਾਰਨ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਵੀ ਕਿਹਾ, ਕਿ ਉਨ੍ਹਾਂ ਦਾ ਮੰਨਣਾ ਹੈ ਕਿ ਪਾਕਿਸਤਾਨ, ਭਾਰਤ ਪ੍ਰਤੀ ਬਹੁਤ ਹਦ ਤਕ ਗ਼ਲਤ ਜ਼ਿਦ ਪਕੜੀ ਬੈਠਾ ਹੈ। ਪਾਕਿਸਤਾਨ ਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਉਸਨੂੰ ਸਭ ਤੋਂ ਵੱਡਾ ਖ਼ਤਰਾ ਬਾਹਰੋਂ ਨਹੀਂ, ਸਗੋਂ ਆਪਣੇ 'ਘਰ ਦੇ ਅੰਦਰੋਂ" ਹੀ ਹੈ।

ਇਨ੍ਹਾਂ ਸਾਰੇ ਬਿਆਨਾਂ ਦੀ ਘੋਖ ਕਰਨ ਉਪਰੰਤ ਇਹ ਗਲ ਸਪਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪਾਕਿਸਤਾਨ ਦੀ ਸੱਤਾ ਪੁਰ ਆਪਣਾ ਗ਼ਲਬਾ ਕਾਇਮ ਰਖਣ ਲਈ ਫੌਜੀ ਮੁੱਖੀ ਭਾਰਤ ਨੂੰ ਪਾਕਿਸਤਾਨ ਦਾ ਸਭ ਤੋਂ ਵੱਡਾ ਦੁਸ਼ਮਣ ਸਥਾਪਤ ਕਰੀ ਰਖਣਾ ਚਾਹੁੰਦੇ ਹਨ, ਜਦਕਿ ਪਾਕਿਸਤਾਨ ਦੇ ਹੁਕਮਰਾਨ ਅਤੇ ਅਵਾਮ ਦੇ ਨਾਲ ਹੀ ਸੰਸਾਰ ਦੇ ਪ੍ਰਮੁਖ ਦੇਸ਼ਾਂ ਦੇ ਮੁੱਖੀ ਸਵੀਕਾਰਦੇ ਹਨ ਕਿ ਭਾਰਤ ਨਾਲ ਸੁਖਾਵੇਂ ਅਤੇ ਸਦਭਾਵਨਾ-ਪੂਰਣ ਸਬੰਧ ਬਣਾਈ ਰਖ ਕੇ ਹੀ ਪਾਕਿਸਤਾਨ ਅੱਗੇ ਵੱਧ ਅਤੇ ਤਰੱਕੀ ਕਰ ਸਕਦਾ ਹੈ। ਪਰ ਪਾਕਿਸਤਾਨ ਦੇ ਹਾਕਮ ਫੌਜ ਦੇ ਦਬਦਬਾ ਤੋਂ ਇਤਨੇ ਡਰੇ ਅਤੇ ਸਹਿਮੇ ਰਹਿੰਦੇ ਹਨ ਕਿ ਉਹ ਭਾਰਤ ਵਲੋਂ ਬਾਰ-ਬਾਰ ਦੋਸਤੀ ਦਾ ਹੱਥ ਵਧਾਏ ਜਾਣ ਤੇ, ਚਾਹੁੰਦੇ ਹੋਏ ਵੀ ਉਸਨੂੰ ਥੰਮਣ ਦੀ ਹਿੰਮਤ ਨਹੀਂ ਜੁਟਾ ਪਾਂਦੇ।

**ਬੀਤੇ ਅਤੇ ਅੱਜ ਵਿੱਚ ਕੋਈ ਫਰਕ ਨਹੀਂ:** ਜੇ ਪਿਛੇ ਵਲ ਝਾਤ ਮਾਰੀ ਜਾਏ ਤਾਂ ਇਹ ਗਲ ਸਪਸ਼ਟ ਹੋ ਜਾਇਗੀ ਕਿ ਇਹ ਸਥਿਤੀ ਅੱਜ ਦੀ ਨਹੀਂ, ਸਗੋਂ ਬੀਤੇ ਕਈ ਦਹਾਕਿਆਂ ਤੋਂ ਬਣੀ ਚਲੀ ਆ ਰਹੀ ਹੈ। ਸੰਨ-2001 ਦੇ ਮੱਧ ਦੀ ਗਲ ਹੈ, ਪਾਕਿਸਤਾਨ ਦੇ ਉਸ ਸਮੇਂ ਦੇ ਫੌਜੀ-ਰਾਸ਼ਟਰਪਤੀ ਜਨਰਲ ਮੁਸ਼ਰਫ ਭਾਰਤ ਦੇ ਉਸ ਸਮੇਂ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨਾਲ ਵਾਰਤਾ ਕਰਨ ਆ ਰਹੇ ਸਨ। ਇਸ ਵਾਰਤਾ ਨੂੰ ਭਾਰਤ-ਪਾਕ ਸਿਖਰ-ਵਾਰਤਾ ਦਾ ਨਾਂ ਦਿੱਤਾ ਗਿਆ ਸੀ। ਇਸਦੇ ਭਵਿੱਖ ਬਾਰੇ ਅਨੁਮਾਨ ਲਾਉਣ ਅਤੇ ਮੁਲਾਕਾਤ ਤੋਂ ਬਾਅਦ ਦੇ ਨਤੀਜਿਆਂ ਬਾਰੇ ਜਾਣਨ ਲਈ, ਇਸ ਪਤ੍ਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਨਾਲ ਉਤੋ-ੜਤੀ ਦੋ ਮੁਲਾਕਾਤਾਂ ਕੀਤੀਆਂ ਸਨ।

**ਪਹਿਲੀ ਮੁਲਾਕਾਤ, ਜੋ ਸਿਖਰ-** ਵਾਰਤਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਕੀਤੀ ਗਈ, ਦੌਰਾਨ ਸ਼੍ਰੀ ਇੰਦਰ ਕੁਮਾਰ ਗੁਜਰਾਲ ਨੇ ਸਿਖਰ-ਵਾਰਤਾ ਦੇ ਸਫਲ ਹੋਣ ਦੀ ਕਾਮਨਾ ਕਰਨ ਦੇ ਨਾਲ ਹੀ ਸ਼ੰਕਾ ਪ੍ਰਗਟ ਕਰਦਿਆਂ ਕਿਹਾ ਕਿ ਲਗਭਗ ਦੋ ਵਰ੍ਹੇ ਬਾਅਦ ਸ਼ੁਰੂ ਹੋ ਰਹੀ, ਇਸ ਆਪਸੀ ਵਾਰਤਾ ਦੀ ਸਫਲਤਾ ਜਨਰਲ ਮੁਸ਼ਰਫ ਦੇ ਵਤੀਰੇ ਤੇ ਨਿਰਭਰ ਕਰਦੀ ਹੈ।

ਉਨ੍ਹਾਂ ਦਸਿਆ ਕਿ 1997 ਵਿੱਚ ਭਾਰਤ-ਪਾਕਿਸਤਾਨ ਸੰਬੰਧ ਸੁਧਾਰਣ ਲਈ, ਉਨ੍ਹਾਂ ਪ੍ਰਧਾਨ ਮੰਤਰੀ ਵਜੋਂ, ਜੋ ਪ੍ਰਕ੍ਰਿਆ ਅਰੰਭ ਕੀਤੀ ਸੀ, ਉਸਨੂੰ ਅੱਗੇ ਵਧਾਣ ਲਈ, ਮਾਲੇ, ਨਿਊਯਾਰਕ, ਐਡਨਬਰਾ ਅਤੇ ਢਾਕਾ ਵਿਖੇ ਭਾਰਤ-ਪਾਕਿਸਤਾਨ ਵਿਚਲੇ ਚਾਰ ਬੈਠਕਾਂ ਹੋਈਆਂ। ਇਨ੍ਹਾਂ ਚਹੁੰ ਬੈਠਕਾਂ ਵਿੱਚ ਹੀ ਇਸ ਗਲ ਨੂੰ ਸਵੀਕਾਰ ਕੀਤਾ ਗਿਆ ਕਿ ਦੋਹਾਂ ਦੇਸ਼ਾਂ ਵਿਚਕਾਰ ਆਪਸੀ ਸੰਬੰਧਾਂ ਨੂੰ ਸੁਧਾਰਣ ਦੀ ਲੋੜ ਹੈ। ਇਸਦੇ ਲਈ ਜ਼ਰੂਰੀ ਹੈ ਕਿ ਦੋਹਾਂ ਦੇਸ਼ਾਂ ਦੇ ਲੋਕਾਂ ਦੇ ਇੱਕ-ਦੂਜੇ ਦੇ ਦੇਸ਼ ਆਉਣ-ਜਾਣ ਅਤੇ ਤਜਾਰਤ ਵਿੱਚ ਵਾਧਾ ਹੋਵੇ। ਇਸ ਪਾਸੇ ਕੁਝ ਪ੍ਰਗਤੀ ਵੀ ਹੋਈ। ਫਿਰ ਗਲ ਨੂੰ ਅੱਗੇ ਵਧਾਣ ਲਈ ਕੋਲੰਬੋ, ਨਿਊਯਾਰਕ ਅਤੇ ਲਾਹੌਰ ਵਿੱਖੇ ਬੈਠਕਾਂ ਹੋਈਆਂ। ਜਿਨ੍ਹਾਂ ਦੇ ਫਲਸਰੂਪ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚ ਤੁਅਲਕਾਤ ਵੱਧੇ ਅਤੇ ਇਸਦੇ ਨਾਲ ਹੀ ਆਪਸੀ ਤਜਾਰਤ ਵਿੱਚ ਵੀ ਵਾਧਾ ਹੋਇਆ। ਪਰ ਕਾਰਗਿਲ ਘਟਨਾ, ਜਿਸ ਵਿੱਚ ਕਈ ਜਵਾਨ ਸ਼ਹੀਦ ਹੋਏ, ਕਾਰਣ ਗਲਬਾਤ ਦੇ ਦਰਵਾਜ਼ੇ ਬੰਦ ਹੋ ਗਏ।

ਸ਼੍ਰੀ ਗੁਜਰਾਲ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਜਨਰਲ ਮੁਸ਼ਰਫ ਨੇ ਅੱਗੇ ਆ, ਜਹਾਦੀਆਂ ਨੂੰ ਸ਼ਾਬਾਸ਼ ਅਤੇ ਹਲਾਸ਼ੇਰੀ ਦਿੱਤੀ, ਜਿਸਦੇ ਫਲਸਰੂਪ ਕਸ਼ਮੀਰ ਵਿੱਚ ਹਾਲਾਤ ਵਿਗੜੇ। ਇਸ ਕਰਕੇ ਉਨ੍ਹਾਂ ਨੂੰ ਉਮੀਦ ਨਹੀਂ ਕਿ ਇਸ ਸਿਖਰ-ਵਾਰਤਾ ਰਾਹੀਂ ਸੰਬੰਧਾਂ ਵਿੱਚ ਕੋਈ ਸੁਧਾਰ ਆ ਪਾਇਗਾ। ਫਿਰ ਵੀ ਉਨ੍ਹਾਂ ਨੂੰ ਖੁਸ਼ੀ ਹੋਵੇਗੀ, ਜੇ ਇਸ ਵਾਰਤਾ ਰਾਹੀਂ, ਜੋ ਸਦਭਾਵਨਾ ਦਾ ਵਾਤਾਵਰਣ ਲਾਹੌਰ ਤੋਂ ਸ਼ੁਰੂ ਹੋਇਆ ਸੀ, ਉਸਨੂੰ ਅੱਗੇ ਵਧਾਣ ਦਾ ਕੋਈ ਰਸਤਾ ਨਿਕਲ ਆਏ।

ਸਿਖਰ-ਵਾਰਤਾ ਖਤਮ ਹੋਣ ਤੋਂ ਬਾਅਦ ਕੋਈ ਸਾਂਝਾ ਬਿਆਨ ਜਾਰੀ ਨਹੀਂ ਸੀ ਕੀਤਾ ਗਿਆ, ਜਿਸ ਕਾਰਣ ਰਾਜਸੀ ਹਲਕਿਆਂ ਵਲੋਂ ਇਹ ਕਿਹਾ ਜਾਣ ਲਗ ਪਿਆ ਕਿ ਸਿਖਰ-ਵਾਰਤਾ ਦੇ ਅੰਤ ਵਿੱਚ ਕੋਈ ਸਾਂਝਾ ਬਿਆਨ ਜਾਰੀ ਨਾ ਕੀਤਾ ਜਾਣਾ, ਇਸਦੀ ਅਸਫਲਤਾ ਵਲ ਇਸ਼ਾਰਾ ਕਰਦਾ ਹੈ।

ਸ਼੍ਰੀ ਇੰਦਰ ਕੁਮਾਰ ਗੁਜਰਾਲ ਨਾਲ ਦੂਸਰੀ ਮੁਲਾਕਾਤ ਸਿਖਰ-ਵਾਰਤਾ ਦੇ ਖਤਮ ਹੋ ਜਾਣ ਤੋਂ ਅਗਲੇ ਹੀ ਦਿਨ ਹੋਈ। ਜਿਸ ਦੌਰਾਨ ਸ਼੍ਰੀ ਗੁਜਰਾਲ ਨੇ ਜਨਰਲ ਮੁਸ਼ਰਫ ਵਲੋਂ ਇੱਕ ਦਿਨ ਪਹਿਲਾਂ, ਵਾਰਤਾ ਦੀ ਸਮਾਪਤੀ ਤੋਂ ਬਾਅਦ ਕੀਤੀ ਗਈ ਪ੍ਰੈਸ ਕਾਨਫ੍ਰੰਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਨਰਲ ਮੁਸ਼ਰਫ ਨੇ ਸਾਰੀਆਂ ਰਾਜਸੀ ਮਾਨਤਾਵਾਂ ਅਤੇ ਕੂਟਨੀਤਕ ਪਰੰਪਰਾਵਾਂ ਦੀ ਉਲੰਘਣਾ ਕਰਦਿਆਂ ਪ੍ਰੈਸ ਕਾਨਫ੍ਰੰਸ ਬੁਲਾਈ।

ਇਸ ਵਿੱਚ ਉਸਨੇ ਆਪਣਾ ਏਜੰਡਾ ਪੇਸ਼ ਕਰ, ਆਪਣਾ ਕੇਸ ਸਮਝਾ ਦਿੱਤਾ। ਉਨ੍ਹਾਂ ਕਿਹਾ ਕਿ ਸਾਡੀ (ਭਾਰਤ) ਸਰਕਾਰ ਕੁਝ ਵੀ ਕਹਿੰਦੀ ਰਹੇ, ਜਨਰਲ ਮੁਸ਼ਰਫ ਫਾਇਦੇ ਵਿੱਚ ਹੀ ਰਿਹਾ। ਪ੍ਰੈਸ ਕਾਨਫ੍ਰੰਸ ਕਰ ਉਸਨੇ ਪਾਕਿਸਤਾਨੀਆਂ ਦੀਆਂ ਨਜ਼ਰਾਂ ਵਿੱਚ ਆਪਣੇ-ਆਪਨੂੰ ਹੀਰੋ ਸਥਾਪਤ ਕਰ ਲਿਆ।

**ਰਾਜਨੈਤਿਕ ਪ੍ਰਤੀਕਰਮ:** ਭਾਰਤ-ਪਾਕ ਵਿਚ ਹੋਈ ਇਸ ਸਿਖਰ-ਵਾਰਤਾ ਦੇ ਸਬੰਧ ਵਿੱਚ ਰਾਜਸੀ ਹਲਕਿਆਂ ਦਾ ਪਹਿਲਾ ਪ੍ਰਤੀਕਰਮ ਇਹ ਸੀ, ਕਿ ਇਸ ਵਿੱਚ ਪਾਣੀ ਹੀ ਰਿੜਕਿਆ ਗਿਆ ਹੈ।

ਦੂਜੀ ਗਲ, ਜੋ ਇਹ ਸੀ ਕਿ ਪਾਕਿਸਤਾਨ ਦੇ ਹਾਕਮ ਚਾਹੁੰਦਿਆਂ ਹੋਇਆਂ ਵੀ, ਨਾ ਤਾਂ ਕਸ਼ਮੀਰ ਦੇ ਮੁੱਦੇ ਨੂੰ ਛੱਡ ਸਕਦੇ ਹਨ ਅਤੇ ਨਾ ਹੀ ਉਸਦੇ ਹਲ ਪ੍ਰਤੀ ਇਮਾਨਦਾਰ ਹੋ ਸਕਦੇ ਹਨ। ਇਸ ਸੰਬੰਧ ਵਿੱਚ ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਜਨਰਲ ਮੁਸ਼ਰਫ ਸਿੱਖਰ-ਵਾਰਤਾ ਲਈ ਪਾਕਿਸਤਾਨ ਤੋਂ ਰਵਾਨਾ ਹੋਏ ਤਾਂ ਉਸੇ ਸਮੇਂ ਕਟੜ-ਪੰਥੀ ਜਮਾਇਤ-ਏ-ਇਸਲਾਮੀ ਦੇ ਮੁਖੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਉਸਨੇ ਕਸ਼ਮੀਰ ਬਾਰੇ ਕੋਈ ਸਮਝੌਤਾ ਕੀਤਾ ਤਾਂ ਉਸਨੂੰ ਨਾ ਤਾਂ ਪਾਕਿਸਤਾਨੀ ਫੌਜ ਅਤੇ ਨਾ ਹੀ ਪਾਕਿਸਤਾਨੀ ਅਵਾਮ ਸਵੀਕਾਰਨਗੇ। ਇਸ ਗਲ ਦੀ ਪੁਸ਼ਟੀ ਜਨਰਲ ਮੁਸ਼ਰਫ ਨੇ ਆਪ ਪ੍ਰੈਸ ਕਾਨਫ੍ਰੰਸ ਵਿੱਚ ਇਹ ਆਖ ਕੇ ਕਰ ਦਿੱਤੀ ਕਿ 'ਜੇ ਮੈਂ ਕਸ਼ਮੀਰ ਦਾ ਮੁੱਦਾ ਛੱਡ ਦਿਆਂ ਤਾਂ ਮੈਨੂੰ ਇਥੇ ਹੀ ਨਹਿਰਵਾਲੀ ਹਵੇਲੀ, ਜੋ ਕਿ ਦਰੀਆ ਗੰਜ ਸਥਿਤ, ਉਸਦੀ ਪੈਤ੍ਰਿਕ ਹਵੇਲੀ ਹੈ, ਲੈ ਕੇ ਰਹਿਣਾ ਪੈ ਜਾਇਗਾ'।

ਇਹ ਗਲਾਂ ਉਸ ਸਮੇਂ ਵੀ ਇਸ ਗਲ ਦਾ ਸਬੂਤ ਸਨ ਅਤੇ ਅੱਜ ਵੀ ਹਨ ਕਿ ਫੌਜ ਅਤੇ ਕਟੱੜਪੰਥੀਆਂ ਦਾ ਪਾਕਿਸਤਾਨੀ ਹਾਕਮਾਂ ਪੁਰ ਇਤਨਾ ਦਬਾਉ ਹੈ ਕਿ ਉਹ ਕਸ਼ਮੀਰ ਦੇ ਮੁੱਦੇ ਨੂੰ ਬਣਾਈ ਰਖ ਕੇ ਹੀ ਸੱਤਾ ਵਿੱਚ ਬਣੇ ਰਹਿ ਸਕਦੇ ਹਨ।

**ਆਖਿਰ ਅਜਿਹਾ ਕਿਉਂ ਹੈ?** ਇਸ ਸੁਆਲ ਦਾ ਜਵਾਬ ਵੀ ਜਨਰਲ ਮੁਸ਼ਰਫ ਦੇ ਪ੍ਰੈਸ ਕਾਨਫਰੰਸ ਵਿੱਚ ਕਹੇ, ਇਨ੍ਹਾਂ ਸ਼ਬਦਾਂ ਵਿਚੋਂ ਮਿਲ ਜਾਂਦਾ ਹੈ ਕਿ 'ਭਾਰਤ ਵਲੋਂ ਬੰਗਲਾ ਦੇਸ਼ ਨੂੰ ਪਾਕਿਸਤਾਨ ਨਾਲੋਂ ਤੋੜਨ ਦੀ ਕੀਤੀ ਗਈ ਕਾਰਵਾਈ ਦੀ 'ਕਸਕ' ਅਜੇ ਤਕ ਪਾਕਿਸਤਾਨੀਆਂ ਦੇ ਦਿੱਲਾਂ ਵਿੱਚ ਹੈ'। ਜਨਰਲ ਮੁਸ਼ਰਫ ਦੇ ਇਨ੍ਹਾਂ ਸ਼ਬਦਾਂ ਵਿੱਚ ਪਾਕਿਸਤਾਨੀਆਂ ਦੀ ਜਿਸ 'ਕਸਕ' ਦਾ ਜ਼ਿਕਰ ਕੀਤਾ ਗਿਆ, ਉਹ ਅਸਲ ਵਿੱਚ ਪਾਕਿਸਤਾਨੀ ਅਵਾਮ ਦੀ ਨਹੀਂ, ਸਗੋਂ ਪਾਕਿਸਤਾਨੀ ਫੌਜ ਦੇ ਮੁੱਖੀਆਂ ਦੇ ਦਿਲਾਂ ਵਿਚਲੀ ਹੈ, ਜੋ 93 ਹਜ਼ਾਰ ਪਾਕਿਸਤਾਨੀ ਫੌਜੀਆਂ ਦੇ ਅਪਮਾਨ-ਜਨਕ ਢੰਗ ਨਾਲ ਭਾਰਤੀ ਫੌਜ ਸਾਹਮਣੇ, ਹਥਿਆਰ ਸੁੱਟ, ਆਤਮ-ਸਮਰਪਣ ਕਰਨ ਦੇ ਫਲਸਰੂਪ ਪੈਦਾ ਹੋਈ ਸੀ।

**ਅਤੇ ਅੰਤ ਵਿੱਚ:** ਪਿਛੋਕੜ ਦੀ ਰੋਸ਼ਨੀ ਵਿੱਚ, ਪਾਕਿਸਤਾਨੀ ਫੌਜ ਦੇ ਮੁਖੀਆਂ ਦੇ ਦਿਲ ਦੀ ਕਸਕ ਹੀ ਹੈ, ਜਿਸਨੂੰ ਉਹ ਭਾਰਤ ਨੂੰ ਪਾਕਿਸਤਾਨ ਦਾ ਸਭ ਤੋਂ ਵੱਡਾ ਦੁਸ਼ਮਣ ਕਰਾਰ ਦੇ, ਪਾਕਿਸਤਾਨੀਆਂ ਦੇ ਦਿਲ ਵਿੱਚ ਭਾਰਤ ਅਤੇ ਭਾਰਤੀਆਂ ਵਿਰੁਧ ਨਫਰਤ ਭਰੀ ਰਖਣਾ ਚਾਹੁੰਦੇ ਹਨ। ਉਨ੍ਹਾਂ ਦਾ ਇਹੀ ਹਥਿਆਰ ਪਾਕਿਸਤਾਨੀ ਹਾਕਮਾਂ ਅਤੇ ਅਵਾਮ ਦੇ ਭਾਰਤੀ ਅਵਾਮ ਨਾਲ ਸੰਬੰਧ ਸੁਧਾਰਣ ਦੀਆਂ ਭਾਵਨਾਵਾਂ ਦੇ ਕਿਸੇ ਸਿਟੇ ਤੇ ਪੁਜਣ ਦੇਣ ਦੇ ਰਸਤੇ ਵਿੱਚ ਰੁਕਾਵਟ ਬਣਿਆ ਹੋਇਆ ਹੈ ਅਤੇ ਅਗੋਂ ਵੀ ਬਣਿਆ ਹੀ ਰਹੇਗਾ।

# ਦਰਵੇਸ਼ਾਂ ਵਰਗੀ ਸੋਚ ਵਾਲਾ ਸੂਫੀ ਸ਼ਾਇਰ-ਬਾਵਾ ਹਨੂਮੰਤ ਸਿੰਘ ਸਿੱਧੂ



ਪ੍ਰੀਤਮ ਲੁਧਿਆਣਵੀ
9876428641

ਫੱਕਰ ਦਰਵੇਸ਼ ਵਰਗੀ ਸੋਚ, ਫੱਕਰਨਾ ਬਿਰਤੀ ਦੇ ਮਾਲਕ ਬਾਵਾ ਹਨੁਮੰਤ ਸਿੱਧੂ ਐਸੇ ਖੁਸ਼ਨਸੀਬ ਸਖਸ਼ ਹਨ, ਜਿਨ੍ਹਾਂ ਨੂੰ ਕਲਮੀ ਦਾਤ ਵਿਰਾਸਤ ਵਿਚ ਹੀ ਸਵ. ਪਿਤਾ ਸਰਦਾਰ ਸਤਨਾਮ ਸਿੰਘ ਸਿੱਧੂ ਜੀ ਹੋਰਾਂ ਪਾਸੋਂ ਮਿਲ ਗਈ ਸੀ। ਪਾਲਮਪੁਰ (ਹਿ. ਪ੍ਰ) ਵਿਚ ਰਹਿੰਦਿਆਂ ਸਵਰਗੀ ਚਿੱਤਰਕਾਰ ਸੋਭਾ ਸਿੰਘ ਜੀ ਅਕਸਰ ਉਨਾਂ ਦੇ ਪਿਤਾ ਜੀ ਕੋਲ ਆਉਂਦੇ ਰਹਿੰਦੇ ਸਨ। ਹਨੁਮੰਤ ਵੀ ਆਪਣੇ ਪਿਤਾ ਜੀ ਨਾਲ ਸੋਭਾ ਸਿੰਘ ਹੋਰਾਂ ਦੀਆਂ ਬਣੀਆਂ ਤਸਵੀਰਾਂ ਵੇਖਦੇ ਅਤੇ ਪਿਤਾ ਤੇ ਸੋਭਾ ਸਿੰਘ ਜੀ ਦੀਆਂ ਲੰਬੀਆਂ ਸਾਹਿਤਕ ਵਿਚਾਰਾਂ ਸੁਣਦੇ-ਸੁਣਦੇ ਪਤਾ ਨਹੀਂ ਕਦੋਂ ਹਨੁਮੰਤ ਦੇ ਦਿਲ 'ਚ ਵੀ ਲਿਖਣ ਦੀ ਚੇਟਕ ਜਾਗ ਉਠੀ। ਉਹ ਸੱਤਵੀਂ ਜਮਾਤ ਵਿਚ ਸੀ, ਜਦੋਂ ਉਸ ਨੇ ਹਿੰਦੀ ਵਿਚ ਕਵਿਤਾ ਲਿਖੀ- "ਕਬ ਤਕ ਯੂੰਹੀ ਬਸਤੇ ਬਦਲਤੇ ਰਹੇਂਗੇ"। ਘਰ ਵਿਚ ਆਉਂਦੇ ਸੋਵੀਅਤ ਰੂਸੀ ਮੈਗਜੀਨ ਤੇ "ਪ੍ਰੀਤ ਲੜੀ" ਪੜਕੇ ਲਿਖਣ ਦਾ ਵਲਵਲਾ ਹੋਰ ਤੇਜ ਹੋ ਜਾਂਦਾ।

ਹਨੁਮੰਤ ਨੂੰ ਬਚਪਨ ਤੋਂ ਹੀ ਮੁਸਲਿਮ ਦਰਵੇਸ਼ ਗੋਸਪਾਕ ਦਾ ਮਰੀਦ ਬਣਨ ਦਾ ਸੁਭਾਗ ਹਾਸਲ ਹੋ ਗਿਆ ਸੀ। ਫਿਰ "ਓਸ਼ੋ" ਦੇ ਆਸ਼ਰਮ ਵਿਚ 90 ਦਿਨ ਮੈਡੀਟੇਸ਼ਟ ਨਾਲ ਜੁੜਨ ਦਾ ਸਬੱਬ ਬਣਿਆ, ਜਿਸ ਵਿਚ ਸਮਾਧੀ ਲਾਉਣ ਅਤੇ ਸਾਹਿਤਕ ਵਿਚਾਰ-ਵਿਟਾਂਦਰਿਆਂ ਦੇ ਨਾਲ-ਨਾਲ ਕਵੀ-ਦਰਬਾਰ ਸਰਵਣ ਕਰਨ ਦਾ ਵੀ ਮੌਕਾ ਮਿਲਿਆ। ਇਨ੍ਹਾਂ ਕਵੀ-ਦਰਬਾਰਾਂ ਵਿਚ ਸੂਫੀਆਨਾ ਸਾਹਿਤਕ ਚਰਚਾ ਭਾਰੂ ਸੀ, ਜਿਸ ਦਾ ਹਨੁਮੰਤ ਉਤੇ ਐਸਾ ਜਾਦੂ ਭਰਿਆ ਅਸਰ ਹੋਇਆ ਕਿ ਬਿਰਤੀ ਹੀ ਬਦਲ ਗਈ। ਫੱਕਰਾਂ ਵਾਲੀ ਬਣ ਗਈ ਸੋਚ ਵਿਚ ਸੂਫੀਆਨਾ ਰੰਗਤ ਦੀ ਹੋਰ ਵੀ ਪ੍ਰਪੱਕਤਾ ਆ ਗਈ। ਉਸ ਦਾ ਕਹਿਣਾ ਹੈ ਕਿ ਉਸਨੇ ਅਗੰਮੀ ਸ਼ਕਤੀ ਨੂੰ ਹਮੇਸ਼ਾਂ ਇਕ ਚੰਗੇ ਦੋਸਤ ਦੀ ਨਜਰ ਨਾਲ ਹੀ ਵੇਖਿਆ। ਕਦੀ ਵੀ ਇਹ ਸੋਚਕੇ ਉਸ ਨੂੰ ਸਜਦਾ ਨਹੀਂ ਕੀਤਾ ਕਿ ਉਹ ਰੱਬ ਹੈ। ਹਮੇਸ਼ਾਂ ਉਸ ਨੂੰ ਸੁਹਿਰਦ ਤੇ ਸੇਧ ਦੇਣ ਵਾਲੇ ਇਕ ਵਫਾਦਾਰ ਮਿੱਤਰ ਪੱਖੋਂ ਹੀ ਵੇਖਿਆ। ਉਹੀ ਕੁੱਝ ਉਸ ਦੀਆਂ ਰਚਨਾਵਾਂ ਵਿਚ ਵੇਖਣ ਨੂੰ ਮਿਲਦਾ ਹੈ। 150 ਦੇ ਕਰੀਬ ਲਿਖੀਆਂ ਚੋਣਵੀਆਂ ਕਵਿਤਾਵਾਂ ਦਾ ਜਿੱਥੇ ਬਾਵਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰਵਾਉਣ ਜਾ ਰਿਹਾ ਹੈ,ਉਥੇ ਉਸਦਾ "ਅਧੂਰਾ ਸਫਰ'' ਨਾਵਲ ਵੀ ਪ੍ਰਕਾਸ਼ਿਤ ਹੋ ਰਿਹਾ ਹੈ।



ਹਨੁਮੰਤ ਦੇ ਪਿਤਾ ਜੀ ਦਾ ਫੌਜੀ ਹੋਣਾ ਅਤੇ ਦੇਸ਼ ਦੀ ਸੇਵਾ ਕਰਨਾ ਜਿੱਥੇ ਉਸ ਲਈ ਅਤੇ ਪਰਿਵਾਰ ਲਈ ਮਾਣ ਵਾਲੀ ਗੱਲ ਰਿਹਾ, ਉਥੇ ਹਨੁਮੰਤ ਦੀ ਅੰਤਰ-ਆਤਮਾ ਚੋਂ ਨਿਕਲੀ ਅਵਾਜ ਕਹਿੰਦੀ ਹੈ "ਅਸੀਂ ਧੁਰ ਤੋਂ ਹੀ ਵਣਜਾਰੇ ਹਾਂ, ਪਤਾ-ਟਿਕਾਣਾ ਕੀ ਦੱਸੀਏ, ਆਪਣੇ ਉਤੇ ਬੀਤੀ ਤੇ, ਕਦੀ ਰੋ ਲਈਏ ਤੇ ਕਦੀ ਹੱਸੀਏ''। ਜਦੋਂ ਅਸੀ ਪਾਲਮਪੁਰ ਰਹਿ ਰਹੇ ਸਾਂ ਤਾਂ 1984 ਦੀ ਖੂਨੀ ਹਨੇਰੀ ਸਾਡਾ ਸਾਰਾ ਕੁੱਝ ਉਡਾ ਕੇ ਲੈ ਗਈ'' ਆਖਦੇ ਆਖਦਿਆਂ ਉਸਦੇ ਹੰਝੂ ਟਿਪ-ਟਿਪ ਵਗ ਉਠੇ। ਆਪਣੇ ਆਪ ਉਤੇ ਕੰਟਰੋਲ ਪਾਉਂਦਿਆਂ ਉਸ ਨੇ ਮੇਰੇ ਅਗਲੇ ਸਵਾਲ ਦਾ ਜਵਾਬ ਦਿੰਦਿਆਂ ਦੱਸਿਆ ਕਿ ਇਨ੍ਹਾਂ ਘੁੰਮਣ-ਘੇਰੀਆਂ ਵਿਚ ਹੀ ਪੂਰੇ ਭਾਰਤ ਭਰ ਦੀ ਸੈਰ ਕਰਦਿਆਂ 10ਵੀਂ, ਸੈਂਟ ਪਾਲ ਹਾਈ ਸਕੂਲ (ਪਾਲਮਪੁਰ) ਤੋਂ, 10+2 ਡੀ.ਏ.ਵੀ ਕਾਲਜ (ਕਾਂਗੜਾ) ਤੋਂ, ਡਿਪਲੋਮਾ ਇਨ ਪ੍ਰਾਈਵੇਟ ਇਨਵੈਸਟੀਗੇਸ਼ਨ (ਪਾਲਮਪੁਰ), ਐਮ. ਬੀ. ਏ., ਮਾਰਕੀਟਿੰਗ (ਪੂਨਾ), ਅਤੇ ਡਿਪਲੋਮਾ ਇਨ ਜਰਨਲਿਜ਼ਮ (ਦਿੱਲੀ) ਤੋਂ ਹਾਸਲ ਕੀਤਾ।

1984 ਦੀ ਖੂਨੀ ਹਨੇਰੀ ਪਿਛੋਂ ਕੱਖੋਂ ਹੌਲੇ ਹੋ ਕੇ ਪੰਜਾਬ ਵਲ ਤੁਰ ਪਏ। ਐਨ. ਡੀ. ਏ. ਦੀ ਪ੍ਰੀਖਿਆ ਵੀ ਪਾਸ ਕੀਤੀ ਪਰ ਸਰਕਾਰੀ ਨੌਕਰੀ ਲਈ ਸਿਤਾਰਾ ਢਿੱਲਾ ਹੀ ਰਿਹਾ।

ਹਨੁਮੰਤ ਨੂੰ ਲਿਖਣ ਦੇ ਨਾਲ-ਨਾਲ ਗਾਉਣ ਦਾ ਸ਼ੌਂਕ ਵੀ ਸ਼ੁਰੂ ਤੋਂ ਹੀ ਸੀ। ਸਕੂਲ-ਕਾਲਜ ਵਿਚ ਆਪਣੇ ਲਿਖੇ ਗੀਤ ਹੀ ਗਾਉਂਦਾ ਸੀ। ਜਿਸ ਕਰਕੇ ਲਿਖਣ ਸ਼ਕਤੀ ਪ੍ਰਪਬਕ ਹੁੰਦੀ ਗਈ। ਫਿਰ 'ਰੰਗੂਨ ਬਰਮਾ' ਵਲ ਨੂੰ ਅੰਨ-ਜੱਲ ਚੁੱਕ ਲੈ ਗਿਆ। ਉਥੇ ਸਕੂਲ ਆਫ ਬਾਡੀ ਗਾਰਡਸ ਦੀ ਟ੍ਰੇਨਿੰਗ ਹਾਸਲ ਕੀਤੀ ਅਤੇ ਮਨੀਪੁਰ ਵਿਖੇ 'ਥਾਂਗਾ' ਖੇਤਰ ਤੋਂ ਉਸ ਵੇਲੇ ਦੇ ਵਿਧਾਇਕ ਮੰਗੀ ਬਾਬੂ ਸਿੰਘ ਦੀ ਨਿੱਜੀ ਸੁਰੱਖਿਆ ਦੀ ਜਿੰਮੇਵਾਰੀ ਨਿਭਾਈ। ਆਪਣੀ ਧਰਮ ਪਤਨੀ ਹਰਦੀਪ ਕੌਰ, ਬੇਟੇ ਵਿਕਰਮਜੀਤ ਅਤੇ ਕੁੰਵਰਜੀਤ ਨਾਲ ਖਰੜ (ਮੋਹਾਲੀ) ਵਿਚ ਡੇਰੇ ਲਾਈ ਬੈਠਾ ਹਨੁਮੰਤ ਅੱਜ ਕਲ ਪੱਤਰਕਾਰੀ ਖੇਤਰ ਦੀਆਂ ਜਿੰਮੇਵਾਰੀਆਂ ਨਿਭਾ ਰਿਹਾ ਹੈ। ਸਾਊ ਤੇ ਮਿਲਾਪੜਾ ਸੁਭਾਅ ਦੇ ਹਨੁਮੰਤ ਦੀ ਮਿਹਨਤ ਨੂੰ ਭਰਵਾਂ ਬੂਰ ਪਵੇ, ਦੁਆਵਾਂ ਹਨ ਮੇਰੀਆਂ!

ਕਵਿਤਾ

## ਬਾਬੂ ਮੰਗੂ ਰਾਮ ਜੀ

ਐਸ-ਡੀ ਪਰਦੇਸੀ, ਸਰੀ ਕਨੇਡਾ

ਬਾਬੂ ਜੀ ਸਨ ਸੁਭਾਅ ਦੇ ਬੜੇ ਚੰਗੇ, ਮਿੱਠਾ ਬੋਲ ਕੇ ਸਭ ਨੂੰ ਪਿਆਂਰ ਸਤਿਕਾਰ ਕਰਦੇ
ਫੁੱਲ ਕਿਰਦੇ ਸਨ ਮੂੰਹ ਚੋਂ ਹਾਸਿਆਂ ਦੇ , ਸੋਹਲ ਜੁਬਾਮ ਦੇ ਨਾਲ ਗੁਫਤਾਰ ਕਰਦੇ
ਖੁੱਲੇ ਦਿਲ ਵਾਲੇ ਦਰਦਮੰਦ ਹਿਰਦੇ, ਦੁਖੀ ਦਿਲਾ ਲਈ ਸਨ ਜਾਨ ਨਿਸ਼ਾਰ ਕਰਦੇ
ਉਲਜੀ ਹੋਏ ਸਮੱਸਿਆ ਕੋਈ ਜੇਕਰ ਨੇਕ ਸਲਾਹ ਦੇ ਨਾਲ ਵਿਚਾਰ ਕਰਦੇ

ਬਜੁਰਗਾਂ ਵਾਂਗ ਉੱਚੇ ਪਰ ਯਾਰਾ ਨਾ ਸੁੱਚੇ ਸੁੱਚਾ ਕੌਲ ਕਰਾਰ ਹੁੰਦਾ
ਮੱਥੇ ਵੱਟ ਨਹੀ ਸਨ ਕਿਸੇ ਨੂੰ ਪਾ ਤੱਕਦੇ, ਗੁੱਸੇ ਵਿਚ ਵੀ ਪੰਥ ਪਿਆਰ ਹੁੰਦਾ
ਗਿਰੇ ਹੋਏ ਲੋਕਾਂ ਨੂੰ ਬਾਹੋਂ ਪਕੜਦੇ, ਸਭਲ ਜਾਣ ਬਾਬੂ ਜੀ ਨੇ ਕੀਤੇ ਇਸ਼ਾਰੇ
ਜਾਗੋ ਗਰੀਬੋ ਅਤੇ ਮਜਦੂਰ ਭਾਈਓ, ਦਿੰਦਾ ਸੀ ਉਹ ਹੋਕੇ ਸਾਂਝਾਂ ਦੇ

ਭਾਰੇ ਦੱਸਦਾ ਸੀ ਏਕੇ ਚਿ ਬਰਕਤ ਬੜੀ ਏ ਤੇ ਲਾਉਦਾ ਸੀ ਥਾਂ-ਥਾਂ ਹੱਕਾਂ ਦੇ ਨਾਹਰੇ
ਕਹਿੰਦਾ ਸੀ ਨੀਚਾ ਨੇ ਹੋਣਾ ਉਚਿਆਂ ਤੇ ਅਰਸ਼ਾ ਤੇ ਚਮਕਣਗੇ ਧਰਤੀ ਦੇ ਤਾਰੇ। ਪਰਦੇਸੀ
ਦੇ ਪੈਰਾ ਨੂੰ ਮੰਜਲ ਨੇ ਛੋਹਣਾ ਰਾਹਾਂ ਦੇ ਕੰਡੇ ਹੋਏ ਦੂਰ ਸਾਰੇ
ਖਿਜਾਵਾ ਬਹਾਰਾ ਨੇ ਰਲ ਗੀਤ ਗਾਉਣੇ ਅਤੇ ਖਿੜਨਗੇ ਫੁੱਲ ਮਜਬੂਰ ਸਾਰੇ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪਾਠਕਾਂ ਨੂੰ ਲੱਖ ਲੱਖ ਵਧਾਈਆਂ

# ਸੇਵਾ ਤੇ ਸਿਮਰਨ ਦਾ ਸੁਮੇਲ ਗੁਰੂ ਗੋਬਿੰਦ ਸਿੰਘ



ਸੇਵਾ ਬਿਨ ਸਿਮਰਨ ਅਧੂਰਾ ਰਹਿੰਦਾ ਹੈ ਅਤੇ ਸਿਮਰਨ ਬਿਨ ਸੇਵਾ ਅਧੂਰੀ ਰਹਿੰਦੀ ਹੈ। ਫਿਰ ਸੇਵਾ ਜੇ ਕਿਸੇ ਗਰੀਬ ਜਾਂ ਲੋੜਵੰਦ ਦੀ ਹੋਵੇ ਤਾਂ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਬਣ ਜਾਂਦਾ ਹੈ।ਸੇਵਾ ਤਿੰਨ ਤਰ੍ਹਾਂ ਦੀ ਹੁੰਦੀ ਹੈ - ਤਨ ਦੀ, ਮਨ ਦੀ ਅਤੇ ਧੰਨ ਦੀ। ਤਨ ਦੀ ਸੇਵਾ ਉਤਮ, ਮਨ ਦੀ ਸੇਵਾ ਮੱਧਮ ਅਤੇ ਧੰਨ ਦੀ ਸੇਵਾ ਨਿਮਨ ਹੁੰਦੀ ਹੈ। ਧੰਨ ਦੀ ਸੇਵਾ ਇਸ ਲਈ ਨਿਮਨ ਹੈ ਕਿ ਇਹ ਮਨੁੱਖ ਵਿੱਚ ਹਉਮੇ ਤੇ ਹੰਕਾਰ ਪੈਦਾ ਕਰਦੀ ਹੈ। ਸੇਵਾ ਤੇ ਸਿਮਰਨ ਦਾ ਸੁਮੇਲ ਇੱਕ ਮਨੁੱਖ ਨੂੰ ਸਾਧਾਰਨ ਅਵਸਥਾ ਤੋਂ ਸਹਿਜ ਅਵਸਥਾ (ਸੱਚ ਖੰਡ) ਤੱਕ ਪਹੁੰਚਾ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਸ਼ਾਹਕਾਰ ਰਚਨਾ 'ਜਪੁਜੀ ਸਾਹਿਬ' ਵਿੱਚ ਮਨੁੱਖ ਦੇ ਸਹਿਜ ਅਵਸਥਾ ਤੱਕ ਪੁੱਜਣ ਦੇ ਪੰਜ ਖੰਡਾਂ, ਭਾਵ ਪੰਜ ਅਵਸਥਾਵਾਂ -ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚ ਖੰਡ, ਦਾ ਵਰਣਨ ਕੀਤਾ ਹੈ। ਇਹ ਬੜਾ ਕਠਿਨ ਮਾਰਗ ਹੈ। ਇਸ ਮਾਰਗ ਉਤੇ ਚਲਦਿਆਂ ਜੋ ਮਨੁੱਖ ਅਡੋਲ, ਭਾਵ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਤੋਂ ਅਭਿੱਜ ਰਹਿੰਦਾ ਹੈ ਉਹ ਹੀ ਇਸ ਮੰਜਿਲ ਨੂੰ ਤੈਅ ਕਰਦਾ ਹੋਇਆ ਇੱਕ ਦਿਨ ਇਸ ਪ੍ਰਕਿਰਤੀ ਦੇ ਸਿਰਜਣਹਾਰ ਨਾਲ ਇੱਕਮਿਕ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਇਸ ਸੱਚਾਈ ਦਾ ਵਰਣਨ 'ਜਪੁਜੀ ਸਾਹਿਬ' ਦੀ 32ਵੀਂ ਪਾਉੜੀ ਵਿੱਚ ਇਸ ਤਰ੍ਹਾਂ ਕਰਦੇ ਹਨ:

"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥"



ਸੰਤੋਖ ਸਿੰਘ ਸੰਧੂ
(+64) 022 071 0935

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉਤੇ ਝਾਤ ਮਾਰੀਏ ਤਾਂ ਸੇਵਾ ਤੇ ਸਿਮਰਨ ਦੇ ਸੁਮੇਲ ਦੀ ਜੋ ਮਿਸਾਲ ਉਨ੍ਹਾਂ ਵਿੱਚ ਮਿਲਦੀ ਹੈ ਉਹ ਦੁਨੀਆਂ ਦੇ ਹੋਰ ਕਿਸੇ ਵੀ ਫਿਰਕੇ, ਕਿਸੇ ਵੀ ਧਰਮ, ਕਿਸੇ ਵੀ ਮੱਤ ਦੇ ਕਿਸੇ ਵੀ ਰਹਿਬਰ, ਕਿਸੇ ਵੀ ਅਵਤਾਰ, ਕਿਸੇ ਵੀ ਆਗੂ ਵਿੱਚ ਨਹੀਂ ਮਿਲਦੀ। ਹਾਂ ਕਿਸੇ ਨੇ ਰਾਜ-ਭਾਗ ਦਾ ਤਿਆਗ ਕਰ ਦਿੱਤਾ ਹੋਵੇਗਾ, ਕਿਸੇ ਨੇ ਆਪਣੀ ਜ਼ਾਨ ਦੀ ਕੁਰਬਾਨੀ ਦੇ ਦਿੱਤੀ ਹੋਵੇਗੀ ਜਾਂ ਕਿਸੇ ਨੇ ਆਪਣੇ ਇੱਕ ਖ਼ਾਸ ਸਮਾਜ ਦੀ ਪ੍ਰਤਿਭਾ ਤੇ ਮਰਿਯਾਦਾ ਲਈ ਗ੍ਰਿਸਥ ਦਾ ਤਿਆਗ ਕਰ ਦਿੱਤਾ ਹੋਵੇਗਾ ਜਾਂ ਕਿਸੇ ਨੇ ਇੱਕ-ਅੱਧ ਜ਼ੁਲਮੀ ਦਾ ਨਾਸ਼ ਕਰ ਦਿੱਤਾ ਹੋਵੇਗਾ। ਪਰ ਸਮੁੱਚੀ ਮਨੁੱਖਤਾ ਲਈ ਕਿਸੇ ਨੇ ਆਪਣਾ ਸਰਬੰਸ ਨਹੀਂ ਵਾਰਿਆ, ਕਿਸੇ ਨੇ ਸਰਬੱਤ ਦਾ ਭਲਾ ਨਹੀਂ ਮੰਗਿਆ, ਕਿਸੇ ਨੇ ਇੰਝ ਨਹੀਂ ਕਿਹਾ :ਹਿੰਦੂ ਤੁਰਕ ਕੋਈ ਰਾਫਜੀ ਇਮਾਮ ਸਾਫੀ, ਮਾਨੁਸ਼ ਕੀ ਜਾਤਿ ਸਬੈ ਏਕੈ ਪਹਿਚਾਨਬੋ ॥ ਸਮੁੱਚੀ ਮਨੁੱਖਤਾ ਨੂੰ ਅਜਿਹਾ ਸੰਦੇਸ਼ ਦਿੰਦਿਆਂ, ਮਨੁੱਖਤਾ ਦੀ ਉਚ ਕੋਟੀ ਦੀ ਸੇਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪ੍ਰਭੂ ਜਾਂ ਪ੍ਰਭੂ ਦਾ ਅਵਤਾਰ ਨਹੀਂ, ਪ੍ਰਭੂ ਦਾ ਦਾਸ ਆਖਿਆ। ਉਨ੍ਹਾਂ ਨੂੰ ਪ੍ਰਭੂ ਕਰਕੇ ਜਾਣਨ ਵਾਲਿਆਂ ਨੂੰ ਸਖਤ ਹਦਾਇਤ ਕਰਦਿਆਂ ਉਨ੍ਹਾਂ ਨੇ ਕਿਹਾ:

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ॥"(ਦਸਮ ਗ੍ਰੰਥ, ਅੰਗ 136)
ਮੋ ਕੌ ਦਾਸ ਤਵਨ ਕਾ ਜਾਨੋ ॥"
ਮੈ ਹੋ ਪਰਮ ਪੁਰਖ ਕੋ ਦਾਸਾ।।" (ਦਸਮ ਗ੍ਰੰਥ, ਅੰਗ 137)

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਨੂੰ ਪਟਨਾ ਸ਼ਹਿਰ ਵਿਖੇ ਮਾਤਾ ਗੁਜਰੀ ਜੀ ਦੀ ਪਵਿੱਤਰ ਕੁੱਖੋਂ ਪਿਤਾ ਗੁਰੂ ਤੇਗ਼ ਬਹਾਦੁਰ ਜੀ ਦੇ ਨਿਵਾਸ ਅਸਥਾਨ ਵਿਖੇ ਹੋਇਆ ਸੀ। ਆਪ ਜੀ ਦਾ ਪਰਿਵਾਰ ਇੱਥੇ ਇੱਥੋਂ ਦੇ ਰਾਜਾ ਦੀ ਸ੍ਰਪ੍ਰਸਤੀ ਵਿੱਚ ਠਹਿਰਿਆ ਹੋਇਆ ਸੀ। ਆਪ ਜੀ ਦੇ ਜਨਮ ਸਮੇਂ ਪਿਤਾ ਗੁਰੂ ਤੇਗ਼ ਬਹਾਦੁਰ ਜੀ ਸਿੱਖੀ ਦੇ ਪ੍ਰਚਾਰ ਲਈ ਬੰਗਾਲ- ਆਸਾਮ ਵੱਲ ਗਏ ਹੋਏ ਸਨ। ਆਪ ਜੀ ਦਾ ਨਾਮ ਗੋਬਿੰਦ ਰਾਇ ਰੱਖਿਆ ਗਿਆ। ਇੱਥੇ ਹੀ ਗੋਬਿੰਦ ਰਾਇ ਦਾ ਮੁਢਲਾ ਬਚਪਨ ਬੀਤਿਆ। ਇਸ ਅਸਥਾਨ ਉਤੇ ਪਵਿੱਤਰ ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਬਣਿਆ ਹੋਇਆ ਹੈ, ਜਿਸਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵੀ ਆਖਿਆ ਜਾਂਦਾ ਹੈ। ਗੁਰੂ ਤੇਗ਼ ਬਹਾਦੁਰ ਜੀ 1670 ਈ. ਵਿੱਚ ਆਪਣੇ ਉਪਰੋਕਤ ਦੌਰੇ ਤੋਂ ਵਾਪਿਸ ਪਟਨਾ ਪਹੁੰਚੇ। ਉਨ੍ਹਾਂ ਨੇ ਪਰਿਵਾਰ ਨੂੰ ਵਾਪਿਸ ਪੰਜਾਬ ਵੱਲ ਜਾਣ ਲਈ ਕਿਹਾ। 1672 ਈ. ਵਿੱਚ ਪਰਿਵਾਰ ਆਨੰਦਪੁਰ ਪਹੁੰਚ ਗਿਆ। ਆਨੰਦਪੁਰ ਸ਼ਹਿਰ ਗੁਰੂ ਤੇਗ਼ ਬਹਾਦੁਰ ਜੀ ਨੇ ਹੀ ਵਸਾਇਆ ਹੋਇਆ ਸੀ ਅਤੇ ਉਸ ਸਮੇਂ ਇਸਦਾ ਨਾਂ ਚੱਕ ਨਾਨਕੀ ਸੀ। ਇੱਥੇ ਬਾਲ ਗੋਬਿੰਦ ਰਾਇ ਨੂੰ ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫਾਰਸੀ ਭਾਸ਼ਾਵਾਂ ਦੇ ਲਿਖਣ-ਪੜ੍ਹਣ ਦੀ ਮੁਢਲੀ ਸਿੱਖਿਆ ਦਿੱਤੀ ਗਈ। ਉਹ ਹਾਲੇ 9 ਸਾਲਾਂ ਦੇ ਹੀ ਸਨ ਕਿ ਉਨ੍ਹਾਂ ਦੇ ਜੀਵਨ ਵਿੱਚ ਇੱਕ ਬਹੁਤ ਵੱਡਾ ਮੋੜ ਆਇਆ। ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਦਾ ਇੱਕ ਵਫਦ 1675 ਈ. ਵਿੱਚ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਰਨ ਵਿੱਚ ਆਇਆ। ਇਹ ਕਸ਼ਮੀਰ ਦੇ ਮੁਗ਼ਲ ਹਾਕਮ ਇਫਤਕਾਰ ਖਾਂ ਦੇ ਜ਼ੁਲਮਾਂ ਦੇ ਸਤਾਏ ਹੋਏ ਸਨ, ਜੋ ਉਥੋਂ ਦੇ ਗ਼ੈਰ-ਮੁਸਲਿਮ ਫਿਰਕਿਆਂ ਨੂੰ ਇਸਲਾਮ ਕਬੂਲ ਕਰਨ ਲਈ ਤੰਗ ਕਰ ਰਿਹਾ ਸੀ। ਗੁਰੂ ਤੇਗ਼ ਬਹਾਦੁਰ ਜੀ ਇਨ੍ਹਾਂ ਪੰਡਿਤਾਂ ਦੀ ਵਿਥਿਆ ਸੁਣ ਕੇ ਉਸਦੇ ਹੱਲ ਲਈ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਹੇ ਸਨ। ਜਿਵੇਂ ਕਿ ਸਿੱਖ ਇਤਿਹਾਸ ਦੇ ਦਸਤਾਵੇਜਾਂ ਵਿੱਚ ਦਰਜ ਹੈ, ਬਾਲ ਗੋਬਿੰਦ ਰਾਇ ਖੇਡਦੇ ਖੇਡਦੇ ਸਾਥੀਆਂ ਨਾਲ ਉਥੇ ਪਹੁੰਚ ਗਏ। ਪਿਤਾ ਨੂੰ ਨਿਰਾਸ਼ ਵੇਖ ਕੇ ਉਨ੍ਹਾਂ ਨੇ ਪਰੇਸ਼ਾਨੀ ਦਾ ਕਾਰਨ ਪੁੱਛਿਆ। ਪਿਤਾ ਨੇ ਸਾਰੀ ਗੱਲ ਦੱਸੀ ਅਤੇ ਕਿਹਾ ਕਿ ਇਨ੍ਹਾਂ ਪੰਡਿਤਾਂ ਦੀ ਸਮੱਸਿਆ ਦੇ ਹੱਲ ਲਈ ਕੁਰਬਾਨੀ ਦੇਣ ਵਾਸਤੇ ਕਿਸੇ ਮਹਾਂਪੁਰਖ ਦੀ ਲੋੜ ਹੈ। ਬਾਲ ਗੋਬਿੰਦ ਨੇ ਕਿਹਾ 'ਪਿਤਾ ਜੀ ਆਪ ਤੋਂ ਵੱਡਾ ਹੋਰ ਮਹਾਂਪੁਰਖ ਕੌਣ ਹੈ?' ਗੁਰੂ ਤੇਗ਼ ਬਹਾਦੁਰ ਜੀ ਨੇ ਪੁੱਤਰ ਦੇ ਜਵਾਬ ਦਾ ਵਿਰੋਧ ਨਹੀਂ ਕੀਤਾ ਸਗੋਂ ਗੰਭੀਰਤਾ ਨਾਲ ਵਿਚਾਰ ਕਰਦਿਆਂ ਕਿਹਾ ਕਿ ਇਸਦਾ ਮਤਲਬ ਹੈ ਕਿ ਗੋਬਿੰਦ ਰਾਇ ਗੁਰਗੱਦੀ ਸੰਭਾਲਣ ਦੇ ਯੋਗ ਹੋ ਗਿਆ ਹੈ। ਉਨ੍ਹਾਂ ਨੇ ਪੰਡਿਤਾਂ ਦੇ ਵਫਦ ਨੂੰ ਇੰਝ ਕਹਿ ਕੇ ਵਿਦਾ ਕੀਤਾ ਕਿ ਜਾਉ ਜਾ ਕੇ ਇਫਤਕਾਰ ਖਾਂ ਨੂੰ ਕਹੋ ਕਿ ਜੇ ਸਾਡੇ ਗੁਰੂ ਜੀ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਆਪਣੇ ਆਪ ਹੀ ਇਸਲਾਮ ਵਿੱਚ ਸ਼ਾਮਿਲ ਹੋ ਜਾਵਾਂਗੇ। ਇਸ ਤਰ੍ਹਾਂ ਗੁਰੂ ਤੇਗ਼ ਬਹਾਦੁਰ ਜੀ ਗੋਬਿੰਦ ਰਾਇ ਨੂੰ ਗੁਰਗੱਦੀ ਦਾ ਅਗਲਾ ਵਾਰਿਸ ਥਾਪ ਕੇ 11 ਨਵੰਬਰ, 1675 ਨੂੰ ਦਿੱਲੀ ਵਿੱਚ ਮੁਗ਼ਲ ਸਰਕਾਰ ਹੱਥੋਂ ਸ਼ਹੀਦੀ ਪ੍ਰਾਪਤ ਕਰ ਗਏ।

29 ਮਾਰਚ, 1676 ਨੂੰ ਆਨੰਦਪੁਰ ਸਾਹਿਬ ਵਿੱਚ ਵਿਸਾਖੀ ਦੇ ਮੌਕੇ ਸਿੱਖ ਸੰਗਤ ਦਾ ਭਾਰੀ ਇਕੱਠ ਹੋਇਆ। ਸਿੱਖ ਸੰਗਤ ਨੇ ਰਸਮੀ ਤੌਰ 'ਤੇ ਗੋਬਿੰਦ ਰਾਇ ਨੂੰ ਆਪਣਾ ਅਗਲਾ ਗੁਰੂ ਥਾਪਿਆ। ਇਸਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਸੇਵਾ ਦਾ ਅਸਲ ਅਧਿਆਇ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਨੇ ਸਮੇਂ ਦੀ ਮੁਗ਼ਲ ਹਕੂਮਤ ਵੱਲੋਂ ਮਜ਼ਲੂਮ ਜਨਤਾ, ਖਾਸ ਕਰਕੇ ਗ਼ੈਰ-ਮੁਸਲਿਮ ਲੋਕਾਂ ਉਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਆਨੰਦਪੁਰ ਸਾਹਿਬ ਵਿੱਚ ਘੋੜਸਵਾਰੀ, ਤੀਰੰਦਾਜ਼ੀ ਅਤੇ ਹੋਰ ਜੰਗੀ ਹਥਿਆਰਾਂ ਅਤੇ ਤਕਨੀਕਾਂ ਦੀ ਸਿਖਲਾਈ ਹਾਸਿਲ ਕੀਤੀ। ਆਪਣੀ ਹਥਿਆਰਬੰਦ ਫੌਜ ਤਿਆਰ ਕੀਤੀ ਅਤੇ ਸਿੱਖਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਕੀਤਾ। ਇੱਥੇ ਹੀ ਗੁਰੂ ਜੀ ਨੇ ਚੰਡੀ ਦੀ ਵਾਰ ਵੀ ਲਿਖੀ। ਇੱਥੋਂ ਗੁਰੂ ਜੀ ਪਾਉਂਟਾ ਸਾਹਿਬ ਚਲੇ ਗਏ। ਗੁਰੂ ਜੀ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਵੇਖਕੇ ਪਹਾੜੀ ਰਾਜੇ ਚਿੰਤਤ ਹੋ ਗਏ। ਉਨ੍ਹਾਂ ਨੇ ਇਕੱਠੇ ਹੋ ਕੇ ਇੱਕ ਸਾਂਝੀ ਫੌਜ ਤਿਆਰ ਕਰ ਲਈ। ਇਨ੍ਹਾਂ ਪਹਾੜੀ ਰਾਜਿਆਂ ਨਾਲ 18 ਸਤੰਬਰ, 1688 ਨੂੰ ਗੁਰੂ ਜੀ ਦੀ ਭੰਗਾਣੀ ਦੀ ਜੰਗ ਹੋਈ ਜਿਸ ਵਿੱਚ ਗੁਰੂ ਜੀ ਦੀ ਜਿੱਤ ਹੋਈ। ਇਸਤੋਂ ਛੇਤੀ ਬਾਅਦ ਗੁਰੂ ਜੀ ਪਾਉਂਟਾ ਸਾਹਿਬ ਤੋਂ ਆਨੰਦਪੁਰ ਆ ਗਏ ਅਤੇ ਕਈ ਕਿਲ੍ਹਿਆਂ ਦੀ ਉਸਾਰੀ ਕਰਵਾਈ। ਉਧਰ ਪਹਾੜੀ ਰਾਜੇ ਹਾਰ ਦਾ ਬਦਲਾ ਲੈਣ ਲਈ ਅੰਦਰੋ-ਅੰਦਰ ਵਿਸ ਘੋਲ ਰਹੇ ਸਨ। ਉਨ੍ਹਾਂ ਨੇ ਦਿੱਲੀ ਦੀ ਮੁਗ਼ਲ ਹਕੂਮਤ ਨੂੰ ਗੁਰੂ ਜੀ ਦੇ ਵਿਰੁੱਧ ਕਰ ਦਿੱਤਾ।

ਮੁਗ਼ਲ ਕਮਾਂਡਰ ਆਲਿਫ ਖਾਂ ਨਾਲ ਗੁਰੂ ਜੀ ਦੀ 20 ਮਾਰਚ 1691 ਨੂੰ ਨਦੌਣ ਵਿਖੇ ਜੰਗ ਹੋਈ। ਆਲਿਫ ਖਾਂ ਜੰਗ ਵਿੱਚ ਸਿੱਖਾਂ ਦੇ ਜੌਹਰ ਵੇਖ ਕੇ ਇੰਨਾ ਘਬਰਾ ਗਿਆ ਕਿ ਜੰਗ ਦੇ ਮੈਦਾਨ ਵਿੱਚ ਆਪਣੀ ਫੌਜ ਨੂੰ ਆਗੂਹੀਣ ਕਰਕੇ ਉਤਰ ਵੱਲ ਦੌੜ ਗਿਆ। ਫਿਰ 20 ਫਰਵਰੀ 1696 ਨੂੰ ਗੁਰੂ ਜੀ ਦੀ ਮੁਗ਼ਲ ਕਮਾਂਡਰ ਹਸੈਨ ਖਾਂ ਨਾਲ ਜੰਗ ਹੋਈ। ਇਸ ਜੰਗ ਵਿੱਚ ਸਿੱਖਾਂ ਦੀ ਫੈਸਲਾਕੁਨ ਜਿੱਤ ਹੋਈ। ਇਧਰ ਸ਼ਹਿਜ਼ਾਦਾ ਬਹਾਦੁਰ ਸ਼ਾਹ ਉਤਰ-ਪੱਛਮੀ ਖੇਤਰ ਦਾ ਵਾਇਸਰਾਇ ਸੀ। ਹੁਣ ਪੰਜਾਬ ਦਾ ਵੀ ਉਸਨੂੰ ਚਾਰਜ ਮਿਲ ਗਿਆ ਸੀ। ਉਹ ਉਦਾਰ ਸੁਭਾਅ ਵਾਲਾ ਸੀ। ਇਸ ਲਈ ਸਿੱਖਾਂ ਨੂੰ ਕੁਝ ਚਿਰ ਲਈ ਰਾਹਤ ਮਿਲ ਗਈ। ਆਨੰਦਪੁਰ ਸਾਹਿਬ ਵਿੱਚ 30 ਮਾਰਚ, 1699 ਨੂੰ ਵਿਸਾਖੀ ਦੇ ਮੌਕੇ ਸਿੱਖਾਂ ਦਾ ਭਾਰੀ ਇਕੱਠ ਹੋਇਆ ਜਿਸ ਵਿੱਚ ਗੁਰੂ ਜੀ ਨੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਸਿੱਖਾਂ ਦੀ ਨਵੀਂ ਦਿੱਖ ਨੂੰ ਦੇਖ ਕੇ ਪਹਾੜੀ ਰਾਜੇ ਹੋਰ ਵੀ ਚਿੰਤਤ ਹੋ ਗਏ। ਉਹ ਬਿਲਾਸਪੁਰ ਦੇ ਰਾਜੇ ਦੀ ਅਗਵਾਈ ਹੇਠ ਇਕੱਠੇ ਹੋਏ ਅਤੇ 1700-04 ਦੇ ਸਮੇਂ ਦੌਰਾਨ ਉਨ੍ਹਾਂ ਨੇ ਗੁਰੂ ਜੀ ਉਤੇ ਕਈ ਵਾਰ ਹਮਲੇ ਕੀਤੇ, ਪਰ ਹਰ ਵਾਰ ਹਾਰ ਦਾ ਮੂੰਹ ਵੇਖਣਾ ਪਿਆ। ਉਨ੍ਹਾਂ ਨੂੰ ਨਵੀਂ ਸਾਜਿਸ਼ ਸੁੱਝੀ। ਉਨ੍ਹਾਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ ਕਿ ਗੁਰੂ ਗੋਬਿੰਦ ਸਿੰਘ ਨੇ ਭਾਰੀ ਫੌਜ ਤਿਆਰ ਕਰ ਲਈ ਹੈ ਅਤੇ ਉਹ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਤੁਹਾਡੇ ਉਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਭਾਰੀ ਮੁਗ਼ਲ ਫੌਜ ਵੀ ਮੰਗਵਾ ਲਈ ਅਤੇ ਇਕੱਠੇ ਹੋ ਕੇ ਆਨੰਦਪੁਰ ਨੂੰ ਮਈ 1705 ਵਿੱਚ ਚੁਫੇਰਿਉਂ ਘੇਰਾ ਪਾ ਲਿਆ। ਲਗਭਗ ਸੱਤ ਮਹੀਨੇ ਇਹ ਘੇਰਾ ਪਿਆ ਰਿਹਾ, ਪਰ ਉਹ ਕਿਲ੍ਹੇ ਤੱਕ ਨਾ ਪਹੁੰਚ ਸਕੇ। ਕਿਰਕਿਰੀ ਹੁੰਦੀ ਵੇਖਕੇ ਸੌਹਾਂ/ਕਸਮਾਂ ਖਾ ਕੇ ਗੁਰੂ ਜੀ ਵੱਲ ਸੁਨੇਹਾ ਭੇਜਿਆ ਕਿ ਜੇ ਤੁਸੀਂ ਆਨੰਦਪੁਰ ਖਾਲੀ ਕਰ ਜਾਉ ਤਾਂ ਤੁਹਾਨੂੰ ਜਾਣ ਲਈ ਸੁਰੱਖਿਅਤ ਰਸਤਾ ਦੇ ਦਿੱਤਾ ਜਾਵੇਗਾ ਅਤੇ ਤੁਹਾਡਾ ਕੋਈ ਨੁਕਸਾਨ ਨਹੀਂ ਕੀਤਾ ਜਾਵੇਗਾ। ਸਿੱਖਾਂ ਦੇ ਜ਼ੋਰ ਦੇਣ ਉਤੇ ਗੁਰੂ ਜੀ 5-6 ਦਸੰਬਰ, 1705 ਨੂੰ ਆਨੰਦਪੁਰ ਖਾਲੀ ਕਰਕੇ ਸਿਰਸਾ ਨਦੀ ਦੇ ਕੰਢੇ ਪਹੁੰਚੇ ਹੀ ਸਨ ਕਿ ਪਿੱਛੋਂ ਦੁਸ਼ਮਣ ਫੌਜਾਂ ਨੇ ਜ਼ੋਰਦਾਰ ਹਮਲਾ ਕਰ ਦਿੱਤਾ। ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਨਦੀ ਦੇ ਕੰਢੇ ਘਮਸਾਨ ਦਾ ਯੁੱਧ ਹੋਇਆ। ਦੋਹਾਂ ਪਾਸਿਆਂ ਦਾ ਭਾਰੀ ਜ਼ਾਨੀ ਨੁਕਸਾਨ ਹੋਇਆ। ਗੁਰੂ ਜੀ 40 ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਨਦੀ ਪਾਰ ਕਰਕੇ ਚਮਕੌਰ ਪਹੁੰਚ ਗਏ। ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਆਂ ਨੂੰ ਲੈ ਕੇ ਗੰਗੂ ਰਸੋਈਏ ਦੇ ਨਾਲ ਉਸਦੇ ਘਰ ਚਲੇ ਗਏ। ਗੁਰੂ ਜੀ ਦੀਆਂ ਪਤਨੀਆਂ ਅਤੇ ਕੁਝ ਸਿੰਘ ਦਿੱਲੀ ਵੱਲ ਚਲੇ ਗਏ। ਪਰਿਵਾਰ ਖੇਰੂੰ ਖੇਰੂੰ ਹੋ ਗਿਆ।

ਗੁਰੂ ਜੀ ਨੇ ਚਮਕੌਰ ਪਹੁੰਚ ਕੇ ਇੱਕ ਕਿਲ੍ਹਾ ਨਾਮੀ ਹਵੇਲੀ (ਗੜ੍ਹੀ) ਵਿੱਚ ਮੋਰਚੇ ਸੰਭਾਲ ਲਏ। ਦੁਸ਼ਮਣ ਦੀਆਂ ਫੌਜਾਂ ਵੀ ਪਹੁੰਚ ਗਈਆਂ। ਇੱਥੇ ਗੁਰੂ ਜੀ ਦੇ ਦੋਵੇਂ ਵੱਡੇ ਸ਼ਾਹਿਬਜ਼ਾਦੇ ਸ਼ਹੀਦ ਹੋ ਗਏ। ਸਿੱਖਾਂ ਦੇ ਆਖਿਰੀ ਜਥੇ ਨੇ ਗੁਰੂ ਜੀ ਨੂੰ ਗੜ੍ਹੀ ਵਿੱਚੋਂ ਬਚ ਕੇ ਨਿਕਲ ਜਾਣ ਲਈ ਕਿਹਾ। ਗੁਰੂ ਜੀ ਸਿੱਖਾਂ ਦੀ ਇਸ ਬੇਨਤੀ ਨੂੰ ਹੁਕਮ ਮੰਨਕੇ ਗੜ੍ਹੀ ਵਿੱਚੋਂ ਬਾਹਰ ਨਿਕਲ ਗਏ। ਸਿਰਫ 3 ਸਿੰਘ ਹੀ ਬਚੇ ਸਨ, ਉਨ੍ਹਾਂ ਨਾਲ ਗੁਰੂ ਜੀ ਮੁਕਤਸਰ ਪਹੁੰਚ ਗਏ। ਮਾਝੇ ਦੇ ਰੁੱਸ ਕੇ ਗਏ 40 ਸਿੰਘ ਵੀ ਇੱਥੇ ਫਿਰ ਗੁਰੂ ਜੀ ਨੂੰ ਆਣ ਮਿਲੇ। ਇੱਥੇ ਦੁਸ਼ਮਣ ਦੀਆਂ ਫੌਜਾਂ ਨਾਲ ਫਿਰ ਯੰਗ ਹੋਈ। ਦੋਹਾਂ ਪਾਸਿਆਂ ਦਾ ਭਾਰੀ ਜ਼ਾਨੀ ਨੁਕਸਾਨ ਹੋਇਆ। ਅਖੀਰ ਜਿੱਤ ਗੁਰੂ ਜੀ ਦੀ ਹੋਈ।

ਉਧਰ ਗੰਗੂ ਦੀ ਨੀਯਤ ਖਰਾਬ ਹੋ ਗਈ। ਉਸਨੇ ਮਾਤਾ ਗੁਜਰੀ ਕੋਲ ਜੋ ਪੈਸੇ ਤੇ ਗਹਿਣੇ ਸਨ, ਨੂੰ ਲੁੱਟਣ ਦੀ ਵਿਉਂਤ ਬਣਾ ਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਸ਼ਿਕਾਇਤ ਕਰਕੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਵਜ਼ੀਰ ਖਾਂ ਨੇ ਅਤਿ ਠੰਡ ਦੇ ਮੌਸਮ ਵਿੱਚ ਮਾਤਾ ਗੁਜਰੀ ਜੀ ਨੂੰ ਸਰਹੰਦ ਦੇ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ, ਜਿੱਥੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਵਜ਼ੀਰ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ।

ਇੰਝ ਗੁਰੂ ਜੀ ਨੇ ਜ਼ਾਲਮ ਤੇ ਜ਼ੁਲਮ ਵਿਰੁੱਧ ਲੜਦਿਆਂ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਉਨ੍ਹਾਂ ਨੇ ਇਹ ਯੰਗਾਂ ਕਿਸੇ ਵਿਰੁੱਧ ਆਪਣੀ ਦੁਸ਼ਮਣੀ ਕੱਢਣ ਜਾਂ ਆਪਣੀ ਜਾਇਦਾਦ ਦਾ ਵਿਸਤਾਰ ਕਰਨ ਲਈ ਨਹੀਂ ਕੀਤੀਆਂ ਸਗੋਂ ਗਰੀਬ ਤੇ ਮਜਲੂਮਾਂ ਦੀ ਰਾਖੀ ਕਰਨ, ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਲੜੀਆਂ। ਇੰਝ ਗੁਰੂ ਜੀ ਨੇ ਮਜ਼ਲੂਮਾਂ ਦੀ ਸੇਵਾ ਕਰਨ ਦੀ ਅਜਿਹੀ ਮਿਸਾਲ ਕਾਇਮ ਕੀਤੀ ਜਿਹੜੀ ਉਨ੍ਹਾਂ ਤੋਂ ਬਿਨਾ ਦੁਨੀਆਂ ਦੇ ਹੋਰ ਕਿਸੇ ਵੀ ਰਹਿਬਰ, ਅਵਤਾਰ, ਮਹਾਪੁਰਖ ਜਾਂ ਆਗੂ ਦੇ ਹਿੱਸੇ ਨਹੀਂ ਆਈ।

ਹੁਣ ਗੁਰੂ ਜੀ ਦੀ ਭਗਤੀ (ਸਿਮਰਨ) ਵੱਲ ਧਿਆਨ ਮਾਰਦੇ ਹਾਂ। ਉਨ੍ਹਾਂ ਦੀ ਸਿਮਰਨ ਦੀ ਮਿਸਾਲ ਵੀ ਅਦੁੱਤੀ ਹੈ।ਇਸ ਸੰਸਾਰ ਉਤੇ ਆਪਣੇ ਆਉਣ ਦਾ ਵਰਣਨ ਕਰਦਿਆਂ ਗੁਰੂ ਜੀ 'ਬਚਿੱਤਰ ਨਾਟਕ ਦੇ ਭਾਗ-6' ਵਿੱਚ ਲਿਖਦੇ ਹਨ:

ਅਬ ਮੈ ਅਪਨੀ ਕਥਾ ਬਖਾਨੋ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ॥
ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥
ਸਪਤ ਸ੍ਰਿੰਗ ਤਿਹੁ ਨਾਮੁ ਕਹਾਵਾ॥
ਪੰਡ ਰਾਜ ਜਹ ਜੋਗ ਕਮਾਵਾ॥
ਤਹ ਹਮ ਅਧਿਕ ਤਪਸਿਆ ਸਾਧੀ॥
ਮਹਾਕਾਲ ਕਾਲਿਕਾ ਅਰਾਧੀ ॥
ਇਹ ਬਿਧਿ ਕਰਤ ਤਪਸਿਆ ਭਯੋ॥
ਦਵੈ ਤੇ ਏਕ ਰੂਪ ਹਵੈ ਗਯੋ ॥" (ਦਸਮ ਗ੍ਰੰਥ ਅੰਗ 132)

(ਨੋਟ - ਲਿਪੀ ਵਿੱਚ ਅੱਧੇ ਵ ਦਾ ਫੋਂਟ ਨਹੀਂ ਹੈ।)

ਇੰਝ ਘੋਰ ਤਪਸਿਆ ਕਰਕੇ ਗੁਰੂ ਗੋਬਿੰਦ ਸਿੰਘ ਜੀ ਪ੍ਰਭੂ ਨਾਲ ਇੱਕ ਰੂਪ ਹੋ ਗਏ। ਉਨ੍ਹਾਂ ਦੀ ਸਾਧਨਾਂ ਅਤੇ ਨਿਰਸਵਾਰਥ ਭਗਤੀ ਨੂੰ ਵੇਖਕੇ ਪ੍ਰਭੂ ਨੇ ਇਸ ਧਰਤੀ ਉਤੇ ਹੋ ਰਹੇ ਘੋਰ ਅਪਰਾਧਾਂ ਨੂੰ ਠੱਲ ਪਾਉਣ ਲਈ ਉਨ੍ਹਾਂ ਦੀ ਚੋਣ ਕੀਤੀ ਅਤੇ ਇਹ ਵਰ ਦੇ ਕੇ ਇਸ ਸੰਸਾਰ ਵਿੱਚ ਭੇਜਿਆ :

ਮੈ ਅਪਨਾ ਸੁਤ ਤੋਹਿ ਨਿਵਾਜਾ ।
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥" (ਦਸਮ ਗ੍ਰੰਥ, ਅੰਗ 136)

ਪ੍ਰਭੂ ਨੇ ਗੁਰੂ ਜੀ ਨੂੰ ਦੱਸਿਆ ਕਿ, "ਇਸਤੋਂ ਪਹਿਲਾਂ ਮੈਂ ਜਿਸਨੂੰ ਵੀ ਅਜਿਹਾ ਕਾਜ ਕਰਨ ਲਈ ਭੇਜਿਆ, ਉਹ ਜਾ ਕੇ ਖੁਦ ਹੀ ਪ੍ਰਭੂ ਬਣ ਬੈਠਾ। ਆਪਣਾ ਹੀ ਨਾਮ ਜਪ-ਾਉਣ ਲੱਗ ਪਿਆ ਅਤੇ ਅਸਲ ਪ੍ਰਭੂ ਨੂੰ ਭੁਲਾ ਹੀ ਦਿੱਤਾ। ਇੱਥੋਂ ਤੱਕ ਕਿ ਬ੍ਰਹਮਾ ਵੀ ਆਪ ਹੀ ਪਾਰਬ੍ਰਹਮ ਬਣ ਗਿਆ":

ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥
ਪ੍ਰਭ ਕੋ ਪ੍ਰਭੂ ਨਾ ਕਿਨਹੂੰ ਜਾਨਾ ॥
ਤਬ ਸਾਖੀ ਪ੍ਰਭ ਅਸਟ ਬਨਾਏ ॥
ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੇ ਕਰੋ ਹਮਾਰੀ ਪੂਜਾ ॥
ਹਮ ਬਿਨ ਅਵਰ ਨ ਠਾਕੁਰੁ ਦੂਜਾ ॥"
(ਦਸਮ ਗ੍ਰੰਥ, ਅੰਗ 133)

ਪਰਮਾਤਮਾ ਨੇ ਗੁਰੂ ਜੀ ਦੀ ਭਗਤੀ ਤੇ ਸਿਮਰਨ ਨੂੰ ਕਿੰਨਾ ਮਾਣ ਦਿੱਤਾ ਹੈ। ਪ੍ਰਭੂ ਨੇ ਗੁਰੂ ਜੀ ਨੂੰ ਆਪਣੇ ਪੁੱਤਰ ਦਾ ਵਰ ਦੇ ਕੇ ਇਸ ਸੰਸਾਰ ਵਿੱਚ ਭੇਜਿਆ ਅਤੇ ਸਦਾ ਅੰਗ ਸੰਗ ਰਹਿਣ ਦਾ ਵਾਅਦਾ ਵੀ ਕੀਤਾ। ਇਹ ਸਿਮਰਨ ਦੀ ਹੀ ਤਾਕਤ ਹੈ।

ਗੁਰੂ ਜੀ ਨੇ ਪ੍ਰਭੂ ਦਾ ਹੁਕਮ ਮੰਨ ਕੇ ਇਸ ਸੰਸਾਰ ਵਿੱਚ ਆ ਕੇ ਸਿਰਫ ਜ਼ੁਲਮ ਤੇ ਜ਼ਾਲਮਾਂ ਵਿਰੁੱਧ ਜੰਗਾਂ ਲੜਕੇ, ਸਰਬੰਸ ਵਾਰ ਕੇ ਹੀ ਮਨੁੱਖਤਾ ਦੀ ਸੇਵਾ ਨਹੀਂ ਕੀਤੀ, ਸਗੋਂ ਮਨੁੱਖਤਾ ਨੂੰ ਕਈ ਕੁਰੀਤੀਆਂ ਵਿੱਚੋਂ ਵੀ ਬਾਹਰ ਕੱਢਿਆ। ਸ਼ਬਦ ਗੁਰੂ ਦੇ ਨਾਲ ਜੋੜਦਿਆਂ, ਆਪਣੇ ਤੋਂ ਬਾਅਦ ਮਨੁੱਖ-ਗੁਰੂ ਦੀ ਪ੍ਰਥਾ ਨੂੰ ਖਤਮ ਕਰਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ-ਨਾਜ਼ਰ. ਜਾਗਤ-ਜੋਤ ਤੇ ਸਦੀਵੀ ਗੁਰੂ ਦਾ ਮਾਣ ਬਖਸ਼ਿਸ਼ ਕੀਤਾ। ਬੇਅਣਖ ਅਤੇ ਨਿਰਜਿੰਦ ਹੋਏ ਸਮਾਜ ਵਿੱਚ ਨਵੀਂ ਰੂਹ ਭਰ ਕੇ ਬਹਾਦਰ ਅਤੇ ਅਣਖੀਲਾ ਬਣਾ ਕੇ ਚਿੜੀਆਂ ਤੋਂ ਬਾਜ਼ ਤੁੜਵਾ ਕੇ ਦਿਖਾ ਦਿੱਤਾ। ਜਾਤ-ਪਾਤ ਦੀ ਦਲਦਲ ਵਿੱਚ ਫਸੇ ਹੋਏ ਸਮਾਜ ਵਿੱਚੋਂ ਪੰਜ ਪਿਆਰਿਆਂ - ਭਾਈ ਦਯਾ ਸਿੰਘ (ਖੱਤਰੀ), ਭਾਈ ਧਰਮ ਸਿੰਘ (ਜਟ), ਭਾਈ ਮੋਹਕਮ ਸਿੰਘ (ਛੀਂਬਾ), ਭਾਈ ਹਿੰਮਤ ਸਿੰਘ (ਝਿਉਰ) ਅਤੇ ਭਾਈ ਸਾਹਿਬ ਸਿੰਘ (ਨਾਈ) ਦੀ ਚੋਣ ਕਰਕੇ ਜਾਤੀ ਭੇਦ ਭਾਵ ਅਤੇ ਊਚ-ਨੀਚ ਨੂੰ ਖਤਮ ਕੀਤਾ। ਇੰਨਾ ਕੁਝ ਕਰਦਿਆਂ ਕਦੇ ਇਹ ਨਹੀਂ ਕਿਹਾ ਕਿ 'ਇਹ ਮੈਂ ਕੀਤਾ ਹੈ'। ਹਰੇਕ ਪ੍ਰਾਪਤੀ ਨੂੰ ਹਮੇਸ਼ਾ ਪ੍ਰਭੂ ਦੀ ਕ੍ਰਿਪਾ ਹੀ ਕਿਹਾ।

ਇਸ ਤਰ੍ਹਾਂ ਦੀ ਸੇਵਾ ਆਤੇ ਸਿਮਰਨ ਦਾ ਸੁਮੇਲ ਸੰਸਾਰ ਵਿੱਚ ਹੋਰ ਕਿਧਰੇ ਨਹੀਂ ਮਿਲਦਾ ਅਤੇ ਨਾ ਹੀ ਭਵਿੱਖ ਵਿੱਚ ਵੀ ਮਿਲ ਸਕਣ ਦੀ ਆਸ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਤਨ ਦੀ ਸੇਵਾ ਬਾਰੇ ਉਰਦੂ ਦੇ ਇੱਕ ਸ਼ਾਇਰ ਦੀ ਨਜ਼ਮ ਦੀ ਇਸ ਪੰਗਤੀ ਦਾ ਜ਼ਿਕਰ ਇੱਥੇ ਬੜਾ ਢੁਕਵਾਂ ਹੋਵੇਗਾ - 'ਗਰ ਨਾ ਹੋਤੇ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ'। ਇੰਝ ਹੀ ਉਨ੍ਹਾਂ ਦੀ ਮਨ ਦੀ ਸੇਵਾ ਦਾ ਜ਼ਿਕਰ ਕਰਦਿਆਂ ਉਰਦੂ ਦੇ ਇੱਕ ਸ਼ਾਇਰ ਨੇ ਲਿਖਿਆ ਹੈ - 'ਫਿਰ ਇਕ ਮਰਦੇ ਕਾਮਲ ਨੇ ਹਿੰਦ ਕੋ ਜਗਾਇਆ ਖ਼ਾਬ ਸੇ'। ਧੰਨ ਦੀ ਸੇਵਾ ਦੇ ਸੰਬੰਧ ਵਿੱਚ ਵੀ ਵੇਖੀਏ ਤਾਂ ਗੁਰੂ ਜੀ ਪਾਸ ਜਿੰਨਾ ਧੰਨ ਆਇਆ, ਉਨ੍ਹਾਂ ਨੇ ਮਜ਼ਲੂਮਾਂ ਦੀ ਰਾਖੀ ਉਤੇ ਖਰਚ ਕਰ ਦਿੱਤਾ। ਜ਼ਾਬਰਾਂ ਦਾ ਟਾਕਰਾ ਕਰਨ ਲਈ ਕਿਲ੍ਹੇ ਬਣਵਾਏ, ਘੋੜੇ ਤੇ ਹਥਿਆਰ ਖਰੀਦੇ। ਕੋਈ ਆਪਣੀ ਨਿੱਜੀ ਜਾਇਦਾਦ ਨਹੀਂ ਬਣਾਈ। ਧੰਨ ਹੈ ਗੁਰੂ ਗੋਬਿੰਦ ਸਿੰਘ ਅਤੇ ਧੰਨ ਹੈ ਉਸਦੀ ਘਾਲ ਕਮਾਈ।

# ਪੰਜਾਬ ਵਿਚ ਬੱਕਰੀਆਂ ਪਾਲਣ ਦਾ ਕਿੱਤਾ ਦਿਨੋਂ ਦਿਨ ਹਰਮਨ ਪਿਆਰਾ ਹੁੰਦਾ ਜਾ ਰਿਹਾ ਹੈ

**ਬਟਾਲਾ (ਨਰਿੰਦਰ ਬਰਨਾਲ)-** ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਦੇ ਨਾਲ ਸਹਾਇਕ ਧੰਦਿਆਂ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਯਤਨ ਰੰਗ ਲਿਆ ਰਹੇ ਹਨ ਅਤੇ ਬੱਕਰੀਆਂ ਪਾਲਣ ਦਾ ਕਿੱਤਾ ਦਿਨੋਂ ਦਿਨ ਹਰਮਨ ਪਿਆਰਾ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਗੁਰਦਾਸਪੁਰ, ਫਾਜ਼ਿਲਕਾ, ਫਿਰੋਜ਼ਪੁਰ, ਤਰਨਤਾਰਨ ਅਤੇ ਸ੍ਰੀ ਅਮ੍ਰਿਤਸਰ ਸਾਹਿਬ ਵਿਚ ਇਸ ਵੇਲੇ ਬੀਟਲ, ਜ਼ਮਨਾ ਪਾਰੀ, ਯੱਤਲ, ਪਹਾੜੀ, ਬਾਰਬਰੀ ਅਤੇ ਬੀਕਾਨੇਰੀ ਨਸਲ ਦੀਆਂ ਬੱਕਰੀਆਂ ਨੂੰ ਪਾਲਣ ਦਾ ਧੰਦਾ ਪੂਰੇ ਉਤਸ਼ਾਹ ਨਾਲ ਕੀਤਾ ਜਾ ਰਿਹਾ ਹੈ। ਬੱਕਰੀ ਪਾਲਣ ਧੰਦੇ ਬਾਰੇ ਜਾਣਕਾਰੀ ਦਿੰਦਿਆਂ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਅਰਵਿੰਦ ਸ਼ਰਮਾ ਨੇ ਦੱਸਿਆ ਕਿ ਪੰਜਾਬ ਵਿਚ ਪਾਲੀਆਂ ਜਾ ਰਹੀਆਂ ਬੱਕਰੀਆਂ ਦੀਆਂ ਕਿਸਮਾਂ ਹੁਣ ਸ਼ੌਂਕੀਆਂ ਤੌਰ ਤੇ ਹੀ ਨਹੀਂ ਬਲਕਿ ਕਈ ਕਿਸਮਾਂ ਤਾਂ ਚੰਗੀ ਆਮਦਨ ਦਾ ਸਰੋਤ ਸਾਬਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਈ ਬੱਕਰੀਆਂ ਦੀਆਂ ਨਸਲਾਂ ਦਿਨ ਵਿਚ 2 ਤੋਂ 4 ਕਿਲੋਗ੍ਰਾਮ ਤੱਕ ਦੁੱਧ ਵੀ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ 'ਚ ਜਿਆਦਾਤਰ ਪਾਈ ਜਾਂਦੀ ਬੀਟਲ ਕਿਸਮ ਦੀ ਬੱਕਰੀ ਦੇ ਦੁੱਧ ਵਿਚ ਕਾਫ਼ੀ ਤਰ੍ਹਾਂ ਦੇ ਸਿਹਤ ਲਈ ਲਾਭਦਾਇਕ ਪ੍ਰੋਟੀਨ ਹੁੰਦੇ ਹਨ, ਜਿਹੜੇ ਮਾਂ ਦੇ ਦੁੱਧ ਨਾਲ ਮੇਲ ਖਾਂਦੇ ਹਨ। ਉਨ੍ਹਾਂ ਕਿਹਾ ਕਿ ਬੀਟਲ ਕਿਸਮ ਦੀ ਬੱਕਰੀ ਦਾ ਦੁੱਧ ਡੇਅਰੀਆਂ ਤੇ ਵੀ ਪਹੁੰਚਣ ਲੱਗਿਆ ਹੈ ਅਤੇ ਇਹ ਦੁੱਧ 25 ਤੋਂ 30 ਰੁਪਏ ਕਿਲੋਗ੍ਰਾਮ ਤੱਕ ਵਿਕਣ ਲੱਗਿਆ ਹੈ। ਉਨ੍ਹਾਂ ਦੱਸਿਆ ਕਿ ਬੀਟਲ ਕਿਸਮ ਦੀ ਬੱਕਰੀ ਇਕ ਸਾਲ ਵਿਚ 4 ਨਗ ਬੱਚਿਆਂ ਦੇ ਦਿੰਦੀ ਹੈ, ਜਿੰਨ੍ਹਾਂ ਦੀ ਕੀਮਤ 3000 ਰੁਪਏ ਪ੍ਰਤੀ ਨਗ ਹੁੰਦੀ ਹੈ।

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ





**ਛਾਪਕ ਅਤੇ ਕਿਤਾਬ ਮਿਲਣ ਦਾ ਪਤਾ**

ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ
ਚੰਡੀਗੜ੍ਹ।
ਫੋਨ-01725077427
01725077428

ਡਾ. ਜਸਵੰਤ ਰਾਏ
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ ਸ਼ੇਰ ਗੜ੍ਹ ਰੋਡ
ਹੁਸ਼ਿਆਰਪੁਰ।
ਮੋਬਾ. 9815825999
ਮੋਬਾ. 9915040888


ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਞ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।

### ਕੁਝ ਸ਼ਬਦ

ਕਦੇ-ਕਦੇ ਕੋਈ ਕੰਮ ਘਟਨਾ ਜਾਂ ਵਿਚਾਰ ਕਿਸੇ ਵੱਡੇ ਕੰਮ ਦਾ ਸਬੱਬ ਬਣ ਜਾਂਦੇ ਹਨ। ਫਰਵਰੀ 2011 'ਚ ਹੁਸ਼ਿਆਰਪੁਰ ਵਿਚ ਹੋਏ ਸਮਾਗਮ 'ਚ ਸਟੇਜ ਸਕੱਤਰ ਡਾ. ਜਸਵੰਤ ਰਾਏ ਸਾਹਰੀ ਨਾਲ ਜਾਣ-ਪਛਾਣ ਮੌਕੇ ਮੁੱਖ ਮਹਿਮਾਨ ਪ੍ਰਸਿੱਧ ਸਾਹਿਤਕਾਰ ਸ. ਗੁਲਜ਼ਾਰ ਸਿੰਘ ਸੰਧੂ ਨੂੰ ਜਦੋਂ ਪਤਾ ਲੱਗਾ ਕਿ ਉਹ ਸਾਹਰੀ ਪਿੰਡ ਤੋਂ ਹੈ ਤਾਂ ਡਾ. ਜਸਵੰਤ ਰਾਏ ਦੇ ਗੋਡੀਂ ਹੱਥ ਲਾਉਣ ਲਈ ਅੱਗੇ ਹੋਏ। ਡਾ. ਜਸਵੰਤ ਰਾਏ ਨੇ ਸਤਿਕਾਰ ਵਜੋਂ ਰੋਕਦਿਆਂ ਆਪ ਉਨ੍ਹਾ ਦੇ ਪੈਰੀਂ ਹੱਥ ਲਾਏ। ਸ. ਗੁਲਜ਼ਾਰ ਸਿੰਘ ਸੰਧੂ ਬੋਲੇ- "ਓਏ ਕਾਕਾ ਮੈਂ ਤੇਰੇ ਗੋਡੇ ਹੱਥ ਤਾਂ ਲਾ ਰਿਹਾ ਬਈ ਤੂੰ ਉਸ ਮਿੱਟੀ 'ਚ ਪੈਦਾ ਹੋਇਆ ਜਿਸ ਮਿੱਟੀ ਨੇ ਏਡੇ ਵੱਡੇ ਗਦਰੀ ਯੋਧੇ ਬਾਬੂ ਹਰਨਾਮ ਸਿੰਘ ਨੂੰ ਜਾਣਿਆ। ਮੈਂ ਤਾਂ ਉਸ ਮਿੱਟੀ ਨੂੰ ਨਤਮਸਤਕ ਹੋ ਰਿਹਾਂ।"

ਪਾਕ-ਪਵਿੱਤਰ ਰੂਹ ਸ. ਗੁਲਜ਼ਾਰ ਸਿੰਘ ਸੰਧੂ ਦਾ ਗਦਰੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਨੂੰ ਇੰਝ ਅਕੀਦਤ ਭੇਟ ਕਰਨਾ ਡਾ. ਜਸਵੰਤ ਰਾਏ ਦੇ ਪੂਰੇ ਸਰੀਰ 'ਚ ਝਰਨਾਹਟਾਂ ਛੇੜ ਕੇ ਉੱਥਲ-ਪੁੱਥਲ ਪੈਦਾ ਕਰ ਗਿਆ ਜਿਸ ਦਾ ਨਤੀਜਾ ਇਹ ਕਿਤਾਬ ਤੁਹਾਡੇ ਹੱਥਾਂ 'ਚ ਹੈ। ਅੰਗਰੇਜ਼ ਸਰਕਰ ਦੀਆਂ ਖੁਫੀਆ ਫਾਈਲਾਂ 'ਚ ਬਾਬੂ ਹਰਨਾਮ ਸਿੰਘ ਨੂੰ 'ਬੰਬ ਮੇਕਰ' ਲਿਖਿਆ ਹੈ। ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਦੇ ਉਦੇਸ਼ ਉਤੇ ਚਲਦੇ ਹੋਏ ਭਾਰਤ ਮਾਤਾ ਦੀ ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਆਪਣੀ ਕੁਰਬਾਨੀ ਦੇਣ ਵਾਲੇ ਗਦਰੀ ਯੋਧੇ ਬਾਬੂ ਹਰਨਾਮ ਸਿੰਘ ਦੇ ਪਿੰਡ ਸਾਹਰੀ ਦੇ ਜੰਮਪਲ ਡਾ. ਜਸਵੰਤ ਰਾਏ ਨੇ ਬਰ੍ਹਮਾ ਦੇ ਜੰਗਲ 'ਚ ਜਾ ਰਹੇ ਬਾਬੂ ਹਰਨਾਮ ਸਿੰਘ, ਸੋਹਣ ਲਾਲ ਪਾਠਕ ਅਤੇ ਬਾਬੂ ਅਮਰ ਸਿੰਘ ਇੰਜੀਨੀਅਰ ਦਾ ਬਿਰਤਾਂਤ ਪੜ੍ਹਿਆ। ਘਣਾ ਜੰਗਲ, ਵਾਟਾਂ ਲੰਮੀਆਂ ਅਤੇ ਪਹਾੜ ਦਾ ਦੁਰਗਮ ਰਸਤਾ, ਜੋਕਾਂ, ਭੁੱਖਣ-ਭਾਣੇ, ਦੁੱਖ-ਤਕਲੀਫਾਂ 'ਚ ਵੀ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦੇ ਇਨ੍ਹਾਂ ਯੋਧਿਆਂ ਬਾਰੇ ਪੜ੍ਹ ਕੇ ਡਾ. ਜਸਵੰਤ ਰਾਏ ਦੀਆਂ ਭੁੱਬਾਂ ਨਿਕਲ ਗਈਆਂ ਅਤੇ ਉਸੇ ਦਿਨ ਉਸ ਨੇ ਪ੍ਰਣ ਕੀਤਾ ਕਿ ਬਾਬੂ ਜੀ ਅਸੀਂ ਤੁਹਾਨੂੰ ਜਿੰਦਾ ਰੱਖਾਂਗੇ। ਉਸਨੇ ਆਪਣੇ ਕੋਲੋਂ ਕਈ ਹਜ਼ਾਰ ਰੁਪਏ ਖਰਚ ਕਰਕੇ ਕਿਤਾਬਾਂ ਖਰੀਦੀਆਂ, ਜਾਣਕਾਰੀ ਦੇ ਹਰ ਸਰੋਤ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਉਹ ਵੀ ਬਿਨਾਂ ਕਿਸੇ ਦੇਸੀ ਜਾਂ ਵਿਦੇਸ਼ੀ ਸਹਾਇਤਾ ਦੇ ਅਤੇ ਸਾਬਤ ਕਰ ਦਿੱਤਾ ਕਿ ਦੇਸ਼ ਭਗਤਾਂ ਦੇ ਅਸਲੀ ਵਾਰਸ ਉਨ੍ਹਾਂ ਵਰਗੀ ਸੋਚ ਵਾਲੇ ਹੀ ਹੁੰਦੇ ਹਨ। ਖੂਨ ਦਾ ਰਿਸ਼ਤਾ ਬਹੁਤਾ ਮਾਇਨੇ ਨਹੀਂ ਰੱਖਦਾ।

ਹਿੰਦੋਸਤਾਨ ਦੇ ਸੁਤੰਤਰਤਾ ਸੰਗਰਾਮੀ ਇਤਿਹਾਸ ਨਾਲ ਇਕ ਦੁਖਾਂਤ ਵਾਪਰਿਆ। ਵਿਦੇਸ਼ੀ ਹਾਕਮਾਂ ਦੇ ਜੂਲੇ ਹੇਠੋਂ ਦੇਸ਼ ਨੂੰ ਕੱਢਣ ਲਈ ਹਥਿਆਰਬੰਦ ਘੋਲ ਲੜਨ ਵਾਲੇ ਇਨਕਲਾਬੀ ਸੂਰਮਿਆਂ ਦੇ ਰੋਲ ਨੂੰ ਇਤਿਹਾਸ ਦੀਆਂ ਕਿਤਾਬਾਂ 'ਚ ਜਾਂ ਤਾਂ ਬਿਲਕੁਲ ਘਟਾ ਕੇ ਪੇਸ਼ ਕੀਤਾ ਜਾਂ ਹਾਸ਼ੀਏ ਤੋਂ ਬਾਹਰ ਕੱਢ ਦਿੱਤਾ। ਪ੍ਰਚਾਰ ਕੀਤਾ ਗਿਆ ਕਿ ਖੜਗ ਅਤੇ ਢਾਲ ਬਿਨਾਂ ਸ਼ਾਂਤਮਈ ਅੰਦੋਲਨ ਰਾਹੀਂ ਆਜ਼ਾਦੀ ਹਾਸਲ ਕੀਤੀ ਹੈ। ਆਜ਼ਾਦੀ ਕੋਈ ਅਜਿਹਾ ਤੋਹਫਾ ਨਹੀਂ ਸੀ ਜਿਸ ਨੂੰ ਅੰਗਰੇਜ਼ ਸਾਨੂੰ ਪਲੇਟ 'ਚ ਰੱਖ ਕੇ ਦੇ ਕੇ ਗਏ ਸਨ। ਇਹ ਹਰ ਧਰਮ, ਜਾਤ, ਰੰਗ, ਇਲਾਕੇ ਦੇ ਭੇਦ ਤੋਂ ਬਿਨਾਂ ਦੇਸ਼ ਦੀ ਆਜ਼ਾਦੀ ਲਈ ਜੂਝੇ ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਦਾ ਮੁੱਲ ਸੀ। ਜਦੋਂ ਸਰਕਾਰ ਜਾਂ ਸਬੰਧਤ ਸੰਸਥਾਵਾਂ ਵੱਲੋਂਆਜ਼ਾਦੀ ਦੀ ਲੱਗਭੱਗ ਪੌਣੀ ਸਦੀ ਬੀਤਣ ਤੱਕ ਵੀ ਗਦਰੀ ਸ਼ਹੀਦ ਬਾਬੂ ਹਰਨਾਮ ਸਿੰਘ ਤੇ ਹਜ਼ਾਰਾਂ ਇਨਕਲਾਬੀ ਦੇਸ਼ ਭਗਤਾਂ ਬਾਰੇ ਖੋਜ ਕਾਰਜ ਨਹੀਂ ਕਰਵਾਏ ਤਾਂ ਡਾ. ਜਸਵੰਤ ਰਾਏ ਦੀ ਮਿਹਨਤ ਦੀ ਸਾਰਥਕਤਾ ਬਹੁਤ ਵੱਧ ਹੈ।


– ਸੀਤਾ ਰਾਮ ਬਾਂਸਲ

ਖੇਤੀਬਾੜੀ ਉਪਜ ਦੇ ਘੱਟ ਭਾਅ, ਚੀਜ਼ਾਂ ਅਤੇ ਜ਼ਮੀਨਾਂ ਤੇ ਵੱਧ ਕਰ, ਅੰਗਰੇਜ਼ੀ ਸਰਕਾਰ ਦੀ ਸਥਾਨਕ ਧੰਦਿਆਂ ਨੂੰ ਤਬਾਹ ਕਰਨ ਦੀ ਨੀਤੀ, ਭੁੱਖਮਰੀ ਅਤੇ ਮਹਾਂਮਾਰੀਆਂ ਹੱਥੋਂ ਬੇਰੁਜ਼ਗਾਰ ਹੋਏ ਲੋਕਾਂ ਨੇ ਰੋਜ਼ੀ-ਰੋਟੀ ਲਈ ਵਿਦੇਸ਼ਾਂ 'ਚ ਜਾਣਾ ਸ਼ੁਰੂ ਕੀਤਾ। ਰਸਾਲੇ 'ਚ ਨੌਕਰੀ ਕਰਦਿਆਂ ਬਾਬੂ ਹਰਨਾਮ ਸਿੰਘ ਨੂੰ ਆਜ਼ਾਦੀ, ਸੇਵਾ ਅਤੇ ਕੁਰਬਾਨੀ ਦੀ ਪਾਣ ਉਥੇ ਨੌਕਰੀ ਕਰਦੇ ਪੂਰਨ ਗੁਰਸਿੱਖ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਚੜ੍ਹਾਈ ਸੀ। ਰਸਾਲੇ ਦੀ ਨੌਕਰੀ ਛੱਡ ਕੇ ਪਹਿਲਾਂ ਬਾਬੂ ਹਰਨਾਮ ਸਿੰਘ ਬਰ੍ਹਮਾ ਗਏ ਤੇ ਹਾਂਗਕਾਂਗ 'ਚ ਦੀ ਟਰਾਮ ਕੰਪਨੀ 'ਚ ਕੰਮ ਕਰਦੇ ਰਹੇ। ਉਥੋਂ ਅੱਗੇ ਕੈਨੇਡਾ ਜਾ ਪਹੁੰਚੇ। ਕੈਨੇਡਾ ਅਤੇ ਅਮਰੀਕਾ 'ਚ ਰਹਿੰਦਿਆਂ ਆਪ ਪੜ੍ਹੇ ਤੇ ਵਤਨੀਂ ਭਰਾਵਾਂ ਨੂੰ ਪੜ੍ਹਾਇਆ।

ਕੈਨੇਡਾ ਅਤੇ ਅਮਰੀਕਾ ਵਾਲਿਆਂ ਨੇ ਗੁਲਾਮ ਦੇਸ਼ ਦੇ ਵਾਸੀ ਹੋਣ ਕਰਕੇ ਭਾਰਤੀਆਂ ਨੂੰ 'ਡੈਮ ਹਿੰਦੂ ਸਲੇਵ' ਕਿਹਾ, ਇਨ੍ਹਾਂ 'ਤੇ ਹਮਲੇ ਕੀਤੇ। ਕੈਨੇਡਾ, ਅਮਰੀਕਾ 'ਚ ਇਹਨਾਂ ਦਾ ਦਾਖਲਾ ਬੰਦ ਕਰਨ ਲਈ ਕਾਨੂੰਨ ਬਣਾਏ। ਗੁਲਾਮ ਜ਼ਿਹਨੀਅਤ ਛੱਡ ਕੇ ਆਜ਼ਾਦ ਖਿਆਲਾਂ ਵਾਲੇ ਬਣਨ ਤੱਕ ਅਤੇ ਫਿਰ ਦੇਸ਼-ਭਗਤ ਬਣਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਬਣਾਉਣ 'ਚ ਇਹਨਾਂ ਤਾਹਨੇ-ਮਿਹਣਿਆਂ ਦਾ ਬਹੁਤ ਵੱਡਾ ਰੋਲ ਸੀ।

ਕੈਨੇਡਾ ਸਰਕਾਰ ਦੀ ਬਰਤਾਨਵੀ ਸੂਹੀਏ ਵਿਲੀਅਮ ਹਾਪਕਿਨਸਨ ਦੀ ਮਦਦ ਨਾਲ ਸਭ ਹਿੰਦੀਆਂ ਨੂੰ ਬ੍ਰਿਟਿਸ਼ ਸਰਕਾਰ ਨੇ ਹਾਂਡੂਰਸ ਟਾਪੂ 'ਤੇ ਭੇਜਣ ਦਾ ਯਤਨ ਕੀਤਾ ਜੋ ਖਾਲਸਾ ਦੀਵਾਨ ਸੁਸਾਇਟੀ ਨੇ ਅਸਫਲ ਬਣਾ ਦਿੱਤਾ। ਬਾਬੂ ਹਰਨਾਮ ਸਿੰਘ ਆਗੂਆਂ 'ਚੋਂ ਸੀ।

ਸਰਕੂਲਰ-ਏ-ਆਜ਼ਾਦੀ,ਗੈਲਿਕ ਅਮੈਰਿਕਨ, ਇੰਡੀਅਨ ਸੋਸ਼ਿਓਲੋਜਿਸਟ, ਫਰੀ ਹਿੰਦੋਸਤਾਨ, ਸਵਦੇਸ਼ ਸੇਵਕ, ਵੰਦੇ ਮਾਤਰਮ, ਤਲਵਾਰ, ਪਰਦੇਸੀ ਖਾਲਸਾ, ਆਰੀਅਨ ਪੱਤਰਾਂ ਨੇ ਰਾਸ਼ਟਰਵਾਦ ਪ੍ਰਵਾਸੀਆਂ ਦੀਆਂ ਸਮੱਸਿਆਵਾਂ, ਬੁਰੀਆਂ ਆਦਤਾਂ ਤੋਂ ਛੁਟਕਾਰੇ ਅਤੇ ਅੰਗਰੇਜ਼ਾਂ ਦੇ ਗੁਲਾਮ ਹੋਣ ਦਾ ਅਹਿਸਾਸ ਕਰਾਉਣ ਅਤੇ ਇਸ ਤੋਂ ਨਿਜਾਤ ਪਾਉਣ ਲਈ ਲੋਕਾਂ 'ਚ ਜਾਗ੍ਰਿਤੀ ਪੈਦਾ ਕਰਕੇ ਅਤੇ ਸੰਗਠਿਤ ਹੋ ਕੇ ਲੜਨ ਦਾ ਹੋਕਾ ਦੇ ਗਦਰ ਲਹਿਰ ਦਾ ਆਧਾਰ ਤਿਆਰ ਕੀਤਾ। ਰਾਮ ਨਾਥ ਪੁਰੀ, ਜਾਰਜ ਫਰੀਮੈਨ, ਸ਼ਿਆਮਾ ਜੀ ਕ੍ਰਿਸ਼ਨ ਵਰਮਾ, ਤਾਰਕਨਾਥ ਦਾਸ, ਮੈਡਮ ਭੀਖਾ ਜੀ ਕਾਮਾ, ਜੀ. ਡੀ. ਕੁਮਾਰ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਜਾਗ੍ਰਿਤੀ ਫੈਲਾਉਣ ਵਾਲਿਆਂ 'ਚੋਂ ਪ੍ਰਮੁੱਖ ਸਨ।

ਕੈਨੇਡਾ ਵਿਚ ਸਭ ਤੋਂ ਪਹਿਲਾ ਪਰਚਾ 'ਸਵਦੇਸ਼ ਸੇਵਕ' ਬਾਬੂ ਹਰਨਾਮ ਸਿੰਘ ਸਾਹਰੀ ਤੇ ਜੀ. ਡੀ. ਕੁਮਾਰ ਨੇ ਰਲ ਕੇ ਕੱਢਿਆ। ਇਹ ਪੰਜਾਬੀ ਪਰਚਾ ਹੱਥਾਂ ਨਾਲ ਲਿਖਿਆ ਹੁੰਦਾ ਸੀ। ਇਸ ਪਰਚੇ ਦੀ ਕੀਮਤ 10 ਸੈਂਟ ਅਤੇ ਸਾਲ ਦਾ ਚੰਦਾ ਇਕ ਡਾਲਰ ਸੀ। ਇਹ ਅਖਬਾਰ ਕੱਢਣ ਦੇ ਉਦੇਸ਼ ਬਾਰੇ ਉਨ੍ਹਾਂ ਲਿਖਿਆ-

'ਜਦੋਂ ਤੋਂ ਅਸੀਂ ਸਵਦੇਸ਼ ਸੇਵਕ ਪਰਚੇ ਨੂੰ ਸ਼ੁਰੂ ਕੀਤਾ ਹੈ ਸਾਡੀ ਦਿਲੀ ਮਨਸ਼ਾ ਇਹ ਰਹੀ ਹੈ ਕਿ ਇਹ ਨਿਕਾਲਣਾ ਸਾਡਾ ਨਿੱਜ ਕਾ (ਆਪਣਾ) ਨਾ ਸਮਝਿਆ ਜਾਵੇ ਬਲਕਿ ਸਾਰੇ ਦੇਸ਼ (ਹਿੰਦੁਸਤਾਨ ਵਾਸੀ ਸਭ ਹਿੰਦੂ, ਮੁਸਲਮਾਨ, ਮੋਨੇ ਅਤੇ ਸਿੱਖਾਂ ਤੇ ਖੱਤਰੀ) ਦਾ ਸਾਂਝਾ ਸਮਝਿਆ ਜਾਵੇ। ਆਪਣੇ ਆਪਣੇ ਪੇਟ ਦੇ ਵਾਸਤੇ, ਆਪਣੇ ਆਪਣੇ ਨਫੇ 'ਤੇ ਮਤਲਬ ਦੇ ਵਾਸਤੇ ਤਾਂ ਅਸੀਂ ਸਾਰੇ ਹੀ ਕੰਮ ਕਰਦੇ ਹਾਂ। ਮਗਰ ਦੇਸ਼ ਦਾ ਸਾਂਝਾ ਫਿਕਰ ਅਸੀਂ ਬਹੁਤ ਹੀ ਘੱਟ ਕਰਦੇ ਹਾਂ। ਜਾਂ ਤਾਂ ਅਸੀਂ ਕਰਨ ਦੇ ਆਯੋਗ ਹਾਂ ਜਾਂ ਕਰਨਾ ਚਾਹੁੰਦੇ ਹੀ ਨਹੀਂ! ਐਸੇ ਹਾਲਾਤ ਵਿਚ ਮੇਰੇ ਜੈਸੇ ਮਾਮੂਲੀ ਆਦਮੀ ਦਾ ਦੇਸ਼ ਦੇ ਵਾਸਤੇ ਕੁਝ ਨਾ ਕੁਝ ਕੰਮ ਕਰਨਾ ਅਤੇ ਉਸ ਕੰਮ ਦੇ ਕਰਨ ਵਿਚ ਕਈ ਤਰ੍ਹਾਂ ਦੇ ਦੁੱਖਾਂ ਦਾ ਸਹਿਣਾ ਅਤੇ ਉਸ ਵਿਚ ਸਾਡੇ ਆਪਣੇ ਦੇਸ਼-ਭਾਈਆਂ ਦੇ ਵੱਲੋਂ ਕੁਝ ਮੱਦਦ ਦੇਣ ਦੀ ਜਗ੍ਹਾ ਉਲਟਾ ਵਿਘਨ ਪਾਉਣੇ ਅੱਛੇ ਕੰਮ ਨੂੰ ਸਿਰੇ ਚਾੜ੍ਹਨ ਦੀ ਜਗ੍ਹਾ ਕੰਮ ਨੂੰ ਖਰਾਬ ਕਰਦਾ ਹੈ ਅਤੇ ਸਾਡੇ ਹੌਸਲੇ ਨੂੰ ਨੀਚੇ ਗਿਰਾਉਂਦਾ ਹੈ। ਤਾਂ ਵੀ ਸਤਿਗੁਰੂ ਦੀ ਕਿਰਪਾ ਨਾਲ ਆਪਣੀ ਛੋਟੀ ਬੁੱਧੀ ਦੇ ਅਨੁਸਾਰ ਅਸੀਂ ਇਸ ਅੱਛੇ ਕੰਮ ਨੂੰ ਦਿਲ ਤੇ ਜਾਨ ਨਾਲ ਨਿਭਾਉਂਦੇ ਜਾਵਾਂਗੇ ਅਤੇ ਆਪਣੇ ਦੇਸ਼ ਭਾਈਆਂ ਤੋਂ ਵੀ ਪੂਰਨਾ ਕਰਦੇ ਰਹਾਂਗੇ ਕਿ ਉਹ ਸਾਡੇ ਇਸ ਕੰਮ ਵਿਚ ਸਹਾਇਤਾ ਦਿੰਦੇ ਰਹਿਣ।' ਕੈਨੇਡਾ ਵਿਚ ਸਭ ਤੋਂ ਪਹਿਲਾਂ ਭਾਰਤੀਆਂ ਲਈ ਵੋਟ ਦਾ ਹੱਕ ਬਾਬੂ ਹਰਨਾਮ ਸਿੰਘ ਨੇ ਇਸ ਅਖਬਾਰ ਰਾਹੀਂ ਮੰਗਿਆ।

23 ਅਕਤੂਬਰ 1910 ਨੂੰ ਵੈਨਕੂਵਰ ਵਿਚ ਹਿੰਦੋਸਤਾਨੀਆਂ ਦੇ ਵੱਡੇ ਇਕੱਠ 'ਚ 'ਹਿੰਦੋਸਤਾਨੀ ਐਸੋਸੀਏਸ਼ਨ' ਦੀ ਨਿਯਮਾਂਵਲੀ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦਾ ਉਦੇਸ਼ ਸੀ- 'ਹਿੰਦੋਸਤਾਨ ਦੀ ਦੁਨੀਆ ਦੇ ਬਾਕੀ ਮੁਲਕਾਂ ਨਾਲ ਸੁਤੰਤਰਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਸਥਾਪਤ ਕਰਨਾ।' ਇਹ ਸੋਚ ਫਰਾਂਸੀਸੀ ਕ੍ਰਾਂਤੀਕਾਰੀਆਂ ਤੋਂ ਲਈ ਗਈ ਸੀ। ਇਸ ਜਥੇਬੰਦੀ ਦਾ ਮੈਂਬਰ ਬਣਨ ਲਈ ਪ੍ਰਮੁੱਖ ਸ਼ਰਤ ਸੀ ਕਿ ਉਹ ਆਪਣੇ ਅੰਦਰੋਂ ਜਾਤ, ਰੰਗ ਅਤੇ ਨਸਲ ਦਾ ਭੇਦ ਖਤਮ ਕਰੇਗਾ। ਇਹੀ ਨਿਯਮ ਗਦਰ ਪਾਰਟੀ ਨੇ ਅਪਣਾਏ। ਬਾਬੂ ਹਰਨਾਮ ਸਿੰਘ ਸਾਹਰੀ ਹਿੰਦੋਸਤਾਨੀ ਐਸੋਸੀਏਸ਼ਨ ਦੇ ਉੱਸਰਈਏ ਆਗੂਆਂ 'ਚੋਂ ਮੋਹਰੀ ਸਨ।

ਪੜ੍ਹਾਈ ਨਾਲ ਬਾਬੂ ਹਰਨਾਮ ਸਿੰਘ ਦਾ ਖਾਸ ਮੋਹ ਸੀ। ਕੈਨੇਡਾ ਅਤੇ ਅਮਰੀਕਾ 'ਚ ਉਹ ਆਪ ਪੜ੍ਹੇ, ਹਿੰਦੋਸਤਾਨੀਆਂ ਦੇ ਡੇਰਿਆਂ 'ਤੇ ਜਾ ਕੇ ਭਾਸ਼ਣਾਂ ਨਾਲ ਉਨ੍ਹਾਂ ਨੂੰ ਜਾਗ੍ਰਿਤ ਕਰਦੇ ਰਹੇ। ਵੈਨਕੂਵਰ ਦੇ ਸਵਦੇਸ਼ ਸੇਵਕ ਹੋਮ 'ਚ ਸ਼ਾਮ ਸਮੇਂ ਹਿੰਦੀ ਵੀਰਾਂ ਨੂੰ ਦੋ ਘੰਟੇ ਮੁਫਤ ਪੜ੍ਹਾਉਂਦੇ ਸਨ। ਅਮਰੀਕਾ 'ਚ ਵੀ ਅਜਿਹਾ ਸਕੂਲ ਸ਼ੁਰੂ ਕੀਤਾ ਸੀ। ਹਿੰਦੋਸਤਾਨ ਵਿਚਲੇ ਖਾਲਸਾ ਸਕੂਲਾਂ ਦੀ ਉਸਾਰੀ ਲਈ ਧਨ ਇਕੱਠਾ ਕਰਕੇ ਭੇਜਣ 'ਚ ਵਿੱਦਿਆ ਦਾਨੀ ਬਾਬੂ ਹਰਨਾਮ ਸਿੰਘ ਦਾ ਉੱਘਾ ਰੋਲ ਸੀ।

ਆਰਥਿਕ ਮੰਦਹਾਲੀ ਦੇ ਸਾਲਾਂ 'ਚ ਲੱਕੜ ਮਿੱਲਾਂ ਦੇ ਮਾਲਕ ਅਤੇ ਹੋਰ ਠੇਕੇਦਾਰ ਸਥਾਨਕ ਗੋਰਿਆਂ ਨੂੰ ਮਹਿੰਗੇ ਹੋਣ ਕਰਕੇ ਕੰਮ ਤੋਂ ਹਟਾ ਕੇ ਚੀਨੇ, ਜਪਾਨੀ, ਯੂਰਪੀ ਅਤੇ ਹਿੰਦੋਸਤਾਨੀ ਕਾਮਿਆਂ ਨੂੰ ਘੱਟ ਤਨਖਾਹ 'ਤੇ ਕੰਮ 'ਤੇ ਰੱਖ ਲੈਂਦੇ ਸਨ। ਖਿਝੇ ਹੋਏ ਗੋਰਿਆਂ ਨੇ ਕੈਨੇਡਾ ਅਤੇ ਅਮਰੀਕਾ 'ਚ ਹਿੰਦੋਸਤਾਨੀਆਂ ਤੇ ਸਮੂਹਿਕ ਜਾਨ ਲੇਵਾ ਹਮਲੇ ਕੀਤੇ। ਕੈਨੇਡਾ ਦੇ ਗੋਰੇ ਹਾਕਮ ਅੰਗਰੇਜ਼ ਹੋਣ ਦੇ ਨਾਤੇ ਉਥੋਂ ਦੇ ਮੂਲ ਵਸਨੀਕਾਂ ਦਾ ਘਾਣ ਕਰਕੇ ਉਥੇ ਕਾਬਜ਼ ਹੋਏ ਸਨ। ਉਹ ਕਾਲੇ ਲੋਕਾਂ ਦੇ ਆਗਮਨ ਅਤੇ ਫਿਰ ਉਹਨਾਂ ਦੇ ਇੱਥੇ ਰਹਿ ਕੇ ਆਪਣੀ ਮਿਹਨਤ, ਸਿਰੜ ਤੇ ਯੋਗਤਾ ਦੇ ਬਲਬੂਤੇ ਚੰਗਾ ਸਥਾਨ ਬਣਾ ਲੈਣ ਨੂੰ ਭਲਾ ਕਿਵੇਂ ਸਹਿਣ ਕਰ ਸਕਦੇ ਸਨ। ਉਹਨਾਂ ਆਪਣੇ ਘਿਨਾਉਣੇ ਮਨਸੂਬਿਆਂ ਨੂੰ ਨੇਪਰੇ ਚਾੜ੍ਹਨ ਲਈ ਏਸ਼ੀਅਨ ਐਕਸਕਲਿਊਜਨ ਲੀਗ ਦੀ ਸਥਾਪਨਾ ਕੀਤੀ ਜਿਸ ਦਾ ਮੁੱਖ ਮਕਸਦ ਇਸ ਨੇ ਏਸ਼ੀਆਈ ਲੋਕਾਂ ਨੂੰ ਬਾਹਰ ਕੱਢਣਾ ਸੀ। ਗੋਰੀ ਹਕੂਮਤ ਇਸ ਲੀਗ ਦੀ ਡੱਟ ਕੇ ਹਮਾਇਤ ਕਰ ਰਹੀ ਸੀ। ਇਸ ਦਾ ਟਾਕਰਾ ਕਰਨ ਲਈ ਹੀ 'ਹਿੰਦੋਸਤਾਨੀ ਐਸੋਸੀਏਸ਼ਨ ਆਫ ਵੈਨਕੂਵਰ' ਦਾ ਗਠਨ ਹੋਇਆ ਸੀ। ਹਿੰਦੋਸਤਾਨੀਆਂ 'ਤੇ ਹਮਲਿਆਂ ਦਾ ਵੱਡਾ ਕਾਰਨ ਇਨ੍ਹਾਂ ਦਾ ਖੁਸ਼ਹਾਲ ਹੋ ਜਾਣਾ ਵੀ ਸੀ। ਕੈਨੇਡਾ ਵਿਚ ਉਹ ਵੱਡੇ-ਵੱਡੇ ਫਾਰਮ, ਡੇਅਰੀਆਂ ਅਤੇ ਕਈ-ਕਈ ਮਕਾਨਾਂ ਦੇ ਮਾਲਕ ਬਣ ਗਏ ਸਨ। ਇਕੱਲੇ ਵੈਨਕੂਵਰ ਸ਼ਹਿਰ ਦੀ ਚੌਥਾ ਹਿੱਸਾ ਜ਼ਮੀਨ ਹਿੰਦੋਸਤਾਨੀਆਂ ਨੇ ਖਰੀਦ ਲਈ ਸੀ। ਲੱਕੜੀ ਮਿੱਲਾਂ ਅਤੇ ਹੋਰ ਧੰਦਿਆਂ ਵਿਚ ਹਿੱਸਾ ਸੀ। ਰੀਅਲ ਐਸਟੇਟ, ਸੋਨੇ ਦੀਆਂ ਖਾਣਾਂ ਵਿਚ ਹਿੱਸੇਦਾਰੀ ਸੀ। ਅਮਰੀਕਾ ਵਿਚ ਬਾਬਾ ਸੋਹਣ ਸਿੰਘ ਭਕਨਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਹਿੰਦੀ ਬ੍ਰਦਰਜ਼ ਕੰਪਨੀ ਬਣਾ ਕੇ ਹਿੰਦੋਸਤਾਨ ਤੋਂ ਪਿੱਤਲ ਦੇ ਸਮਾਨ ਦਾ ਜਹਾਜ਼ ਭਰਕੇ ਅਮਰੀਕਾ ਮੰਗਵਾਇਆ ਸੀ। ਉਹ ਸਮਾਨ ਬਾਬਾ ਭਕਨਾ ਹੁਰਾਂ ਨੂੰ ਬਹੁਤ ਖੱਜਲ-ਖੁਆਰੀ ਮਗਰੋਂ ਦਿੱਤਾ ਗਿਆ। ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਦੇ ਬਾਬੂ ਹਰਨਾਮ ਸਿੰਘ ਹਿੱਸੇਦਾਰ ਤੇ ਮਗਰੋਂ ਮੈਨੇਜਰ ਬਣੇ ਤੇ ਕੰਪਨੀ ਦੇ ਕੰਮ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਗੁਰੂ ਨਾਨਕ ਜਹਾਜ਼ ਕੰਪਨੀ ਬਣਾ ਕੇ 376 ਮੁਸਾਫਰ ਲੈ ਕੇ ਕੈਨੇਡਾ ਪਹੁੰਚਣਾ- ਇਹ ਸਾਰੇ ਕਾਰਨ ਸਨ ਸਥਾਨਕ ਪੂੰਜੀਪਤੀਆਂ ਨੂੰ ਟੱਕਰ ਦੇਣ ਦੇ ਅਤੇ ਇਹ ਕਾਰਨ ਹਿੰਦੋਸਤਾਨੀਆਂ ਵਿਰੁੱਧ ਤੇਜ਼ੀ ਨਾਲ ਵਾਪਰੀਆਂ ਘਟਨਾਵਾਂ ਦੇ ਸਬੱਬ ਸਨ।

ਕਾਮਾਗਾਟਾਮਾਰੂ ਜਹਾਜ਼ ਕੈਨੇਡਾ ਲੈ ਕੇ ਜਾਣ ਪਿੱਛੇ ਕੈਨੇਡਾ ਸਰਕਾਰ ਦੀ ਰੰਗ ਭੇਦ ਨੀਤੀ ਦਾ ਸਾਰੇ ਸੰਸਾਰ 'ਚ ਭਾਂਡਾ ਭੰਨਣਾ ਸੀ। ਵੈਨਕੂਵਰ ਸਮੁੰਦਰ 'ਚ ਖੜ੍ਹੇ ਕਾਮਾਗਾਟਾਮਾਰੂ ਦੇ ਯਾਤਰੂਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਇਹਨਾਂ ਯਾਤਰੀਆਂ ਨੂੰ ਪਿਸਤੌਲ ਮੁਹੱਈਆ ਕਰਾਉਣ ਲਈ ਅਮਰੀਕਾ ਦਾ ਸ਼ਹਿਰ ਸੁਮਾਸ 'ਚ ਪਿਸਤੌਲ ਖਰੀਦਣ ਗਏ ਬਾਬੂ ਹਰਨਾਮ ਸਿੰਘ, ਭਾਈ ਭਾਗ ਸਿੰਘ ਭਿੱਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਭਾਈ ਮੇਵਾਸਿੰਘ ਲੋਪੋਕੇ (ਸਾਰੇ ਸ਼ਹੀਦ) ਫੜੇ ਗਏ ਸਨ। ਯਾਤਰੀਆਂ ਦੀ ਮਦਦ ਲਈ ਬਣਾਈ 'ਸ਼ੋਅਰ ਕਮੇਟੀ'ਦੇ ਬਾਬੂ ਹਰਨਾਮ ਸਿੰਘ ਸਰਗਰਮ ਤੇ ਸਰਕਰਦਾ ਮੈਂਬਰ ਸਨ।

ਬਾਬੂ ਹਰਨਾਮ ਸਿੰਘ ਸਾਹਰੀ ਨੂੰ ਸ਼ਰਫ ਹਾਸਲ ਹੈ ਕਿ ਗਦਰ ਲਹਿਰ ਦਾ ਮੁੱਢ ਬੰਨ੍ਹਣ ਵਾਲੀ ਅਮਰੀਕਾ ਵਿਚਲੀ ਜਥੇਬੰਦੀ 'ਹਿੰਦੋਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਪੋਰਟਲੈਂਡ ਵਿਚ ਇਨ੍ਹਾਂ ਦੀ ਸਲਾਹ ਨਾਲ ਬਣਾਈ ਗਈ। ਅਣਜਾਣ ਇਤਿਹਾਸਕਾਰ ਗਦਰ ਪਾਰਟੀ ਦੀ ਸਥਾਪਨਾ ਨੂੰ ਇਕ ਵਿਅਕਤੀ ਦੇ ਦਿਮਾਗ ਦੀ ਕਾਢ ਮੰਨ ਲੈਂਦੇ ਹਨ। ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੇ ਨਿਵਾਸ ਸਥਾਨ (ਪਿੰਡ ਭਕਨਾ ਕਲਾਂ, ਅੰਮ੍ਰਿਤਸਰ) ਵਿਚ ਇਕ ਸ਼ਿਲਾਲੇਖ ਤੇ ਗਦਰ ਪਾਰਟੀ ਦੀ ਰੂਪਰੇਖਾ ਪ੍ਰਸਤੁਤ ਕੀਤੀ ਹੈ-

'ਦੇਸ਼ ਨੂੰ ਪੂਰਨ ਆਜ਼ਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਵਾਲੀ ਪਹਿਲੀ ਪਰਟੀ ਕਿਹੜੀ ਹੈ? ਗਦਰ ਪਾਰਟੀ ਜਿਹੜੀ 1913 ਨੂੰ ਅਮਰੀਕਾ ਵਿਚ ਹਿੰਦੀ ਮਿਹਨਤਕਸ਼ਾਂ, ਹਿੰਦੀ ਜਲਾਵਤਨ ਦੇਸ਼ ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ ਮਿਲਵੀਂ ਕੋਸ਼ਿਸ਼ ਦੇ ਸਿੱਟੇ ਵਜੋਂ ਹੋਂਦ ਵਿਚ ਆਈ।

ਜਿਸ ਨੇ ਗੁਲਾਮੀ ਦੇ ਖਿਲਾਫ ਤੇ ਆਜ਼ਾਦੀ ਦੇ ਹੱਕ ਵਿਚ ਝੰਡਾ ਚੁੱਕਿਆ ਤੇ ਸੈਂਕੜੇ ਸ਼ਹੀਦਾਂ ਦੀ ਕੁਰਬਾਨੀ ਦਿੱਤੀ। ਸੈਂਕੜੇ ਦੇਸ਼ ਭਗਤ ਕਾਲੇ ਪਾਣੀ ਦੇ ਕੁੰਭੀ ਨਰਕ ਵਿਚ ਉਮਰਾਂ ਲਈ ਸੁੱਟੇ ਗਏ। ਗਦਰ ਪਾਰਟੀ ਨੂੰ ਪੂਰਨ ਕਾਮਯਾਬੀ ਤੇ ਨਾ ਹੋਈ, ਪਰ ਪਾਰਟੀ ਨੇ ਗੁਲਾਮੀਦੇ ਅਸਰ ਨਾਲ ਨਿਢਾਲ ਹੋਈ ਹਿੰਦੋਸਤਾਨੀ ਜਨਤਾ ਦੇ ਖੂਨ ਵਿਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ।

ਜਿਸ ਦਾ ਸਿੱਟਾ ਸਾਡੇ ਸਾਹਮਣੇ ਹੈ- ਤਾਰੀਖ ਵਿਚ ਵਰਤਮਾਨ ਤੇ ਆਉਣ ਵਾਲੀਆਂ ਨਸਲਾਂ ਲਈ ਆਜ਼ਾਦੀ ਦੇ ਕਾਂਡ ਦਾ ਵਾਧਾ ਕਰ ਦਿੱਤਾ ਹੈ।

ਬਾਬੂ ਹਰਨਾਮ ਸਿੰਘ ਸਾਹਰੀ ਨੇ ਗਦਰ ਅਖਬਾਰ 'ਚ ਲੇਖ ਲਿਖੇ, ਕਾਰਟੂਨਾਂ ਰਾਹੀਂ ਅੰਗਰੇਜ਼ੀ ਹਕੂਮਤ ਤੇ ਵਾਰ ਕੀਤੇ। ਪਾਰਟੀ ਦੇ ਹੁਕਮ ਮੰਨਦਿਆਂ ਬਰ੍ਹਮਾ ਤੇ ਸਿਆਮ (ਹੁਣ ਥਾਈਲੈਂਡ) 'ਚ ਗਦਰੀ ਇਨਕਲਾਬੀ ਪਲੈਨ ਨੇਪਰੇ ਚਾੜ੍ਹਨ ਲਈ ਆਪਣੇ ਸਾਥੀਆਂ ਨਾਲ ਸਰਗਰਮ ਹੋ ਗਏ। ਇੱਥੇ ਗਦਰੀਆਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦਿੱਤੀ ਜਾਣੀ ਸੀ, ਹਥਿਆਰ ਇਕੱਠੇ ਕਰਨੇ ਸਨ ਤੇ ਫਿਰ ਪੂਰੀ ਤਿਆਰੀ ਨਾਲ ਹਿੰਦੋਸਤਾਨ 'ਤੇ ਚੜ੍ਹਾਈ ਕਰਕੇ ਵਿਦੇਸ਼ੀ ਹੁਕਮਰਾਨਾਂ ਨੂੰ ਇੱਥੋਂ ਕੱਢਣਾ ਸੀ। ਸਾਥੀਆਂ ਸਮੇਤ ਫੜੇ ਗਏ ਅਤੇ ਮੁਕੱਦਮਾ ਚਲਾ ਕੇ ਛੇ ਹੋਰ ਸਾਥੀਆਂ ਨਾਲ ਮਾਂਡਲੇ ਦੀ ਜੇਲ੍ਹ 'ਚ ਫਾਂਸੀ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ।

ਆਪਣਾ ਆਪ ਦੇਸ਼ ਸੇਵਾ 'ਚ ਸਮਰਪਿਤ ਕਰਨ ਲਈ ਆਪਣੇ ਪਿਤਾ ਨੂੰ ਚਿੱਠੀ ਲਿਖ ਕੇ ਇਹ ਯੋਧਾ ਕਹਿੰਦਾ ਹੈ ਕਿ ਉਸ ਦੀ ਪਤਨੀ ਰਾਅ ਕੌਰ ਦਾ ਜਿੱਥੇ ਚੰਗਾ ਚਾਹੇ ਆਪਣੇ ਹੱਥੀਂ ਕਾਰਜ ਕਰ ਦੇਵੇ।

ਕੈਨੇਡਾ ਅਤੇ ਅਮਰੀਕਾ ਸਰਕਾਰਾਂ ਨੇ ਇਨਕਲਾਬੀ ਗਤੀਵਿਧੀਆਂ ਕਰਕੇ ਦੇਸ਼ ਨਿਕਾਲਾ ਦਿੱਤਾ, ਕੈਨੇਡਾ ਵਿਚ ਪ੍ਰਵਾਸੀਆਂ ਦੇ ਹੱਕਾਂ ਦਾ ਪਿਤਾਮਾ, ਅੰਤਰਰਾਸ਼ਟਰੀ ਪੰਜਾਬੀ ਜਰਨਲਿਸਟ, ਵਿੱਦਿਆ ਦਾਨੀ, ਲੋਕ ਸੇਵਕ, ਦੇਸ਼ ਭਗਤ ਯੋਧਾ ਦੇਸ਼ ਦੀ ਆਜ਼ਾਦੀ ਲਈ ਆਪਾ ਕੁਰਬਾਨ ਕਰ ਗਿਆ। ਹਿੰਦੋਸਤਾਨ ਵਿਚ ਆਜ਼ਾਦੀ ਤੇ ਬਰਾਬਰੀ ਦੇ ਆਧਾਰ 'ਤੇ ਕੌਮੀ ਜਮਹੂਰੀਅਤ ਰਾਜ ਲਿਆਉਣ ਦਾ ਸੁਪਨਾ ਲੈ ਕੇ ਸੰਘਰਸ਼ ਲੜਿਆ। ਅਮਰੀਕਾ ਵਿਚ ਆਪਦਾ ਸਿਆਟਲ ਅੱਡਾ ਉਰੇਗਨ ਵਾਸ਼ਿੰਗਟਨ ਤੇ ਕੈਲੇਫੋਰਨੀਆ ਤੋਂ ਲੈ ਕੇ ਕੈਨੇਡਾ ਤੱਕ ਇਕ ਮੁਹਾਜ਼ ਬਣ ਗਿਆ ਸੀ। ਇਸ ਕੜੀ ਨੂੰ ਮਿਲਾਉਣ ਵਿਚ ਬਾਬੂ ਹਰਨਾਮ ਸਿੰਘ ਸਾਹਰੀ ਨੇ ਕਾਫੀ ਮਦਦ ਕੀਤੀ। ਆਖਰ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗਦਰੀਆਂ ਦੀ ਸੋਚ ਕੰਮ ਆਈ। ਦੇਸੀ ਫੌਜੀਆਂ ਦੀ ਆਜ਼ਾਦ ਹਿੰਦ ਫੌਜ ਬਣਾਈ। ਰਾਇਲ ਨੇਵੀ ਨੇ ਵੀ ਬਗਾਵਤ ਕਰ ਦਿੱਤੀ। ਫੌਜਾਂ ਬਾਗੀ ਹੋਣ 'ਤੇ ਅੰਗਰੇਜ਼ ਹਕੂਮਤ ਨੂੰ ਦੇਸ਼ ਆਜ਼ਾਦ ਕਰਨ ਦਾ ਐਲਾਨ ਕਰਨਾ ਪਿਆ।

ਡਾ. ਜਸਵੰਤ ਰਾਏ ਸਾਹਰੀ ਨੇ ਸਰਲ ਭਾਸ਼ਾ'ਚ ਇਹ ਕਿਤਾਬ ਲਿਖ ਕੇ ਬਹੁਤ ਚੰਗਾ ਕੰਮ ਕੀਤਾ ਹੈ।

# ਪੰਜਾਬ ਵਿਚੋਂ ਖਤਮ ਹੋ ਰਹੀ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਠੋਸ ਯਤਨ ਕੀਤੇ ਜਾਣ-ਚਾਹਲ

ਜਲੰਧਰ- ਪੰਜਾਬ ਅੰਦਰ ਦਿਨੋ ਦਿਨ ਹੋ ਰਹੀ ਪੰਜਾਬੀ ਭਾਸ਼ਾ ਦੀ ਭੈੜੀ ਹਾਲਤ ਬਾਰੇ ਆਪਣੀ ਡੂਘੀ ਚਿੰਤਾ ਦਾ ਪਰਗਟਾਵਾ ਕਰਦਿਆਂ ਪੰਜਾਬ ਫੇਰੀ ਤੇ ਆਏ ਨਾਰਥ ਅਮਰੀਕਨ ਪੰਜਾਬੀ ਐਸ਼ੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਉਹ ਪੰਜਾਬ ਦੇ ਨਕਸ਼ੇ ਉਪਰ ਪੰਜਾਬੀ ਭਾਸ਼ਾ ਦੇ ਹੋ ਰਹੇ ਖਤਾਮੇ ਲਈ ਬਹੁਤ ਚਿੰਤਤ ਹਨ। ਉਹਨਾਂ ਨੇ ਦਸਿਆ ਕਿ ਪੰਜਾਬ ਅੰਦਰ ਆਮ ਲੋਕਾਂ ਨਾਲ ਗਲਬਾਤ ਕਰਦਿਆਂ ਜਾਂ ਕਿਸੇ ਗੈਰ ਸਰਕਾਰੀ ਅਦਾਰਿਆਂ, ਬੈਂਕਾਂ, ਰੈਸਟੋਰੈਂਟਾਂ ਤੇ ਹੋਟਲਾਂ ਆਦਿ ਵਿਚ ਕੰਮ ਕਰਦੇ ਮੁਲਾਜਮਾਂ ਨਾਲ ਹਿੰਦੀ ਭਾਸ਼ਾ ਵਿਚ ਕੀਤੀ ਜਾ ਰਹੀ ਮਜਬੂਰਨ ਗਲਬਾਤ ਤੋਂ ਇਸ ਤਰਾਂ ਮਹਿਸੂਸ ਹੁੰਦਾ ਹੈ ਜਿਸ ਤਰਾਂ ਅਸੀਂ ਪੰਜਾਬ ਵਿਚ ਨਹੀਂ ਸਗੋਂ ਬਿਹਾਰ ਜਾਂ ਉਤਰ ਪਰਦੇਸ਼ ਵਰਗੇ ਹਿੰਦੀ ਭਸ਼ਾਈ ਰਾਜ ਵਿਚ ਘੁੰਮ ਰਹੇ ਹੋਈਏ। ਸ: ਚਾਹਲ ਨੇ ਕਿਹਾ ਕਿ ਉਹ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਜਿਥੇ ਵੀ ਗਏ ਹਨ ਉਥੇ ਉਥੇ ਮਿਲਣ ਵਾਲੇ ਲੋਕ ਹਿੰਦੀ ਭਾਸ਼ਾ ਵਿਚ ਹੀ ਗਲਬਾਤ ਕਰਨ ਨੂੰ ਤਰਜੀਹ ਦੇ ਰਹੇ ਹਨ। ਜਿਸ ਕਾਰਨ ਅਜ ਪੰਜਾਬ ਅੰਦਰ ਪੰਜਾਬੀ ਭਾਸ਼ਾ ਦੀ ਹਾਲਤ ਸੰਸਕ੍ਰਿਤ ਭਾਸ਼ਾ ਵਰਗੀ ਵਰਗੀ ਬਣਦੀ ਜਾ ਰਹੀ ਹੈ ਤੇ ਜੇਕਰ ਪੰਜਾਬ ਮਾਂ ਬੋਲੀ ਦੇ ਪਰੇਮੀਆਂ ਨੇ ਅਜੇ ਵੀ ਆਪਣਾ ਫਰਜ ਨਾ ਪਛਾਣਿਆ ਤਾਂ ਪੰਜਾਬ ਇਕ ਨਿਰੋਲ ਹਿੰਦੀ ਭਾਸ਼ਾ ਵਾਲਾ ਸੂਬਾ ਬਣ ਕੇ ਰਹਿ ਜਾਏਗਾ। ਸ: ਚਾਹਲ ਨੇ ਕਿਹਾ ਕਿ ਹਿੰਦੀ ਸਾਡੀ ਕੌਮੀ ਭਾਸ਼ਾ ਹੈ ਲੇਕਿਨ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਲਈ ਹਿੰਦੀ ਭਾਸ਼ਾ ਦਾ ਆਸਰਾ ਨਹੀਂ ਲਿਆ ਜਾਣਾ ਚਾਹੀਦਾ। ਸ: ਚਾਹਲ ਨੇ ਪੰਜਾਬੀ ਯੂਨੀਵਰਸਟੀ ਪਟਿਆਲਾ ਤੇ ਹੋਰ ਸਟੇਟ ਪੱਧਰ ਦੀਆਂ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦੇ ਕੰਮ ਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਹ ਸੰਸਥਾਵਾਂ ਪੰਜਾਬੀ ਭਾਸ਼ਾ ਦੇ ਕੀਤੇ ਜਾ ਰਹੇ ਵਿਕਾਸ ਲਈ ਢੰਡੋਰਾ ਤਾਂ ਬਹੁਤ ਪਿਟਦੀਆਂ ਹਨ ਪਰ ਇਸ ਖੇਤਰ ਵਿਚ ਇਹਨਾਂ ਦੀਆਂ ਪਰਾਪਤੀਆਂ ਦਾ ਰਿਪੋਰਟ ਕਾਰਡ ਅਜੇ ਤਕ ਖਾਲੀ ਹੀ ਪਿਆ ਹੈ। ਪੰਜਾਬ ਦੇ ਸਰਕਾਰੀ ਦਫਤਰਾਂ ਵਿਚ ਪੰਜਾਬੀ ਭਾਸ਼ਾ ਦੀ ਚਰਚਾ ਕਰਦਿਆਂ ਸ: ਚਾਹਲ ਨੇ ਦਸਿਆ ਕਿ ਉਹਨਾਂ ਨੂੰ ਪੰਜਾਬ ਦੇ ਵਿਭਾਗਾਂ ਵਲੋਂ ਜਿਹੜੇ ਪੱਤਰ ਪਰਾਪਤ ਹੁੰਦੇ ਹਨ ਉਹ ਸਾਰੇ ਦੇ ਸਾਰੇ ਅੰਗਰੇਜੀ ਵਿਚ ਹੀ ਲਿਖੇ ਹੋਏ ਹੁੰਦੇ ਹਨ।





ਸਤਵੰਤ ਕੌਰ ਕਲੋਟੀ

# ਬ੍ਰਹਿਮੰਡ: ਇਕ ਨਜ਼ਰ
## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)




ਸਾਡੇ ਆਲੇ-ਦੁਆਲੇ ਦੂਰ-ਦੁਰਾਡੇ ਫੈਲੇ ਪੁਲਾੜ ਨੂੰ ਬ੍ਰਹਿਮੰਡ ਕਿਹਾ ਜਾਂਦਾ ਹੈ। ਲੱਖਾਂ-ਕਰੋੜਾਂ ਗ੍ਰਹਿ, ਤਾਰੇ ਅਤੇ ਗਲੈਕਸੀਆਂ ਇਸ ਵਿਚ ਸ਼ਾਮਿਲ ਹਨ। ਇਹਨਾਂ ਤੋਂ ਇਲਾਵਾ ਉਲਕਾ, ਉਲਕਾ ਪਿੰਡ, ਲਘੂ ਗ੍ਰਹਿ, ਧੂਮਕੇਤੂ ਅਤੇ ਹੋਰ ਬਹੁਤ ਸਾਰੀਆਂ ਖਗੋਲੀ ਵਸਤੂਆਂ ਇਸ ਬ੍ਰਹਿਮੰਡ ਦਾ ਹਿੱਸਾ ਹਨ। ਕੀ ਤੁਸੀਂ ਕਦੀ ਸੋਚਿਆ ਹੈ ਕਿ ਬ੍ਰਹਿਮੰਡ ਕਿੰਨਾ ਕੁ ਵੱਡਾ ਹੈ? ਇਸ ਸਵਾਲ ਦਾ ਉੱਤਰ ਲੱਭਣ ਲਈ ਮਨੁੱਖ ਭਿੰਨ-ਭਿੰਨ ਤਕਨੀਕਾਂ ਅਤੇ ਵਿਧੀਆਂ ਦਾ ਇਸਤੇਮਾਲ ਕਰਦਾ ਆ ਰਿਹਾ ਹੈ। ਆਓ ਇਸ ਦੀ ਵਿਸ਼ਾਲਤਾ ਬਾਰੇ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰੀਏ।

ਸਭ ਤੋਂ ਪਹਿਲਾਂ ਆਪਣੀ ਧਰਤੀ ਤੋਂ ਸ਼ੁਰੂ ਕਰੀਏ, ਜਿਸ ਉੱਤੇ ਅਸੀਂ ਰਹਿੰਦੇ ਹਾਂ। ਆਓ ਇਸ ਦੇ ਆਕਾਰ ਦੀ ਗੱਲ ਕਰੀਏ। ਧਰਤੀ ਪੂਰੀ ਤਰ੍ਹਾਂ ਗੋਲ ਨਹੀਂ ਹੈ।ਇਹ ਭੂਮੱਧ ਰੇਖਾ ਉੱਤੇ ਉਭਰੀ ਹੋਈ ਅਤੇ ਧਰੁਵਾਂ 'ਤੇ ਚਪਟੀ ਹੈ, ਇਸ ਲਈ ਇਸ ਦਾ ਵਿਆਸ ਹਰ ਥਾਂ ਤੇ ਇਕੋ ਜਿਹਾ ਨਹੀਂ ਹੈ। ਭੂਮੱਧ ਰੇਖਾ ਉੱਤ ਧਰਤੀ ਦਾ ਵਿਆਸ ਲੱਗਭੱਗ 12756 ਕਿਲੋਮੀਟਰ ਹੈ। ਭਾਵ ਜੇ ਅਸੀਂ ਭੂਮੱਧ ਰੇਖਾ ਉੱਤੇ ਧਰਤੀ ਦੇ ਤਲ ਤੋਂ ਖੜ੍ਹਵੇਂ ਦਾਅ ਸੁਰੰਗ ਪੁੱਟਣੀ ਸ਼ੁਰੂ ਕਰੀਏ, ਜੋ ਧਰਤੀ ਦੇ ਕੇਂਦਰ ਵਿਚੋਂ ਸਿੱਧੀ ਲੰਘਦੀ ਹੋਈ ਦੂਜੇ ਪਾਸੇ ਬਾਹਰ ਨਿਕਲ ਜਾਵੇ ਤਾਂ ਇਸ ਸੁਰੰਗ ਦੀ ਲੰਬਾਈ ਲੱਗਭੱਗ 12756 ਕਿਲੋਮੀਟਰ ਹੋਵੇਗੀ।

ਭੂਮੱਧ ਰੇਖਾ ਦੇ ਨਾਲ-ਨਾਲ ਇਸ ਦਾ ਘੇਰਾ ਲੱਗਭੱਗ 40074.1 ਕਿਲੋਮੀਟਰ ਹੈ। ਜੇ ਅਸੀਂ ਭੂਮੱਧ ਰੇਖਾ ਦੇ ਨਾਲ-ਨਾਲ 100 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਪੈਂਡਾ ਕਰਨਾ ਸ਼ੁਰੂ ਕਰੀਏ ਅਤੇ ਕੋਈ ਸਮੁੰਦਰ, ਪਹਾੜ, ਇਮਾਰਤ ਜਾਂ ਕੋਈ ਹੋਰ ਚੀਜ਼ ਰਸਤੇ ਦੀ ਰੁਕਾਵਟ ਨਾ ਬਣੇ ਤਾਂ ਧਰਤੀ ਦਾ ਇਕ ਚੱਕਰ ਪੂਰਾ ਕਰਨ ਨੂੰ ਲੱਗਭੱਗ 17 ਦਿਨ ਲੱਗਣਗੇ। ਐਨੀ ਵੱਡੀ ਹੋਣ ਦੇ ਬਾਵਜੂਦ ਇਹ ਬ੍ਰਹਿਮੰਡ ਵਿਚ ਇਕ ਬਿੰਦੂ-ਮਾਤਰ ਹੀ ਹੈ।

ਆਓ ਹੁਣ ਤਾਰਿਆਂ ਦੀ ਗੱਲ ਕਰੀਏ। ਤਾਰੇ ਚਮਕਦੀਆਂ ਹੋਈਆਂ ਖਗੋਲੀ ਵਸਤੂਆਂ ਨੂੰ ਕਿਹਾ ਜਾਂਦਾ ਹੈ, ਜੋ ਆਪਣੇ ਵਿਚੋਂ ਪ੍ਰਕਾਸ਼ ਉਤਪੰਨ ਕਰਦੀਆਂ ਹਨ। ਬ੍ਰਹਿਮੰਡ ਵਿਚ ਅਰਬਾਂ-ਖਰਬਾਂ ਤਾਰੇ ਹਨ। ਇਕ ਨਿੱਖਰੀ ਹੋਈ ਰਾਤ ਨੂੰ ਅਸੀਂ ਨੰਗੀ ਅੱਖ ਨਾਲ 2500-3000 ਦੇ ਕਰੀਬ ਤਾਰੇ ਦੇਖ ਸਕਦੇ ਹਾਂ। ਸੂਰਜ ਧਰਤੀ ਦਾ ਸਭ ਤੋਂ ਨੇੜਲਾ ਤਾਰਾ ਹੈ ਜੋ ਬ੍ਰਹਿਮੰਡ ਦੇ ਅਰਬਾਂ-ਖਰਬਾਂ ਤਾਰਿਆਂ ਵਿਚੋਂ ਇਕ ਹੈ। ਧਰਤੀ ਇਸ ਦੇ ਆਲੇ-ਦੁਆਲੇ ਅੰਡਾਕਾਰ ਰਸਤੇ ਉੱਤੇ ਘੁੰਮਦੀ ਹੈ। ਇਸ ਨੂੰ ਇਸ ਦੁਆਲੇ ਇਕ ਚੱਕਰ ਪੂਰਾ ਕਰਨ ਨੂੰ ਲੱਗਭੱਗ 365.25 ਦਿਨ ਲੱਗ ਜਾਂਦੇ ਹਨ। ਸੂਰਜ ਦਾ ਵਿਆਸ ਲੱਗਭੱਗ 1,392,000 ਕਿਲੋਮੀਟਰ (ਧਰਤੀ ਦੇ ਵਿਆਸ ਤੋਂ 109 ਗੁਣਾ ਜ਼ਿਆਦਾ) ਹੈ। ਭਾਵ, ਸੂਰਜ ਦੇ ਵਿਆਸ ਉੱਤੇ 109 ਧਰਤੀਆਂ ਨਾਲ-ਨਾਲ ਜੋੜ ਕੇ ਟਿਕਾਈਆਂ ਜਾ ਸਕਦੀਆਂ ਹਨ। ਆਕਾਰ ਵਿਚ ਐਨਾ ਵੱਡਾ ਹੁੰਦੇ ਹੋਏ ਵੀ ਸੂਰਜ ਧਰਤੀ ਤੋਂ ਦੇਖਣ ਤੇ ਛੋਟਾ ਜਿਹਾ ਹੀ ਨਜ਼ਰ ਆਉਂਦਾ ਹੈ। ਜ਼ਿਕਰਯੋਗ ਹੈ ਕਿ ਸੂਰਜ ਦੀ ਧਰਤੀ ਤੋਂ ਮੱਧਮਾਨ ਦੂਰੀ 1.496×108 ਕਿਲੋਮੀਟਰ ਹੈ।

ਪ੍ਰਕਾਸ਼ ਦੀ ਕਿਰਨ ਨੂੰ ਸੂਰਜ ਤੋਂ ਧਰਤੀ ਤੱਕ ਪਹੁੰਚਣ ਲਈ 8 ਮਿੰਟ ਅਤੇ 20 ਸਕਿੰਟ ਲੱਗਦੇ ਹਨ। ਧਰਤੀ ਤੋਂ ਇਲਾਵਾ 7 ਹੋਰ ਗ੍ਰਹਿ ਅਤੇ ਅਣਗਿਣਤ ਹੋਰ ਖਗੋਲੀ ਵਸਤੂਆਂ ਵੀ ਸੂਰਜ ਦੇ ਇਰਦ-ਗਿਰਦ ਚੱਕਰ ਲਾਉਂਦੀਆਂ ਹਨ। ਇਸ ਇਕੱਠ ਨੂੰ ਸੂਰਜੀ ਮੰਡਲ ਜਾਂ ਸੂਰਜੀ ਪਰਿਵਾਰ ਕਿਹਾ ਜਾਂਦਾ ਹੈ। ਸਮੁੱਚਾ ਸੂਰਜੀ ਮੰਡਲ ਵੀ ਬ੍ਰਹਿਮੰਡ ਵਿਚ ਇਕ ਕਿਣਕੇ ਸਮਾਨ ਹੀ ਹੈ।

ਸੂਰਜ ਤੋਂ ਬਾਅਦ ਧਰਤੀ ਦਾ ਦੂਜਾ ਨੇੜਲਾ ਤਾਰਾ ਪ੍ਰੌਕਸੀਮਾ ਸੈਂਟੌਰੀ (Proxima Centauri) ਹੈ (ਪ੍ਰੌਕਸੀਮਾ ਸੈਂਟੌਰੀ ਇਕ ਤਿੰਨ ਤਾਰਿਆਂ ਦੇ ਸੰਗਠਨ, ਜਿਸ ਦਾ ਨਾਂ ਐਲਫ਼ਾ ਸੈਂਟੌਰੀ ਹੈ, ਦਾ ਇਕ ਮੈਂਬਰ ਹੈ)। ਇਹ ਧਰਤੀ ਤੋਂ 4.24 ਪ੍ਰਕਾਸ਼ੀ ਸਾਲ ਦੂਰ ਹੈ (ਪ੍ਰਕਾਸ਼ੀ ਸਾਲ- ਪ੍ਰਕਾਸ਼ ਦੁਆਰਾ ਖਲਾਅ ਵਿਚ ਇਕ ਸਾਲ ਵਿਚ ਤੈਅ ਕੀਤੀ ਦੂਰੀ ਨੂੰ ਪ੍ਰਕਾਸ਼ੀ ਸਾਲ ਕਿਹਾ ਜਾਂਦਾ ਹੈ)। ਇਸ ਤੋਂ ਭਾਵ ਇਹ ਹੋਇਆ ਕਿ ਇਸ ਤਾਰੇ ਤੋਂ ਆਉਣ ਵਾਲਾ ਪ੍ਰਕਾਸ਼, ਜੋ ਇਸ ਵੇਲੇ ਧਰਤੀ ਤੇ ਪਹੁੰਚ ਰਿਹਾ ਹੈ, ਉਹ ਇਸ ਤੋਂ 4.24 ਸਾਲ ਪਹਿਲਾਂ ਤੁਰਿਆ ਹੋਵੇਗਾ। ਇਸ ਤਰ੍ਹਾਂ ਤਾਰੇ ਬ੍ਰਹਿਮੰਡ ਵਿਚ ਇਕ ਦੂਜੇ ਤੋਂ ਬਹੁਤ ਦੂਰ-ਦੂਰ ਪਏ ਹਨ। ਇਹਨਾਂ ਦੀ ਆਪਸੀ ਦੂਰੀ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਸੰਕੇਤ ਹੈ।

ਤਾਰੇ ਬ੍ਰਹਿਮੰਡ ਵਿਚ ਵੱਡੇ-ਵੱਡੇ ਗੁੱਛਿਆਂ ਦੇ ਰੂਪ ਵਿਚ ਮੌਜੂਦ ਹਨ, ਜਿਹਨਾਂ ਨੂੰ ਗਲੈਕਸੀਆਂ ਕਿਹਾ ਜਾਂਦਾ ਹੈ। ਆਓ ਆਪਣੀ ਗਲੈਕਸੀ ਦੀ ਗੱਲ ਕਰੀਏ ਜਿਸ ਦਾ ਸਬੰਧ ਸਾਡੀ ਧਰਤੀ ਨਾਲ ਹੈ। ਇਸ ਨੂੰ ਆਕਾਸ਼ ਗੰਗਾ ਜਾਂ ਮਿਲਕੀ ਵੇਅ ਵੀ ਕਿਹਾ ਜਾਂਦਾ ਹੈ।

ਇਸ ਵਿਚ ਅੰਦਾਜ਼ਨ 200-400 ਬਿਲੀਅਨ ਤਾਰੇ ਹਨ। ਇਸ ਦਾ ਵਿਆਸ ਲੱਗਭੱਗ 100,000 ਪ੍ਰਕਾਸ਼ੀ ਸਾਲ ਹੈ। ਜੇ ਪ੍ਰਕਾਸ਼ ਨੇ ਅਕਾਸ਼ ਗੰਗਾ ਨੂੰ ਪਾਰ ਕਰਨਾ ਹੋਵੇ ਤਾਂ ਉਸ ਨੂੰ 100,000 ਸਾਲ (ਇਕ ਲੱਖ ਸਾਲ) ਲੱਗਣਗੇ। ਅਕਾਸ਼ ਗੰਗਾ ਘੁੰਮ ਰਹੀ ਹੈ। ਇਸ ਦੇ ਘੁੰਮਣ-ਕੇਂਦਰ ਨੂੰ ਗਲੈਕਟਿਕ ਕੇਂਦਰ ਕਿਹਾ ਜਾਂਦਾ ਹੈ।

ਸੂਰਜ ਇਸ ਅਕਾਸ਼ ਗੰਗਾ ਦਾ ਹਿੱਸਾ ਹੁੰਦਾ ਹੋਇਆ ਇਸ ਦੇ ਗਲੈਕਟਿਕ ਕੇਂਦਰ ਤੋਂ ਲੱਗਭੱਗ 27000 ਪ੍ਰਕਾਸ਼ੀ ਸਾਲ ਦੂਰ ਹੈ। ਭਾਵ ਪ੍ਰਕਾਸ਼ ਨੂੰ ਗਲੈਕਟਿਕ ਕੇਂਦਰ ਤੋਂ ਸੂਰਜ ਤੱਕ ਦਾ ਫਾਸਲਾ ਤੈਅ ਕਰਨ ਲਈ 27000 ਸਾਲ ਲੱਗਣਗੇ।

ਬ੍ਰਹਿਮੰਡ ਵਿਚ ਕਈ ਬਿਲੀਅਨ ਗਲੈਕਸੀਆਂ ਦਾ ਵਿਆਪਕ ਪਸਾਰਾ ਹੈ। ਸਾਡੀ ਗਲੈਕਸੀ ਅਕਾਸ਼ ਗੰਗਾ ਉਨ੍ਹਾਂ ਕਈ ਬਿਲੀਅਨ ਗਲੈਕਸੀਆਂ ਵਿਚੋਂ ਇਕ ਹੈ। ਕਈ ਗਲੈਕਸੀਆਂ ਤੋਂ ਪ੍ਰਕਾਸ਼ ਇਸ ਸਮੇਂ ਸਾਡੀ ਧਰਤੀ ਤੱਕ ਪਹੁੰਚ ਰਿਹਾ ਹੈ ਜੋ ਉਨ੍ਹਾਂ ਗਲੈਕਸੀਆਂ ਤੋਂ ਕਈ ਬਿਲੀਅਨ ਸਾਲ ਪਹਿਲਾਂ ਰਵਾਨਾ ਹੋਇਆ ਹੋਵੇਗਾ (ਰੈੱਡਸ਼ਿਫਟ ਇਸ ਗੱਲ ਦਾ ਪ੍ਰਗਟਾਵਾ ਕਰਦੀ ਹੈ)। ਇਸ ਬ੍ਰਹਿਮੰਡ ਵਿਚ ਅੰਦਾਜ਼ਨ ਸੌ ਅਰਬ ਜਾਂ ਸੌ ਬਿਲੀਅਨ ਗਲੈਕਸੀਆਂ ਹਨ। ਹਰੇਕ ਗਲੈਕਸੀ ਵਿਚ ਔਸਤਨ ਸੌ ਅਰਬ ਜਾਂ ਸੌ ਬਿਲੀਅਨ ਤਾਰੇ ਹਨ। ਇਸ ਤਰ੍ਹਾਂ ਇਕ ਏਕੇ ਨਾਲ 22 ਸਿਫਰਾਂ ਲਗਾ ਕੇ ਜੋ ਸੰਖਿਆ ਬਣਦੀ ਹੈ (10000000000000000000000), ਉਹ ਬ੍ਰਹਿਮੰਡ ਵਿਚ ਤਾਰਿਆਂ ਦੀ ਗਿਣਤੀ ਦਾ ਅਨੁਮਾਨ ਦਿੰਦੀ ਹੈ। ਇਸ ਤੋਂ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਹੋਰ ਵੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਬ੍ਰਹਿਮੰਡ ਲਗਾਤਾਰ ਫੈਲਦਾ ਜਾ ਰਿਹਾ ਹੈ। ਇਸ ਵਿਚ ਮੌਜੂਦ ਅਰਬਾਂ ਗਲੈਕਸੀਆਂ ਸਥਿਰ ਨਹੀਂ ਹਨ, ਸਗੋਂ ਇਹ ਇਕ ਦੂਜੇ ਤੋਂ ਲਗਾਤਾਰ ਦੂਰ ਜਾ ਰਹੀਆਂ ਹਨ। ਇਸ ਸਚਾਈ ਨੂੰ 1929 ਈ. ਵਿਚ ਵਿਗਿਆਨੀ ਐਡਵਿਨ ਹੱਬਲ ਨੇ ਡੌਪਲਰ ਪ੍ਰਭਾਵ ਸਿਧਾਂਤ ਦੇ ਆਧਾਰ ਉੱਤੇ ਸਾਬਤ ਕੀਤਾ।

ਸੋ ਬ੍ਰਹਿਮੰਡ ਅਸਲ ਵਿਚ ਕਿੰਨਾ ਵੱਡਾ ਹੈ, ਕੋਈ ਨਹੀਂ ਜਾਣਦਾ। ਕੀ ਇਹ ਅਸੀਮਤ ਹੈ? ਕੀ ਇਹ ਇਕਲੌਤਾ ਬ੍ਰਹਿਮੰਡ ਹੈ? ਜਾਂ ਹੋਰ ਵੀ ਅਜਿਹੇ ਬ੍ਰਹਿਮੰਡ ਮੌਜੂਦ ਹਨ? ਇਹਨਾਂ ਸਵਾਲਾਂ ਦੇ ਜਵਾਬ ਲੱਭਣੇ ਅਜੇ ਬਾਕੀ ਹਨ।

### ਬ੍ਰਹਿਮੰਡ- ਕਿੰਨਾ ਪੁਰਾਣਾ?

ਬ੍ਰਹਿਮੰਡ ਦੀ ਉਮਰ ਬਾਰੇ ਵੱਖ-ਵੱਖ ਪੁਲਾੜ ਵਿਗਿਆਨੀਆਂ ਦੇ ਵੱਖ-ਵੱਖ ਅਨੁਮਾਨ ਹਨ। ਪੁਲਾੜ ਵਿਗਿਆਨੀ ਦੋ ਤਰੀਕਿਆਂ ਨਾਲ ਬ੍ਰਹਿਮੰਡ ਦੀ ਉਮਰ ਦਾ ਅੰਦਾਜ਼ਾ ਲਗਾਉਂਦੇ ਹਨ: (1) ਅਧਿਕਤਮ ਉਮਰ ਦੇ ਤਾਰਿਆਂ ਦਾ ਅਧਿਐਨ ਕਰਕੇ (2) ਬ੍ਰਹਿਮੰਡ ਦੇ ਫੈਲਣ ਦੀ ਦਰ ਮਾਪ ਕੇ ਅਤੇ ਇਸ ਨੂੰ ਉਲਟਕ੍ਰਮ ਵਿਚ ਵਿਚਾਰ ਕੇ ਕਿ ਇਸ ਨੇ ਕਿੰਨਾ ਸਮਾਂ ਪਹਿਲਾਂ ਬਿੰਦੂ-ਮਾਤਰ ਤੋਂ 'ਬਿਗ ਬੈਂਗ' ਘਟਨਾ ਨਾਲ ਪਸਾਰ ਕਰਨਾ ਸ਼ੁਰੂ ਕੀਤਾ ਹੋਵੇਗਾ। ਪੁਲਾੜ ਵਿਗਿਆਨੀਆਂ ਦੇ ਮੋਟੇ ਅਨੁਮਾਨ ਅਨੁਸਾਰ 'ਬਿੱਗ ਬੈਂਗ' ਘਟਨਾ 12-15 ਬਿਲੀਅਨ ਸਾਲ ਪਹਿਲਾਂ ਵਾਪਰੀ ਹੋਵੇਗੀ। ਨਾਸਾ ਦੇ WMAP (Wilkinson Microwave Anisotropy Probe) ਦੀ ਟੀਮ ਵੱਲੋਂ ਲਗਾਇਆ ਗਿਆ ਇਸ ਦੀ ਉਮਰ ਦਾ ਅੰਦਾਜ਼ਾ, ਸਭ ਤੋਂ ਸਹੀ ਮੰਨਿਆ ਜਾਂਦਾ ਹੈ। ਡਬਲਿਊ ਐਮ ਏ ਪੀ ਇਕ ਉਪਗ੍ਰਹਿ ਹੈ ਜੋ ਨਾਸਾ ਦੁਆਰਾ 30 ਜੂਨ, 2001 ਨੂੰ ਪੁਲਾੜ ਵਿਚ ਲਾਂਚ ਕੀਤਾ ਗਿਆ। 2010 ਵਿਚ ਇਸ ਦੁਆਰਾ ਬ੍ਰਹਿਮੰਡ ਦੀ ਉਮਰ ਦਾ ਅੰਦਾਜ਼ਾ 13.75 ਜਮ੍ਹਾਂ ਘਟਾਉ 0.13 ਬਿਲੀਅਨ ਸਾਲ ਲਗਾਇਆ ਗਿਆ, ਪ੍ਰੰਤੂ ਬਾਅਦ ਵਿਚ ਗਲੈਕਸੀਆਂ ਅਤੇ ਕਾਸਮਿਕ ਮਾਈਕ੍ਰੋਵੇਵ ਬੈਕ-ਗ੍ਰਾਊਂਡ ਰੇਡੀਏਸ਼ਨਜ਼ ਦੇ ਵਿਸਤ੍ਰਿਤ ਅਧਿਐਨ ਨੂੰ ਵੀ ਵਿਚਾਰ ਅਧੀਨ ਲਿਆਉਂਦਿਆਂ ਇਸ ਵਿਚ ਸੋਧ ਕੀਤੀ ਗਈ ਅਤੇ ਇਸ ਦੀ ਉਮਰ 13.75 ਜਮ੍ਹਾਂ ਘਟਾਉ 0.11 ਬਿਲੀਅਨ ਸਾਲ ਹੋਣ ਦਾ ਅੰਦਾਜ਼ਾ ਦੱਸਿਆ ਗਿਆ।

2012 ਵਿਚ ਇਸੇ ਟੀਮ ਵੱਲੋਂ ਹੋਰ ਡੂੰਘਾਈ ਵਿਚ ਅਧਿਐਨ ਕਰਦਿਆਂ ਬ੍ਰਹਿਮੰਡ ਦੀ ਉਮਰ ਦਾ 0.4% ਸ਼ੁੱਧਤਾ ਨਾਲ, ਹੋਰ ਵੀ ਸਹੀ ਅਤੇ ਨੇੜਲਾ ਅੰਦਾਜ਼ਾ ਲਗਾਇਆ ਗਿਆ, ਜਿਸ ਅਨੁਸਾਰ ਇਸ ਦੀ ਉਮਰ 13.77 ਜਮ੍ਹਾਂ ਘਟਾਉ 0.059 ਬਿਲੀਅਨ ਸਾਲ ਦੱਸੀ ਗਈ।

21 ਮਾਰਚ 2013 ਨੂੰ ਈ. ਐਸ. ਏ. (ਯੂਰਪੀਅਨ ਸਪੇਸ ਏਜੰਸੀ) ਦੇ ਪਲੈਂਕ ਮਿਸ਼ਨ (ਫਲਅਨਚਰੰ ਸਿਸੋਨਿ) ਦੀ ਟੀਮ ਨੇ ਇਕ ਨਿਊਜ਼ ਕਾਨਫਰੰਸ ਵਿਚ ਖੁਲਾਸਾ ਕੀਤਾ ਕਿ ਬ੍ਰਹਿਮੰਡ ਦੀ ਉਮਰ 13.8 ਬਿਲੀਅਨ ਸਾਲ ਦੇ ਕਰੀਬ ਹੈ। ਇਹ ਪਹਿਲੇ ਲਗਾਏ ਗਏ ਅੰਦਾਜ਼ਿਆਂ ਨਾਲੋਂ ਵਧੇਰੇ ਹੈ।

(ਚਲਦਾ)

## ਸਾਹਿਤਕ ਪੈੜਾਂ

# ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਵਿਚ 'ਦਿਲ ਨਿੱਜਰ' ਅਤੇ 'ਮਹਿੰਦਰ ਸਿੰਘ ਘੱਗ' ਦਾ ਸਨਮਾਨ

**ਪਟਿਆਲਾ-** ਬੀਤੀ 9 ਤੋਂ 11 ਦਸੰਬਰ ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਹਿਤ ਅਧਿਐਨ ਵਿਭਾਗ ਵੱਲੋਂ ਨਾਟਕ ਵਿਸ਼ੇ ਤੇ ਕਰਵਾਈ ਗਈ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਕੈਲੇਫੋਰਨੀਆ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਾਹਿਤਕਾਰਾਂ ਸ੍ਰੀ ਮਹਿੰਦਰ ਸਿੰਘ ਘੱਗ ਅਤੇ ਦਿਲ ਨਿੱਜਰ ਦਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵੱਲੋਂ ਇਸ ਕਾਨਫਰੰਸ ਦੇ ਵਿਦਾਇਗੀ ਸੈਸ਼ਨ ਵਿਚ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਕਾਨਫਰੰਸ ਦੀ ਡਾਇਰੈਕਟਰ ਡਾ. ਅੰਮ੍ਰਿਤਪਾਲ ਕੌਰ ਨੇ ਸ੍ਰੀ ਮਹਿੰਦਰ ਸਿੰਘ ਘੱਗ ਅਤੇ ਸ੍ਰੀ ਦਿਲ ਨਿੱਜਰ ਦੇ ਪੰਜਾਬੀ ਮਾਂ ਬੋਲੀ ਅਤੇ ਭਾਸ਼ਾ ਲਈ ਕੀਤੇ ਜਥੇਬੰਦਕ ਅਤੇ ਸਾਹਿਤਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਇਸ ਸਨਮਾਨ ਮੌਕੇ ਬੋਲਦਿਆਂ ਕਿਹਾ ਕਿ ਸ੍ਰੀ ਮਹਿੰਦਰ ਸਿੰਘ ਘੱਗ ਜਿੱਥੇ ਕੈਲੇਫੋਰਨੀਆ ਵਿਚ ਇਕ ਸਫਲ ਕਿਸਾਨ ਵਜੋਂ ਦਿਨ ਰਾਤ ਤਨਦੇਹੀ ਨਾਲ ਖੇਤੀਬਾੜੀ ਅਤੇ ਫਲਾਂ ਦੀ ਕਾਸ਼ਤਕਾਰੀ ਵਿਚ ਸਰਗਰਮ ਹਨ, ਉਥੇ ਨਾਲ ਹੀ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਸਾਹਿਤਕਾਰੀ ਅਤੇ ਪੰਜਾਬੀ ਮਾਤ ਭਾਸ਼ਾ ਦੇ ਵਿਕਾਸ ਵਿਚ ਆਪਣਾ ਨਿੱਗਰ ਯੋਗਦਾਨ ਪਾ ਰਹੇ ਹਨ।






ਇਸਦੇ ਨਾਲ ਹੀ ਉਹਨਾਂ ਨੇ ਕੈਲੇਫੋਰਨੀਆ ਵਿਚ ਦਿਲ ਨਿੱਜਰ ਦੇ ਪ੍ਰਧਾਨ ਵਜੋਂ ਸਾਹਿਤਕ ਕਾਰਜਾਂ ਦੀ ਭਾਵਪੂਰਤ ਸ਼ਬਦਾਂ ਵਿਚ ਸ਼ਲਾਘਾ ਕੀਤੀ। ਤਿੰਨ ਦਿਨਾਂ ਤੱਕ ਚੱਲੀ ਇਸ ਵਿਸ਼ਾਲ ਕਾਨ-ਫਰੰਸ ਵਿਚ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਤੋਂ ਵੱਡੀ ਗਿਣਤੀ ਵਿਚ ਸਾਹਿਤਕਾਰ ਪਹੁੰਚੇ ਹੋਏ ਸਨ। ਜ਼ਿਕਰਯੋਗ ਹੈ ਕਿ ਇਹ ਕਾਨਫਰੰਸ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਇਕ ਮਹੱਤਵਪੂਰਨ ਸਰਗਰਮੀ ਵਜੋਂ ਉਭਰ ਕੇ ਸਾਹਮਣੇ ਆਈ ਹੈ। ਇਸ ਕਾਨਫਰੰਸ ਵਿਚ 400 ਤੋਂ ਵੱਧ ਡੈਲੀਗੇਟਾਂ ਅਤੇ ਭਾਰੀ ਗਿਣਤੀ ਵਿਚ ਅਧਿਆਪਕਾਂ ਅਤੇ ਖੋਜ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਕਾਨਫਰੰਸ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਹਿੱਤ ਵਿਭਾਗ ਦੇ ਪ੍ਰਤਿਭਾਸ਼ੀਲ ਅਧਿਆਪਕਾਂ ਡਾ. ਮੋਹਨ ਤਿਆਗੀ ਅਤੇ ਡਾ. ਪਰਮੀਤ ਕੌਰ ਨੇ ਬੜੀ ਅਹਿਮ ਭੂਮਿਕਾ ਨਿਭਾਈ। ਡਾ. ਮੋਹਨ ਤਿਆਗੀ ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਕਾਨਫਰੰਸ ਦਾ ਘੇਰਾ ਦੇਸ਼ਾਂ ਵਿਦੇਸ਼ਾਂ ਤੱਕ ਫੈਲਿਆ ਹੋਇਆ ਹੈ ਅਤੇ ਇਹ ਕਾਨਫਰੰਸ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰਕ ਪ੍ਰਸੰਗਾਂ ਵਿਚ ਵਡੇਰੇ ਅਰਥ ਰੱਖਦੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਪੰਜਾਬੀ ਦੀ ਪ੍ਰਫੁੱਲਤਾ ਲਈ ਵੱਖ ਵੱਖ ਪੰਜਾਬੀ ਕਾਨਫਰੰਸਾਂ ਦਾ ਆਯੋਜਨ ਕਰਦੀ ਆ ਰਹੀ ਹੈ। ਇਸ ਕਾਨਫਰੰਸ ਵਿਚ ਡਾ. ਮੇਜਰ ਸਿੰਘ ਦੁਆਰਾ ਸੰਪਾਦਿਤ ਕੀਤੀ ਪੁਸਤਕ 'ਮਹਿੰਦਰ ਸਿੰਘ ਘੱਗ ਜੀਵਨ ਤੇ ਰਚਨਾ' ਅਤੇ ਰਮੇਸ਼ ਬੰਗੜ ਦੀ ਕਾਵਿ ਪੁਸਤਕ 'ਪੁਰੇ ਦੀ ਹਵਾ' ਵੀ ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ ਡਾ. ਮੋਹਨ ਤਿਆਗੀ, ਪ੍ਰਿੰਸੀਪਲ ਸਵਿੰਦਰ ਸਿੰਘ ਛੀਨਾ, ਡਾ. ਜਗਬੀਰ ਸਿੰਘ, ਨਾਟਕਕਾਰ ਅਤੇ ਰੰਗਕਰਮੀ ਟੇਨੀ ਬਾਤਿਸ਼, ਸਰਦਾਰਜੀਤ ਬਾਵਾ, ਡਾ. ਜਨਮੀਤ ਸਿੰਘ ਅਤੇ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਦੇ ਮੁਖੀ ਡਾ. ਜਸਪਾਲ ਕੌਰ ਦਿਓਲ ਉਚੇਚੇ ਤੌਰ ਤੇ ਹਾਜ਼ਰ ਸਨ।

# 'ਉਸ ਪਹਾੜੀ ਸ਼ਹਿਰ ਵਿਚ' ਅਤੇ 'ਯਸ਼ੋਧਰਾ' ਲੋਕ ਅਰਪਣ

**ਤਲਵਾੜਾ:** ਨਰੋਈ ਸਾਹਿਤ ਸਿਰਜਣਾ ਨੂੰ ਸਮਰਪਿਤ ਮਾਨਵਵਾਦੀ ਚੇਤਨਾ ਟਰੱਸਟ ਰਜਿ: ਤਲਵਾੜਾ ਵੱਲੋਂ ਕੇਸਰੀ ਹੋਟਲ ਦੇ ਕਾਨਫਰੰਸ ਹਾਲ ਵਿਚ ਡਾ. ਜਨਮੀਤ ਦੀ ਕਾਵਿ ਪੁਸਤਕ 'ਉਸ ਪਹਾੜੀ ਸ਼ਹਿਰ ਵਿਚ' ਅਤੇ ਇੰਦਰਜੀਤ ਨੰਦਨ ਦੀ ਕਾਵਿ ਪੁਸਤਕ 'ਯਸ਼ੋਧਰਾ' ਨੂੰ ਲੋਕ ਅਰਪਣ ਕਰਨ ਦੀ ਰਸਮ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਡਾ. ਕਰਮਜੀਤ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਸੁਰਿੰਦਰ ਮੰਡ, ਅਮਰੀਕ ਡੋਗਰਾ, ਟਰੱਸਟ ਦੇ ਸਰਪ੍ਰਸਤ ਕੁਲਵੰਤ ਸਿੰਘ ਸ਼ਾਹੀ ਅਤੇ ਪ੍ਰਧਾਨ ਪ੍ਰੋ. ਬੀ. ਐਸ. ਬੱਲੀ ਨੇ ਅਦਾ ਕੀਤੀ। ਮਦਨ ਵੀਰਾ ਨੇ ਡਾ. ਜਨਮੀਤ ਦੀ ਕਾਵਿ ਪੁਸਤਕ 'ਉਸ ਪਹਾੜੀ ਸ਼ਹਿਰ ਵਿਚ' ਬਾਰੇ ਵਿਚਾਰ ਪੇਸ਼ ਕਰਦਿਆਂ ਰਚਨਾਵਾਂ ਵਿਚਲੇ ਕਾਵਿ ਬਿੰਬਾਂ ਬਾਰੇ ਦੱਸਿਆ। ਡਾ. ਰਜਨੀਸ਼ ਬਹਾਦਰ, ਡਾ. ਸੁਰਿੰਦਰ ਮੰਡ ਅਤੇ ਪ੍ਰੋ. ਕੇਵਲ ਕਲੋਟੀ ਨੇ ਰਚਨਾਵਾਂ ਵਿਚਲੇ ਮੂਲ ਸਰੋਤਾਂ ਬਾਰੇ ਗੱਲ ਕੀਤੀ। ਡਾ. ਜਨਮੀਤ ਨੇ ਆਪਣੇ ਸਾਹਿਤਕ ਸਫਰ ਬਾਰੇ ਦੱਸਦਿਆਂ ਇੰਦਰਜੀਤ ਨੰਦਨ ਦੀ ਕਾਵਿ ਪੁਸਤਕ 'ਯਸ਼ੋਧਰਾ' ਬਾਰੇ ਜਾਣਕਾਰੀ ਦਿੱਤੀ। ਇੰਦਰਜੀਤ ਨੰਦਨ ਨੇ ਯਸ਼ੋਧਰਾ ਕਾਵਿ ਪੁਸਤਕ ਦੇ ਸਿਰਜਣਾਤਮਕ ਕਾਵਿ ਬਿੰਬਾਂ ਬਾਰੇ ਵਿਚਾਰ ਸਾਂਝੇ ਕੀਤੇ। ਡਾ. ਕਰਮਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਜਨਮੀਤ ਦੀ ਕਾਵਿ ਸਿਰਜਣਾ ਵਿਚਲੇ ਸੁਹਜਾਤਮਕ ਅਨੁਭਵ ਦੀ ਗੱਲ ਕੀਤੀ ਅਤੇ ਸਾਹਿਤ ਦੇ ਸਮਾਜਿਕ ਰੋਲ ਬਾਰੇ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਨ ਟਰੱਸਟ ਦੇ ਜਨਰਲ ਸਕੱਤਰ ਸਮਰਜੀਤ ਸਿੰਘ ਸ਼ਮੀ ਨੇ ਬਾਖੂਬੀ ਕੀਤਾ। ਸਮਾਜਿਕ ਦੌਰਾਨ ਪ੍ਰਬੁੱਧ ਸ਼ਾਇਰ ਅਮਰੀਕ ਡੋਗਰਾ ਨੂੰ ਮਾਨਵਵਾਦੀ ਚੇਤਨਾ ਟਰੱਸਟ ਰਜਿ: ਵੱਲੋਂ ਪਲੇਠੇ ਪ੍ਰਿੰ: ਸ਼ਰਧਾ ਸਿੰਘ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਟਰੱਸਟ ਦੇ ਸਰ-ਪ੍ਰਸਤ ਕੁਲਵੰਤ ਸਿੰਘ ਸ਼ਾਹੀ ਨੇ ਦੱਸਿਆ ਕਿ ਹਰ ਸਾਲ ਦਿੱਤੇ ਜਾਣ ਵਾਲੇ ਇਸ ਐਵਾਰਡ ਵਿਚ 11 ਹਜ਼ਾਰ ਰੁਪਏ ਦੀ ਰਾਸ਼ੀ, ਸ਼ਾਲ ਅਤੇ ਮੋਮੈਂਟੋ ਸ਼ਾਮਲ ਹਨ। ਇਸ ਮੌਕੇ ਅਮਰੀਕ ਡੋਗਰਾ ਨੇ ਆਪਣੇ ਸਾਹਿਤਕ ਸਫਰ ਦੀ ਜਾਣਕਾਰੀ ਸਾਂਝੀ ਕੀਤੀ। ਸਮਾਗਮ ਦੌਰਾਨ ਕਰਵਾਏ ਗਏ ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਬਲਬੀਰ ਪਰਵਾਨਾ ਨੇ ਸਾਹਿਤ ਅਤੇ ਸਮਾਜ ਬਾਰੇ ਵਿਚਾਰ ਪੇਸ਼ ਕੀਤੇ। ਨਾਮਵਰ ਸ਼ਾਇਰ ਨਵਤੇਜ ਗੜ੍ਹਦੀਵਾਲਾ, ਪ੍ਰੋ. ਬੀ. ਐਸ. ਬੱਲੀ, ਨਰੇਸ਼ ਗੁਮਨਾਮ, ਜੋਧ ਸਿੰਘ, ਮਦਨ ਲਾਲ, ਅਨਿਲ ਕੁਮਾਰ ਨੀਲ, ਮਦਨ ਵੀਰਾ, ਬਲਬੀਰ ਸਿੰਘ, ਡਾ. ਵਿਸ਼ਾਲ ਬਦਨਸੀਬ, ਪ੍ਰਿੰ: ਅਰਚਨਾ ਕੁਲਸ਼ੇਸ਼ਠ, ਜਸਵੀਰ ਕੌਰ ਜੱਸ, ਅਨੁਰਾਧਾ ਕਾਫਿਰ, ਹਰਸ਼ਵਿੰਦਰ, ਹੈਰੀ ਰੰਧਾਵਾ, ਧਿਆਨ ਸਿੰਘ ਚੰਦਨ, ਰਾਮ ਲਾਲ ਭਗਤ, ਕੈਲਾਸ਼ ਰਾਣੀ, ਅਲਕਾ ਰਜਵਾਲ, ਮੁਨੀ ਲਾਲ ਕੁਲਸ਼ੇਬਠ, ਸੱਤਪਾਲ ਕੁਮਾਰੀ, ਅੰਜੂ ਬਾਲਾ, ਰਾਜਿੰਦਰ ਮਹਿਤਾ, ਪ੍ਰਿੰ: ਨੀਲਮ ਸ਼ਰਮਾ, ਸਮਰ-ਜੀਤ ਸ਼ਮੀ ਨੇ ਬਾਕਮਾਲ ਰਚਨਾਵਾਂ ਪੇਸ਼ ਕੀਤੀਆਂ। ਹੋਰਨਾਂ ਤੋਂ ਇਲਾਵਾ ਇਸ ਮੌਕੇ ਪ੍ਰੋ. ਸ਼ਾਮ ਸਿੰਘ ਗੜ੍ਹਦੀਵਾਲਾ, ਕੁਲਵੰਤ ਸਿੰਘ ਸੰਧੂ, ਨਾਵਲਕਾਰ ਸੁਰਿੰਦਰ ਸਿੰਘ ਨੇਕੀ, ਕਹਾਣੀਕਾਰ ਪੰਮੀ ਦਿਵੇਦੀ, ਡਾ. ਕੁਲਵੰਤ ਰਾਣਾ, ਕੇਸ਼ਵ ਸ਼ਰਮਾ, ਚੰਦਰ ਸ਼ੇਖਰ, ਹਰਭਜਨ ਹੀਰ ਆਦਿ ਹਾਜ਼ਰ ਸਨ।


ਜੋਤੀ ਰਾਉ ਫੂਲੇ


ਸਵਿਤਰੀ ਫੂਲੇ

# (ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ)

# ਗ਼ੁਲਾਮਗਿਰੀ

(ਪ੍ਰਸੰਗ ਲਿਖਤ 1872 ਈ: ਅਤੇ ਮਹਾਤਮਾ ਜੋਤੀ ਰਾਉ ਫੂਲੇ ਧਨੰਜੇ ਕੀਰ) 'ਜੋਤੀ ਰਾਉ ਫੂਲੇ ਦਰਸ਼ਨ' ਵਿੱਚੋਂ

## ਜੋਤੀ ਰਾਉ ਦੇ ਇਤਿਹਾਸਕ ਪ੍ਰਵਰਤਨ ਦੀ ਮਹਾਨ ਕਥਾ


ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

(ਦੂਜੀ ਕਿਸਤ)

ਤੁਸੀਂ ਇਸ ਪੱਤਰ ਨੂੰ ਪੜ੍ਹ ਕੇ ਇੱਕੋ ਸਮੇਂ ਕਿੰਨੇ ਹੀ ਨਿਰਨੇ ਕਰ ਸਕੋਗੇ ਕਿ ਬ੍ਰਾਹਮਣਵਾਦ ਦੇ ਵਿਰੁੱਧ ਲੜਨ ਵਾਲੇ ਇਸ ਮਹਾਨ ਸਮਾਜਿਕ ਕ੍ਰਾਂਤੀਕਾਰੀ ਵਿੱਚ ਸਿਰ ਤਲੀ 'ਤੇ ਰੱਖ ਕੇ ਲੜਨ ਦਾ ਹੌਸਲਾ ਹੈ। ਇਸ ਹੌਸਲੇ ਨਾਲ ਉਹ ਪਰਸੂ ਰਾਮ ਅਤੇ ਬ੍ਰਾਹਮਣਾਂ ਦੀ ਹਕੀਕਤ ਉਘਾੜਦਾ ਹੈ ਅਤੇ ਝੂਠ ਨੂੰ ਪਰ੍ਹੇ 'ਚ ਘੜੀਸਣ ਦੀ ਹਿੰਮਤ ਕਰਦਾ ਹੈ ਤੇ ਆਪਣੀ ਗੱਲ ਬ੍ਰਾਹਮਣੀ ਧਰਮ ਗ੍ਰੰਥਾਂ ਦੇ ਪ੍ਰਸੰਗ ਵਿੱਚ ਪੇਸ਼ ਕਰਦਾ ਹੈ ਕਿ ਕਿਸ ਕਿਸ ਢੰਗ ਦੀ ਕੂੜ ਕਿਰਿਆ ਵਿੱਚੋਂ ਇਹ ਸਮਾਜ ਗੁਜਰਿਆ ਹੈ। ਉਸਨੂੰ ਵੰਗਾਰਨਾਂ ਹੀ ਕ੍ਰਾਂਤੀ ਹੈ। ਸਮਾਜਿਕ ਪਰਿਵਰਤਨ ਦਾ ਮਾਰਗ ਹੈ।

ਇਹ ਗਿਆਨ ਵਿਗਿਆਨ, ਕੇਵਲ ਸ਼ੂਦਰਾਂ ਲਈ ਨਹੀਂ ਹੈ। ਭਾਰਤ ਦੇ ਹਰ ਕੋਨੇ 'ਚ ਬੈਠੇ ਉਹਨਾਂ ਸਾਰੇ ਵਧੀਆ ਨੇਕ ਅਤੇ ਮਾਨਵਵਾਦੀ ਇਨਸਾਨਾਂ ਦਾ ਮਸਲਾ ਹੈ, ਜੋ ਜਾਤ ਧਰਮ ਤੇ ਫਿਰਕਿਆਂ ਤੋਂ ਉੱਪਰ ਉੱਠਕੇ ਮਨੁੱਖੀ ਬਰਾਬਰੀ ਲਈ ਤੜਪ ਰਖਦੇ ਹਨ ਜਿੰਨ੍ਹਾਂ ਦਾ ਭਰੋਸਾ ਹੈ ਕਿ ਜਾਤ ਰਹਿਤ ਹੋ ਕੇ ਹੀ ਮਨੁੱਖ ਬਣਿਆ ਜਾ ਸਕਦਾ ਹੈ।

ਜੋਤੀ ਰਾਉ ਫੂਲੇ ਨੇ ਭਾਰਤ ਦੇ ਅਸਲੀ ਇਤਿਹਾਸ ਦੀਆਂ, ਮਿਥਿਹਾਸਕ ਅਤੇ ਧਾਰਮਿਕ ਅੰਧ ਵਿਸ਼ਵਾਸੀ ਕਹੀਆਂ ਗਈਆਂ ਘਟਨਾਵਾਂ ਦਾ ਤਰਤੀਬਵਾਰ ਜ਼ਿਕਰ ਕੀਤਾ ਹੈ। ਕਿਉਂਕਿ ਸਮਾਜ ਨੂੰ, ਧਰਮ ਤੇ ਨਰਾਇਣ ਜਾਂ ਈਸ਼ਵਰ ਦੇ ਨਾਂ 'ਤੇ ਹੀ ਭਾਰਤੀ ਸੰਸਕ੍ਰਿਤੀ ਦਾ ਪਾਠ ਪੜ੍ਹਾਇਆ ਗਿਆ ਹੈ। 'ਭਾਰਤੀ ਸੰਸਕ੍ਰਿਤੀ' ਜਿਸ ਦਾ ਅਸਲ ਨਾਮ ਬ੍ਰਾਹਮਣਵਾਦ, ਮਨੂੰਵਾਦ, ਜਾਤੀਵਾਦ, ਅਵਤਾਰਵਾਦ, ਈਸ਼ਵਰਵਾਦ, ਆਤਮਵਾਦ ਆਦਿ ਹੈ, ਨੂੰ ਜੇ ਸਮਝਣਾ ਹੈ ਤਾਂ ਇਸਦਾ ਇੱਕੋ ਇੱਕ ਸਾਧਨ ਹਿੰਦੂ ਧਾਰਮਿਕ ਗ੍ਰੰਥ ਹੀ ਹਨ। ਜੋ ਵਿਅਕਤੀ ਇਸ ਸੰਸਕ੍ਰਿਤੀ, ਭਾਵ ਰਿਸ਼ੀਆਂ ਮੁਨੀਆਂ, ਦੇਵੀ-ਦੇਵਤਿਆਂ ਅਤੇ ਪਾਂਡੇ ਪੁਰੋਹਤਾਂ ਦੀ ਸੰਸਕ੍ਰਿਤੀ ਹੈ, ਨੂੰ ਸਮਝਣਾ ਚਾਹੁੰਦਾ ਹੈ, ਉਸਨੂੰ ਹਿੰਦੂ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨਾ ਹੋਵੇਗਾ। ਜੋਤੀ ਰਾਉ ਫੂਲੇ ਨੇ ਜੋ ਤਸਵੀਰ ਗੁਲਾਮਗਿਰੀ ਵਿੱਚ ਪੇਸ਼ ਕੀਤੀ ਹੈ ਉਸ ਦਾ ਅਧਾਰ ਵੀ ਹਿੰਦੂ ਧਾਰਮਿਕ ਗ੍ਰੰਥ ਹਨ, ਜਿੰਨ੍ਹਾਂ ਵਿੱਚ ਭਾਰਤੀ ਇਤਿਹਾਸ ਦੀ ਅਸਲੀ ਹਕੀਕਤ ਭਰੀ ਪਈ ਹੈ। ਇਸ ਕਰਕੇ, ਸਿਰਫ਼ ਇਸੇ ਕਰਕੇ, ਭਾਰਤੀ ਮੂਲ ਨਿਵਾਸੀ ਸ਼ੂਦਰ ਜਾਤੀਆਂ ਭਾਵ ਨਿਮਨ ਜਾਤੀਆਂ ਦੇ ਲੋਕਾਂ ਨੂੰ ਇਹਨਾਂ ਗ੍ਰੰਥਾਂ ਦੇ ਪੜ੍ਹਨ, ਸੁਣਨ ਅਤੇ ਬੋਲਣ ਜਾਂ ਦੇਖਣ ਉੱਤੇ ਪੂਰੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ ਅਤੇ ਸਖਤ ਤੋਂ ਸਖਤ ਸਜਾਵਾਂ ਮਿਥੀਆਂ ਗਈਆਂ ਸਨ। ਕਾਰਨ ਬੜਾ ਸਪੱਸ਼ਟ ਸੀ ਕਿ ਸ਼ੂਦਰ ਲੋਕ, ਜੋ ਇਹਨਾਂ ਨੂੰ ਪੜ੍ਹਨਗੇ ਤਾਂ ਬਗਾਵਤ ਹਰ ਹਾਲ ਹੋਵੇਗੀ। ਇਸ ਲਈ ਦੇਵਬਾਣੀ ਸੰਸਕ੍ਰਿਤ ਵਿੱਚ ਲਿਖੇ ਗ੍ਰੰਥਾਂ ਨੂੰ ਕੇਵਲ ਬ੍ਰਾਹਮਣ ਹੀ ਪੜ੍ਹ ਸਕਦੇ ਸਨ। ਅੱਜ ਵੀ ਹਿੰਦੂਆਂ ਦੇ ਹਰ ਧਾਰਮਿਕ ਸਥਾਨ ਦੀ ਮਾਲਕ ਕੇਵਲ ਬ੍ਰਾਹਮਣ ਜਾਤੀ ਹੀ ਹੈ। ਬ੍ਰਾਹਮਣ ਨੇ ਹੀ ਆਪਣਾ ਇਤਿਹਾਸ ਲਿਖਿਆ, ਸੰਭਾਲਿਆ, ਅੱਗੇ ਤੋਰਿਆ ਹੈ। ਪਰੰਤੂ ਕੇਵਲ ਆਰੀਅਨ ਜਾਤੀਆਂ ਤੱਕ ਸੀਮਤ ਰੱਖ ਕੇ ਤਾਂ ਕਿ ਉਹ ਆਪਣੀ ਹਕੀਕਤ ਤੋਂ ਵਾਕਫ਼ ਰਹਿਣ ਅਤੇ ਹਰ ਸੰਭਵ ਯਤਨ ਕਰਕੇ, ਦੇਸ਼ ਦੀ ਰਾਜਸੀ, ਆਰਥਿਕ, ਧਾਰਮਿਕ, ਸਮਾਜਿਕ, ਵਿੱਦਿਅਕ ਤੇ ਸਦਾਚਾਰਕ ਸ਼ਕਤੀ ਆਪਣੇ ਕਾਬੂ ਵਿੱਚ ਰੱਖਕੇ, ਸ਼ੂਦਰ ਬਹੁਜਨ ਸਮਾਜ ਨੂੰ ਅਣਜਾਣ ਅਤੇ ਗੁਲਾਮ ਬਣਾ ਕੇ ਰੱਖ ਸਕਣ। ਉਹਨਾਂ ਦੀ ਘਾਲ ਕਮਾਈ ਲੁੱਟ ਕੇ ਸੁਰਗਮਈ ਐਸ਼ ਕਰ ਸਕਣ।

26 ਜਨਵਰੀ 1950 ਦੇ ਸੰਵਿਧਾਨਕ ਮੌਲਿਕ ਅਧਿਕਾਰਾਂ ਦੀ ਪ੍ਰਾਪਤੀ ਤੋਂ ਬਾਅਦ ਜਦੋਂ ਸ਼ੂਦਰ ਜਾਤੀਆਂ ਨੂੰ ਪੜ੍ਹਨ ਲਿਖਣ ਦਾ ਮੌਕਾ ਮਿਲਿਆ ਤਾਂ ਵੀ, ਬ੍ਰਾਹਮਣੀ ਸਰਦਾਰੀ ਹੇਠ, ਜੋ ਵਿੱਦਿਆ ਪ੍ਰਚੱਲਤ ਕੀਤੀ ਗਈ ਉਸ ਦਾ ਮਨੋਰਥ ਵੀ, ਇਸ ਆਰੀਅਨ ਤੇ ਅਨਆਰੀਅਨ ਇਤਿਹਾਸ ਤੋਂ ਸਮਾਜ ਨੂੰ ਕਿਵੇਂ ਨਾ ਕਿਵੇਂ ਕੋਰਾ ਰੱਖਣਾ ਹੀ ਸੀ। ਭਾਰਤ ਦੇ ਕਰੋੜਾਂ ਸ਼ੂਦਰ, ਜਮਾਤਾਂ ਵਿੱਚ ਆਰੀਅਨ ਤੇ ਦਰਾਵੜ ਸੱਭਿਅਤਾ ਬਾਰੇ ਪੜ੍ਹ ਲਿਖ ਕੇ ਵੀ, ਆਪਣੀ ਹਕੀਕਤ ਨਹੀਂ ਜਾਣ ਸਕੇ। ਕਿਉਂਕਿ ਉਹਨਾਂ ਨੂੰ ਹਜਾਰਾਂ ਵਰ੍ਹਿਆਂ ਵਿੱਚ ਦਿਸ਼ਾਹੀਣ ਕਰ ਦਿੱਤਾ ਗਿਆ ਸੀ। ਦਿਸ਼ਾਹੀਣ, ਪਹਿਲਾਂ ਉਹਨਾਂ ਨੂੰ ਪੰਡਿਆਂ ਤੇ ਪਰੋਹਿਤਾਂ ਰਾਹੀਂ ਕੀਤਾ ਗਿਆ, ਫੇਰ ਅਧਿਆਪਕਾਂ ਰਾਹੀਂ। ਮੁਢਲੇ ਰੂਪ ਵਿੱਚ ਭਾਰਤ ਵਿੱਚ ਪੈਦਾ ਹੋਇਆ ਅਧਿਆਪਕ ਵਰਗ ਕੇਵਲ ਬ੍ਰਾਹਮਣ, ਵੈਸ਼, ਬਾਣੀਆਂ ਸੀ। ਜਦੋਂ ਸ਼ੂਦਰ ਵਰਗ ਅਧਿਆਪਕ ਵਰਗ ਵਿੱਚ ਸ਼ਾਮਲ ਹੋਇਆ ਤਾਂ ਉਸਨੂੰ ਬ੍ਰਾਹਮਣ ਜਾਂ ਵੈਸ਼ ਵੱਲੋਂ ਹੀ ਦਿਸ਼ਾ ਅਤੇ ਵਿੱਦਿਆ ਮਿਲੀ ਸੀ।

ਯੂਨੀਵਰਸਿਟੀਆਂ ਅਤੇ ਕਾਲਜ ਤਾਂ ਖ਼ਾਸ ਕਰਕੇ, ਸ਼ੂਦਰਾਂ ਲਈ ਚੰਗੀ ਨੌਕਰੀ ਜਾਂ ਰੋਟੀ ਦਾ ਸਾਧਨ ਹੀ ਬਣੇ। ਇਹ ਸੰਸਥਾਵਾਂ ਬਹੁਗਿਣਤੀ ਸ਼ੂਦਰ ਵਿਦਿਆਰਥੀਆਂ ਲਈ ਫੁਕਰਾਪੰਥੀ ਜਾਂ ਖ਼ਰਮਸਤੀਆਂ ਕਰਨ ਦੇ ਸਥਾਨ ਵੀ ਬਣੀਆਂ। ਜਿੰਨੀ ਵੀ ਜਿਸ ਕਿਸਮ ਦੀ ਵਿੱਦਿਆ ਸ਼ੂਦਰ ਵਿਦਿਆਰਥੀਆਂ ਨੇ ਪ੍ਰਾਪਤ ਕੀਤੀ, ਉਹ ਦਿਸ਼ਾਹੀਣ ਸੀ ਅਤੇ ਕੇਵਲ ਰੋਟੀ ਰੋਜ਼ੀ ਤੱਕ ਸੀਮਤ ਹੋ ਕੇ ਰਹੀ। ਉਹਨਾਂ ਨੂੰ ਇਤਿਹਾਸ ਵੀ ਮਿਥਿਹਾਸ ਦੱਸ ਕੇ ਪੜ੍ਹਾਇਆ ਗਿਆ। ਅੱਜ ਭਾਰਤੀ ਸਕੂਲਾਂ ਵਿੱਚ ਸ਼ੂਦਰ ਵਰਗ ਦਾ ਵੱਡੀ ਗਿਣਤੀ 'ਚ ਪਰਵੇਸ਼ ਹੋਇਆ ਹੈ ਪਰੰਤੂ ਨੜਿੱਨਵੇਂ ਫੀਸਦੀ ਵਰਗ 'ਹਿੰਦੂ ਆਰੀਅਨ ਸੰਸਕ੍ਰਿਤੀ' ਦਾ ਰੱਖਿਅਕ ਸਾਬਤ ਹੋਇਆ ਹੈ ਤੇ ਜਾਤੀਵਾਦੀ ਮਾਨਸਿਕਤਾ ਦਾ ਸ਼ਿਕਾਰ ਰਿਹਾ ਹੈ।

ਵਾਲਮੀਕ ਅਤੇ ਬੁੱਧ ਨੂੰ ਤਾਂ ਲੱਗਭੱਗ ਵਿੱਦਿਅਕ ਖੇਤਰਾਂ ਵਿੱਚ ਆਉਣ ਹੀ ਨਹੀਂ ਦਿੱਤਾ ਗਿਆ। ਨਾਮਦੇਵ, ਕਬੀਰ, ਰਵਿਦਾਸ, ਨਾਨਕ ਆਦਿ ਗੁਰੂਆਂ ਦਾ ਪ੍ਰਸੰਗ ਪ੍ਰਭੂ-ਭਗਤੀ ਦੀਆਂ ਪੱਕੀਆਂ ਦੀਵਾਰਾਂ ਵਿੱਚ ਬੰਨ੍ਹ ਕੇ ਖੜ੍ਹਾ ਕਰ ਦਿੱਤਾ ਗਿਆ। ਜੋਤੀ ਰਾਉ ਫੂਲੇ, ਸ਼ਾਹੂ ਛਤਰਪਤੀ ਤੇ ਡਾਕਟਰ ਅੰਬੇਡਕਰ ਅਤੇ ਪੈਰੀਆਰ ਈ.ਵੀ. ਰਾਮਾਸਵਾਮੀ ਨਾਈਕਰ ਵਰਗੇ ਮਹਾਨ ਵਿੱਦਵਾਨਾਂ ਅਤੇ ਸਮਾਜਕ ਚਿੰਤਕਾਂ ਨੂੰ ਸਕੂਲਾਂ ਕਾਲਜਾਂ ਦੀ ਵਿੱਦਿਆ ਦੇ ਨੇੜੇ ਨਹੀਂ ਫੜਕਣ ਦਿੱਤਾ ਗਿਆ।

ਹਾਲਾਤ ਇਸ ਕਿਸਮ ਦੇ ਬਣ ਗਏ ਕਿ ਜੇ ਕੋਈ ਗਿਆਨ ਇਸ ਤਰਫੋਂ ਆਇਆ ਵੀ ਉਸਨੂੰ ਪੜ੍ਹਨ ਦੀ ਲੋਕਾਂ ਅੰਦਰੋਂ ਰੁਚੀ ਹੀ ਖ਼ਤਮ ਹੋ ਗਈ। ਜਦੋਂ ਕੁੱਝ ਸਮਾਜ ਇਸ ਤਰਫ਼ ਰੁਚੀ ਵਿਖਾਉਣ ਲੱਗਾ ਹੈ ਤਾਂ ਰਮਾਇਣ, ਮਹਾਂਭਾਰਤ ਤੇ ਚਾਣਕੀਆ ਦੇ ਸੀਰੀਅਲਾਂ ਦੀ ਅਵਾਜ ਕੱਚਿਆਂ ਕੋਠਿਆਂ ਵਿੱਚ ਵੀ ਗੂੰਜਣ ਲੱਗੀ। ਸ਼ਾਂਤੀ, ਘੁਟਣ, ਸਵੈਅਭਿਮਾਨ, ਚੰਦਰਕਾਂਤਾ ਸਭ ਆਰੀਆ ਪੁੱਤਰਾਂ ਦੀ ਕਥਾ ਕਹਾਣੀ ਹੈ। ਜਾਣੀ ਸੰਸਾਰ ਇਹਨਾਂ ਦਾ ਹੀ ਹੈ। ਗੱਲ ਕੀ ਬਹੁਜਨ ਸਮਾਜ ਦਾ ਸੁਰ, ਪੂਰੇ ਦਾ ਪੂਰਾ, ਕਾਬਜ ਜਾਤੀਆਂ ਨਾਲ ਘਿਉ ਖਿਚੜੀ ਹੈ। ਹਰ ਪਾਸੇ ਰਾਮ ਜਾਣੇ ਜਾਂ ਹਾਏ ਰਾਮ ਜੀ! ਸੁਣਾਈ ਦਿੰਦਾ ਹੈ। ਪੱਕੇ ਰਾਗ ਤੇ ਕੱਚੇ ਰਾਗ ਦਾ ਪਤਾ ਨਹੀਂ ਲੱਗਦਾ ਕਿ ਕਿਸ ਸਮੇਂ ਉਹ ਸਿਰ ਤੋਂ ਪੈਰਾਂ ਤੱਕ ਦਾ ਸੁਰਤਾਲ ਇੱਕਸੁਰ ਕਰ ਦਿੰਦੇ ਹਨ। ਸਵਾਰਡ ਆਫ ਟੀਪੂ ਸੁਲਤਾਨ, ਪਹਿਲਾਂ ਹਾਕਮ ਜਮਾਤਾਂ ਨੂੰ ਫਿੱਟ ਨਹੀਂ ਸੀ ਬੈਠਦੀ ਤੇ ਫਿਰ ਗੁਲਾਮ ਲੋਕਾਂ ਨੂੰ। ਹੁਣ ਰਾਣੀ ਝਾਂਸੀ ਹਾਜਰ ਹੈ।

ਤੇ ਹੁਣ ਜਦੋਂ ਭਾਰਤ ਦੀਆਂ ਬਾਦਸ਼ਾਹੀਆਂ ਇੱਕ ਵਾਰ ਫੇਰ ਬਦਲਣ ਵਾਲੀਆਂ ਹਨ, ਹਮਾਮ 'ਚੋਂ ਜਿਹੜਾ ਵੀ ਨਿੱਕਲਦਾ ਹੈ, ਕੋਈ ਹਮਸਫਰ ਉਸਦੇ ਕੱਪੜੇ ਵੀ ਚੁੱਕ ਕੇ ਲੈ ਗਿਆ ਦਿਸਦਾ ਹੈ। ਜਿਹੜੇ ਬਾਹਰ ਲੰਬੇ ਚੋਲੇ ਤੇ ਬੁਰਕੇ ਪਾਈ ਫਿਰਦੇ ਹਨ, ਉਹ ਵੀ ਵਸਤਰ ਕਿੱਲੀ 'ਤੇ ਟੰਗ ਕੇ ਸੁਰਗਮਈ ਹਮਾਮ ਵਿੱਚ ਛਾਲਾਂ ਮਾਰਨ ਲਈ ਤਿਆਰ ਬੈਠੇ ਹਨ।

ਜਲਦੀ ਹੀ ਇੱਕ ਵਾਰ ਫੇਰ ਦੇਵਤੇ ਤੇ ਸ਼ੂਦਰ ਅੰਮ੍ਰਿਤ ਰਿੜਕਣਗੇ। ਸ਼ੇਸ਼ ਨਾਗ ਦੀਆਂ ਸਿਰੀਆਂ ਵੱਲ ਸ਼ੂਦਰ ਬਹੁਜਨ ਹੋਣਗੇ ਤੇ ਪੂਛ ਵੱਲ ਦੇਵਤਿਆਂ ਦੀ ਸੰਤਾਨ। ਅੰਮ੍ਰਿਤ ਤਾਂ ਨਿੱਕਲੇਗਾ। ਪਰ ਕੋਈ ਨਰਾਇਣ, ਇੱਕ ਅੱਤ ਸੁੰਦਰ ਮੋਹਣੀ ਦਾ ਰੂਪ ਧਾਰ ਕੇ, ਸ਼ੂਦਰ ਲਾਣੇ ਨੂੰ ਅੱਖ ਮਟੱਕਿਆਂ ਨਾਲ ਵਰਗਲਾ ਕੇ ਸ਼ੂਦਰਾਂ ਤੇ ਦੇਵਤਿਆਂ ਵਿਚਕਾਰ ਅੰਮ੍ਰਿਤ ਵੰਡਣ ਲਈ ਅਵਤਾਰ ਲਵੇਗਾ। ਬਹੁਜਨ, ਮੋਹਣੀ ਸੂਰਤ 'ਤੇ ਮਰ ਮਿਟੇਗਾ ਤੇ ਦੇਵਤੇ ਸਾਰਾ ਅੰਮ੍ਰਿਤ ਪੀ ਜਾਣਗੇ ਤੇ ਸੁਰਗ ਦਾ ਰਾਜ ਆਪਣੇ ਹੱਥਾਂ 'ਚ ਲੈ ਜਾਣਗੇ। ਰਾਹੂ ਇਹ ਦੇਖਕੇ ਚੀਕ ਪਵੇਗਾ ਤਾਂ ਉਸਦਾ ਗਲਾ ਕੱਟ ਦਿੱਤਾ ਜਾਵੇਗਾ।

ਇਹ ਸੋਚ ਕੇ ਕਿ ਸ਼ੂਦਰਾਂ ਨੂੰ ਸੱਚਾਈ ਦੀ ਸਮਝ ਪੈ ਸਕੇ ਤੇ ਵਿਸ਼ਾਲ ਸਮੁੰਦਰ ਰਿੜਕ ਕੇ ਅੰਮ੍ਰਿਤ ਕੱਢ ਸਕਣ ਦੇ ਸਮਰੱਥ ਇਹ ਤਕੜੇ ਡੌਲਿਆਂ ਵਾਲੇ ਲੋਕ, ਮੁੱਠੀ ਭਰ ਦੇਵਤਿਆਂ ਦੀ ਮੋਹਣੀ ਸੂਰਤ ਤੋਂ ਬਚ ਸਕਣ ਅਤੇ ਅੰਮ੍ਰਿਤ ਪਾਨ ਕਰਕੇ, ਆਪਣੇ ਹਜਾਰਾਂ ਵਰ੍ਹਿਆਂ ਤੋਂ ਖੁੱਸੇ ਸੁਰਗ ਦਾ ਰਾਜ ਪ੍ਰਾਪਤ ਕਰ ਸਕਣ, ਅਸੀਂ ਜੋਤੀ ਰਾਉ ਫੂਲੇ ਦੇ ਗਿਆਨ ਨੂੰ ਸਮਾਜ ਤੱਕ ਲੈ ਜਾਣ ਦਾ ਯਤਨ ਕਰ ਰਹੇ ਹਾਂ, ਜੋ ਸਾਨੂੰ ਗੁਲਾਮਗਿਰੀ 'ਚੋਂ ਪ੍ਰਾਪਤ ਹੋਇਆ ਹੈ।

ਇਸ ਸਮੇਂ ਸਾਡੇ ਸਾਹਮਣੇ 'ਮਦ ਭਾਗਵਤ ਸੁਖ ਸਾਗਰ ਸਕੰਦ ਪੁਰਾਣ', ਹਿੰਦੂਆਂ ਦਾ ਧਾਰਮਿਕ ਗ੍ਰੰਥ ਪਿਆ ਹੈ। (ਹਿੰਦੀ-ਪੰਜਾਬੀ ਰੂਪ) ਜੋਤੀ ਰਾਉ ਫੂਲੇ ਦਰਸ਼ਨ (ਭਾਵ ਗਿਆਨ) ਦਾ ਪ੍ਰਸੰਗ ਮਦ ਭਾਗਵਤ ਵਿੱਚੋਂ ਬੜੇ ਸਾਫ਼ ਸ਼ਬਦਾਂ ਵਿੱਚ ਮਿਲਦਾ ਹੈ। ਜਿਸਨੂੰ ਪੜ੍ਹਨ ਉਪਰੰਤ ਇਤਿਹਾਸ ਦੀਆਂ ਠੋਸ ਹਕੀਕਤਾਂ ਸਾਹਮਣੇ ਆਉਂਦੀਆਂ ਹਨ, ਜਿੰਨ੍ਹਾਂ ਵਿੱਚੋਂ ਮਹੱਤਵਪੂਰਨ ਅਤੇ ਪ੍ਰਸੰਗਕ ਹਵਾਲੇ ਪੇਸ਼ ਕਰਨੇ ਅਤੀ ਜ਼ਰੂਰੀ ਹਨ, ਤਾਂ ਕਿ ਸਮਾਜ ਔਝੜੇ ਰਾਹਾਂ ਤੋਂ ਪਰਤ ਕੇ ਸਿੱਧੇ ਰਾਹ ਤੇ ਸਹੀ ਦਿਸ਼ਾ ਵੱਲ ਤੁਰ ਸਕੇ ਅਤੇ ਗੁਲਾਮੀ ਤੋਂ ਛੁੱਟ ਸਕੇ।

ਮੁਢਲੇ ਰੂਪ ਵਿੱਚ ਅਸੀਂ ਇਹ ਹਵਾਲਾ (ਨਾ ਕਿ ਹਵਾਲਾ ਕਾਂਡ) ਪੇਸ਼ ਕਰਾਂਗੇ ਕਿ ਆਰੀਆ ਲੋਕ ਭਾਰਤ ਵੱਲ ਕਿਉਂ ਆਏ? (ਅਧਿਆਇ 19, ਸਫਾ 175 ਮਦ ਭਾਗਵਤ) ਕਿਹੋ ਜੇਹੀ ਭੂਮੀ ਸੀ ਇਹ ਦੇਸ਼ ਬਦੇਸ਼ੀਆਂ ਵਾਸਤੇ? ਇਸ ਤਰ੍ਹਾਂ ਲਿਖਿਆ ਹੈ :-

"ਦੀਪਾਂ ਵਿੱਚ ਭਾਰਤ ਖੰਡ ਬਹੁਤ ਉੱਤਮ ਹੈ। . .ਏਥੋਂ ਦੀ ਧਰਤੀ ਬਹੁਤ ਪਵਿੱਤਰ ਹੈ ਅਤੇ ਜੋ ਤਪ ਤੇ ਭਜਨ ਏਥੇ ਕਰਦਾ ਹੈ ਉਹ ਸੁਰਗ ਵਿੱਚ ਉਸਦਾ ਸੁੱਖ ਭੋਗਦਾ ਹੈ. . ਚਾਰਾਂ ਵਰਨਾਂ ਦਾ ਵਿਹਾਰ ਕੇਵਲ ਭਾਰਤ ਖੰਡ ਵਿੱਚ ਹੈ। ਦੂਸਰੇ ਖੰਡ ਦੇ ਲੋਕ ਇਸ ਤਰ੍ਹਾਂ ਨਹੀਂ ਜਾਣਦੇ। . . . ਭਾਰਤ ਖੰਡ ਦੇ ਜੀਵ ਪਵਿੱਤਰ ਭਜਨ ਅਤੇ ਸਿਮਰਨ ਨਾਰਾਇਣ ਜੀ ਦਾ ਕਰਨ 'ਤੇ ਭਵਸਾਗਰ ਤੋਂ ਪਾਰ ਉੱਤਰ ਜਾਂਦੇ ਹਨ ਅਤੇ ਦੂਸਰੇ ਖੰਡਾਂ ਅਤੇ ਦੀਪਾਂ ਵਿੱਚ ਇਹ ਬਾਤ ਪ੍ਰਾਪਤ ਨਹੀਂ ਹੋਏਗੀ। ਜਦੋਂ ਦੇਵਤੇ (ਭਾਵ ਆਰੀਆ ਲੋਕ-ਬ੍ਰਾਹਮਣ) ਆਪਣੇ ਆਪਣੇ ਵਿਮਾਨਾਂ 'ਤੇ ਬੈਠ ਕੇ ਮੰਦਰਾਚਲ ਪਹਾੜ ਤੋਂ ਗੁਜਰ ਕੇ ਆਉਂਦੇ ਹਨ (ਆਰੀਅਨ ਲੋਕ ਸਮੁੰਦਰੀ, ਪਹਾੜੀ ਤੇ ਕੱਚੇ ਤਿੰਨੋਂ ਰਸਤਿਆਂ ਰਾਹੀਂ ਭਾਰਤ ਆਏ ਸਨ) ਤਾਂ ਭਾਰਤ ਖੰਡ ਦੇ ਮਨੁੱਖ ਨੂੰ ਦੇਖਕੇ (ਭਾਵ ਉੱਤਮ ਦਰਾਵੜ ਸੱਭਿਅਤਾ ਦੇਖਕੇ) ਆਪਣੇ ਆਪ ਨੂੰ ਛੋਟਾ ਸਮਝਦੇ ਅਤੇ ਕਹਿੰਦੇ ਕਿ ਅਸੀਂ ਲੋਕ ਇਸ ਕਾਬਲ ਨਹੀਂ ਜੋ ਇਸ ਉੱਤਮ ਪਦਵੀ 'ਤੇ ਪਹੁੰਚ ਸਕੀਏ। ਭਾਰਤ ਖੰਡ ਦੇ ਜੀਵ (ਦਰਾਵੜ ਲੋਕ) ਸ਼ੁਭ ਕੰਮ ਕਰਕੇ ਜਿੰਨੀ ਵੱਡੀ ਪਦਵੀ ਨੂੰ ਚਾਹੁਣ ਪਹੁੰਚ ਸਕਦੇ ਹਨ। . . ਭਾਰਤ ਖੰਡ ਵਿੱਚ ਕਈ ਤੀਰਥ ਹਨ। ਚਿਤਰਕੂਟ ਅਤੇ ਗਵਰਧਨ ਆਦਿ ਬਹੁਤ ਸਾਰੇ ਪਰਬਤ ਹਨ। ਸਰਸਵਤੀ ਅਤੇ ਗੰਗਾ ਆਦਿ ਅਨੇਕ ਨਦੀਆਂ ਹਨ, ਜਿੰਨ੍ਹਾਂ ਦਾ ਨਾਮ ਲੈਣ ਅਤੇ ਇਸ਼ਨਾਨ ਕਰਨ ਨਾਲ ਮਨੁੱਖ ਦੇ ਸਭ ਪਾਪ ਦੂਰ ਹੋ ਜਾਂਦੇ ਹਨ ਅਤੇ ਮਨੁੱਖ ਦੀ ਸ਼ੁੱਧੀ ਹੋ ਜਾਂਦੀ ਹੈ। ਇਸ ਲਈ ਦੇਵਤਾ ਲੋਕ ਕਹਿੰਦੇ ਹਨ ਕਿ ਭਾਰਤ ਖੰਡ ਚੰਗਾ ਹੈ। ਭਾਰਤ ਖੰਡ ਦੇ ਜੋ ਮਨੁੱਖ ਹਨ ਉਹ ਬੜੇ ਪੁੰਨੀ (ਨੇਕ) ਹਨ।"

ਇਹ ਗੱਲ ਉਸ ਸਮੇਂ ਦੇ ਭਾਰਤ ਦੀ ਸੁੰਦਰ ਤਸਵੀਰ ਪੇਸ਼ ਕਰਦੀ ਹੈ ਅਤੇ ਸਾਬਤ ਕਰਦੀ ਹੈ ਕਿ ਆਰੀਅਨ ਦੇਵਤੇ ਭਾਰਤ ਵੱਲ ਕਿਉਂ ਆਏ? ਖ਼ਾਸ ਗੱਲ ਇਹ ਵੀ ਨੋਟ ਕਰਨ ਵਾਲੀ ਹੈ ਕਿ ਆਰੀਆਂ ਦੇ ਆਉਣ ਸਮੇਂ ਇਸ ਦੇਸ਼ ਦਾ ਨਾਂ "ਭਾਰਤ" ਸੀ। ਇਸੇ ਕਰਕੇ ਬਾਬਾ ਸਾਹਿਬ ਨੇ ਸੰਵਿਧਾਨ 'ਚ ਲਿਖਿਆ, "ਇੰਡੀਆ ਦੈਟ ਇਜ ਭਾਰਤ।"

'ਮਦ ਭਾਗਵਤ ਗ੍ਰੰਥ' ਹਿੰਦੂਆਂ ਲਈ ਪੜ੍ਹਨਾ ਜ਼ਰੂਰੀ ਕਰਨ ਲਈ ਇਹ ਕਿਹਾ ਗਿਆ ਹੈ,

"ਜੋ ਕੋਈ ਪੋਥੀ ਮਦ ਭਾਗਵਤ, ਸੋਨੇ ਦੇ ਸਿੰਘਾਸਣ 'ਤੇ ਰੱਖ ਕੇ ਵੈਸ਼ਨੋ ਅਤੇ ਸਾਧੂਆਂ ਨੂੰ ਦਾਨ ਦਿੰਦਾ ਹੈ ਉਸਨੂੰ ਪਰਮੇਸ਼ਰ ਆਪਣੀ ਜੋਤ ਵਿੱਚ ਮਿਲਾ ਲੈਂਦਾ ਹੈ। ਜਿਸਨੇ ਮਨੁੱਖਾ ਜਨਮ ਲੈ ਕੇ ਭਾਗਵਤ ਕਥਾ ਨਹੀਂ ਸੁਣੀ ਉਸਨੂੰ ਧਿਕਾਰ ਹੈ ਅਤੇ ਉਸਨੂੰ ਚੰਡਾਲ ਦੇ ਬਰਾਬਰ ਸਮਝਣਾ ਚਾਹੀਦਾ ਹੈ।" (ਸਫਾ 6) ਸਪੱਸ਼ਟ ਹੈ ਕਿ ਹਿੰਦੂ ਗ੍ਰੰਥ ਸ਼ੂਦਰਾਂ ਚੰਡਾਲਾਂ ਨੂੰ ਪੜ੍ਹਨ ਦੀ ਆਗਿਆ ਨਹੀਂ ਸੀ।

(ਕਥਾ ਸਫਾ 8 ਤੋਂ 10 ਤੱਕ) ਇੱਕ ਬ੍ਰਾਹਮਣ, ਪੁੱਤਰ ਨਾ ਹੋਣ ਕਾਰਨ ਜੰਗਲਾਂ ਵਿੱਚ ਚਲਾ ਗਿਆ, ਜਿੱਥੇ ਉਸਨੂੰ ਇੱਕ ਸੰਨਿਆਸੀ ਮਹਾਂਪੁਰਖ ਮਿਲਿਆ, ਜਿਸਨੇ ਅੰਤ ਬ੍ਰਾਹਮਣ ਦੇਵਤੇ ਦਾ ਹੱਠ ਵੇਖਕੇ ਇੱਕ ਫਲ ਦਿੱਤਾ, ਜੋ ਉਸਦੀ ਔਰਤ ਲਈ ਸੀ। ਪਰ ਸਹੇਲੀ ਦੇ ਕਹਿਣ 'ਤੇ ਬ੍ਰਾਹਮਣੀ ਨੇ ਫਲ ਨਾ ਖਾਧਾ। ਉਸਦੀ ਭੈਣ ਆ ਗਈ। ਉਸਨੂੰ ਬੱਚਾ ਹੋਣ ਵਾਲਾ ਸੀ। ਭੈਣ ਨੇ ਕਿਹਾ ਕਿ ਤੂੰ ਆਪਣੇ ਪਤੀ ਕੋਲ ਕਹਿ ਦੇ ਕਿ ਤੇਰੇ ਬੱਚਾ ਹੋਣ ਵਾਲਾ ਹੈ। ਤੂੰ ਮੇਰਾ ਇਹ ਬੱਚਾ ਲੈ ਲਵੀਂ। ਤਾਂ ਬ੍ਰਾਹਮਣੀ ਨੇ ਖ਼ੁਸ਼ੀ ਵਿੱਚ (ਗਲਤੀ ਕਰਦਿਆਂ) ਫਲ ਇੱਕ ਗਊ ਨੂੰ ਖੁਆ ਦਿੱਤਾ। ਭੈਣ ਨੂੰ ਛੁਪਾ ਕੇ ਰੱਖਿਆ। ਦਸਵੇਂ ਮਹੀਨੇ ਪਤੀ ਨੂੰ ਬੁਲਾ ਲਿਆ ਕਿ ਉਸਦੇ ਪੇਟੋਂ ਬੱਚਾ ਪੈਦਾ ਹੋ ਗਿਆ ਹੈ। ਬ੍ਰਾਹਮਣ ਬਹੁਤ ਹੀ ਖ਼ੁਸ਼ ਹੋਇਆ।

ਦੂਜੇ ਪਾਸੇ, 'ਜਦੋਂ ਦੋ ਮਹੀਨੇ ਦਾ ਧੁੰਧਕਾਰੀ (ਬੱਚੇ ਦਾ ਨਾਂ) ਹੋਇਆ ਤਾਂ ਗਊ ਨੂੰ ਵੀ ਉਸ ਫਲ ਦੇ ਪ੍ਰਤਾਪ ਕਾਰਨ ਇੱਕ ਬਹੁਤ ਸੁੰਦਰ ਲੜਕਾ ਮਨੁੱਖ ਰੂਪ 'ਚ ਜਨਮਿਆਂ ਪਰ ਉਸ ਬਾਲਕ ਦੇ ਦੋਨੋਂ ਕੰਨ ਗਊ ਵਾਂਗ ਸਨ। ਉਸਨੂੰ ਵੇਖ ਕੇ ਬ੍ਰਾਹਮਣ ਨੇ ਬਹੁਤ ਖ਼ੁਸ਼ੀ ਨਾਲ ਉਸ ਦਾ ਨਾਮ ਗੋਕਰਣ ਰੱਖਿਆ. . . ਉਹ ਦੋਨੋਂ ਬਾਲਕ ਸਿਆਣੇ ਹੋਏ ਤਾਂ ਗੋਕਰਣ ਪੜ੍ਹ ਲਿਖ ਕੇ ਵੱਡਾ ਪੰਡਤ ਅਤੇ ਬੁੱਧੀਮਾਨ ਅਤੇ ਧਰਮਾਤਮਾ ਹੋਇਆ ਅਤੇ ਧੁੰਧ-ਕਰਨ ਮਹਾਂ ਮੂਰਖ, ਅਧਰਮੀ, ਚੋਰ ਜੁਆਰੀਆ ਹੋ ਕੇ ਕੁਕਰਮ ਕਰਨ ਲੱਗਾ।' (ਦੇਖੋ ਬ੍ਰਾਹਮਣਾਂ ਦਾ ਕਮਾਲ?)

ਅਸੀਂ ਸੁਣਦੇ ਰਹੇ ਹਾਂ ਕਿ ਹਨੂੰਮਾਨ ਪਵਨ ਪੁੱਤਰ ਕੁਆਰੀ ਕੁੜੀ ਦੇ ਕੰਨ 'ਚੋਂ ਪੈਦਾ ਹੋਇਆ ਸੀ। ਉਹ ਸੈਨਾਪਤੀ ਵੀ ਸੀ। ਉਸਨੇ ਭਗਵਾਨ ਰਾਮ ਦੀ ਪਤਨੀ ਸੀਤਾ ਨੂੰ ਲੱਭਿਆ। ਉਸਨੇ ਰਾਵਣ ਦੀ ਲੰਕਾ ਵੀ ਉਜਾੜੀ। ਉਸਨੂੰ ਸੰਜੀਵਨੀ ਬੂਟੀ ਦਾ ਪਤਾ ਸੀ। ਉਹ ਪਹਾੜ ਚੁੱਕ ਲਿਆਇਆ। ਉਸਨੇ ਹਜਾਰਾਂ ਦਰਾਵੜ ਮਾਰੇ। ਉਹ ਰਾਮ ਰਾਮ ਬੋਲਦਾ ਸੀ ਪਰ ਉਹ ਬਾਂਦਰਾਂ ਦਾ ਮੁਖੀਆ ਸੀ। ਬਾਂਦਰਾਂ ਦਾ ਸੈਨਾਪਤੀ ਸੀ। ਇਸੇ ਕਰਕੇ ਉਸਦੇ ਪੂਛ ਹੈ। ਮੂੰਹ ਤੇ ਪਿੰਡਾ ਬਾਂਦਰਾਂ ਵਰਗਾ ਹੈ। ਉਸਦੇ ਸਾਰੇ ਕੰਮ ਇੱਕ ਅਕਲਮੰਦ, ਲੜਾਕੂ ਤੇ ਬਹਾਦਰ ਜਰਨੈਲ ਵਾਲੇ ਹਨ, ਪਰੰਤੂ ਉਸਨੂੰ ਅੱਜ ਤੱਕ ਲੋਕ ਬਾਂਦਰ ਜਾਤੀ ਦਾ ਮੰਨਦੇ ਹਨ। ਏਧਰ ਕੋਈ ਫਲ ਇੱਕ ਗਾਂ ਖਾਂਦੀ ਹੈ। ਉਸਨੂੰ ਵੀ ਸਮੇਂ ਸਿਰ ਲੜਕਾ ਪੈਦਾ ਹੁੰਦਾ ਹੈ। ਕੰਨ ਉਸਦੇ ਗਾਂ ਵਰਗੇ ਹਨ, ਪਰ ਹੈ ਮਨੁੱਖ। ਉਹ ਪੰਡਤ ਹੈ, ਬੁੱਧੀਮਾਨ ਹੈ ਧਰਮਾਤਮਾ ਹੈ। ਉਸਦੇ ਕੋਈ ਪੂਛ ਨਹੀਂ ਹੈ।

ਫਰਕ ਸਿਰਫ਼ ਇਹ ਹੈ ਕਿ ਹਨੂੰਮਾਨ, ਸ਼ੂਦਰ ਜਾਤੀ ਦੀ ਲੜਕੀ ਅੰਜਨੀ ਦਾ ਪੁੱਤਰ ਹੈ। ਪੌਣ ਦੇਵਤੇ ਨੇ ਉਸ ਨਾਲ ਜ਼ਬਰਦਸਤੀ ਕੀਤੀ ਤਾਂ ਉਹ ਪੈਦਾ ਹੋਇਆ। ਸ਼ੂਦਰਾਣੀ ਦਾ ਪੁੱਤਰ ਹੋਣ ਕਰਕੇ ਉਹ ਬਾਂਦਰ ਹੀ ਰਿਹਾ। ਉਸਦੀ ਪੂਛ ਵੀ ਨਾ ਲਹੀ। ਪਰ ਗਾਂ ਨੇ ਮੁੰਡਾ ਜੰਮਿਆ। ਉਹ ਵੀ ਪੰਡਤ ਤੇ ਬੁੱਧੀਮਾਨ। ਕਿਉਂਕਿ ਜਨਮ-ਫਲ ਬ੍ਰਾਹਮਣ ਸੰਨਿਆਸੀ ਤੋਂ ਮਿਲਿਆ ਸੀ। ਭਾਰਤੀ ਸਮਾਜ ਦੀ ਮੱਤ ਏਨੀ ਮਾਰ ਦਿੱਤੀ ਗਈ ਕਿ ਉਸਨੂੰ ਬ੍ਰਾਹਮਣ ਜੋ ਕਹਿੰਦੇ ਰਹੇ, ਓਹੀ ਮੰਨਦੇ ਰਹੇ ਤੇ ਪਸ਼ੂਆਂ ਵਾਂਗ ਤੁਰਦੇ ਰਹੇ, ਜੰਮਦੇ ਰਹੇ, ਮਰਦੇ ਰਹੇ। ਇਹ ਗੱਲਾਂ ਸਾਨੂੰ ਅਗਲੇ ਪ੍ਰਸੰਗਾਂ ਨੂੰ ਸਮਝਣ ਵਿੱਚ ਸਹਾਈ ਹੋਣਗੀਆਂ।

(ਸਫਾ 21) 'ਫੁੱਲ ਤੋਂ ਬ੍ਰਹਮਾ ਜੀ ਉਤਪੰਨ ਹੋ ਕੇ ਚੌਦਾਂ ਲੋਕਾਂ ਦੀ ਰਚਨਾ ਕਰਦੇ ਹਨ . . . . ਦੂਸਰਾ ਅਵਤਾਰ ਬੈਰਾਹ ਜੀ ਦਾ ਲੈ ਕੇ, ਪਤਾਲ 'ਚੋਂ ਧਰਤੀ ਲੈ ਕੇ ਆਏ। . . . ਸੱਤਵਾਂ ਅਵਤਾਰ ਦੱਤਾਤਰੇ ਜੀ ਦਾ ਅਤਰ ਮੁਨੀ ਤੋਂ ਹੋਇਆ, ਜਿਸਨੇ ਰਾਜਾ ਅਲਕਾਰ ਅਤੇ (ਹਰਨਾਕਸ਼ਪ ਦੇ ਪੁੱਤਰ) ਪ੍ਰਹਿਲਾਦ ਭਗਤ ਨੂੰ 'ਵੇਦਾਂਤ' ਪੜ੍ਹਾਇਆ। . . . ਦਸਵਾਂ ਮੱਛ ਅਵਤਾਰ ਲੈ ਕੇ ਰਾਜਾ ਸਤਬਤ ਦੇ ਸੱਤ ਰਿਸ਼ੀਆਂ ਸਮੇਤ ਨਉਕਾ (ਭਾਵ ਸਮੁੰਦਰੀ ਬੇੜੀ, ਜਿਸ 'ਤੇ ਚੜ੍ਹਕੇ ਆਰੀਆ ਸਮੁੰਦਰੀ ਰਸਤੇ ਭਾਰਤ ਆਏ) 'ਤੇ ਬਿਠਾ ਕੇ ਗਿਆਨ ਉਪਦੇਸ਼ ਕੀਤਾ ਅਤੇ ਉਸੇ ਮਾਇਆ ਦਾ ਕੌਤਕ ਵਿਖਾਇਆ। (ਇਸ ਕੌਤਕ ਬਾਰੇ ਜੋਤੀ ਰਾਉ ਫੂਲੇ ਨੇ ਖੋਲ੍ਹ ਕੇ ਵਰਨਣ ਕੀਤਾ ਹੈ) ਗਿਆਰ੍ਹਵਾਂ ਕੱਛ ਅਵਤਾਰ ਲੈ ਕੇ ਸਮੁੰਦਰ ਮੰਥਣ ਸਮੇਂ ਮੰਦਰਾਚਲ ਪਰਬਤ ਆਪਣੀ ਪਿੱਠ 'ਤੇ ਚੁੱਕਿਆ। ਬਾਰ੍ਹਵਾਂ ਅਵਤਾਰ ਧਨੰਤਰ (ਜਿਸਨੂੰ ਵੇਦਾਂ ਦਾ ਵੈਦ ਕਹਿੰਦੇ ਹਨ) ਦਾ, ਇੱਕ ਕਲਸ ਅੰਮ੍ਰਿਤ ਦਾ ਹੱਥ 'ਚ ਲੈ ਕੇ ਸਮੁੰਦਰ ਦੇ ਬਾਹਰ ਨਿੱਕਲੇ। ਤੇਰ੍ਹਵਾਂ ਅਵਤਾਰ ਮੋਹਨੀ ਮੂਰਤ ਦਾ ਧਾਰ ਕੇ ਦੈਂਤਾਂ (ਭਾਵ ਦਰਾਵੜਾਂ) ਨੂੰ ਆਪਣੀ ਸੁੰਦਰਤਾ 'ਤੇ ਮੋਹਿਤ ਕੀਤਾ ਅਤੇ ਅੰਮ੍ਰਿਤ ਦਾ ਕਲਸ ਉਹਨਾਂ ਤੋਂ ਲੈ ਕੇ, ਸਾਰਾ ਅੰਮ੍ਰਿਤ ਦੇਵਤਿਆਂ ਨੂੰ ਪਿਆਇਆ। ਚੌਦਵਾਂ ਅਵਤਾਰ ਨਰ ਸਿੰਘ ਦਾ ਲੈ ਕੇ ਹਰਨਾਖਸ਼ ਦੈਂਤ (ਭਾਰਤੀ ਮੂਲ ਨਿਵਾਸੀ ਮਹਾਰਾਜਾ) ਨੂੰ ਮਾਰ ਕੇ ਪ੍ਰਹਿਲਾਦ, ਆਪਣੇ ਭਗਤ ਦੀ ਰੱਖਿਆ ਕੀਤੀ। ਪੰਦਰਵਾਂ ਬਾਵਨ ਅਵਤਾਰ ਲੈ ਕੇ ਤਿੰਨ ਕਦਮ ਪ੍ਰਿਥਵੀ (ਭਾਵ ਸਮੁੰਦਰੀ, ਧਰਾਤਲ ਤੇ ਪਹਾੜੀ ਖੇਤਰ, ਮੂਲ ਨਿਵਾਸੀ ਮਹਾਰਾਜਾ ਬਲੀ, ਹਰਨਾਖਸ਼ ਦਾ ਪੜਪੋਤਾ, ਪ੍ਰਹਿਲਾਦ ਦਾ ਪੋਤਾ ਤੇ ਵਿਰੋਚਨ ਦਾ ਲੜਕਾ) ਰਾਜਾ ਬਲੀ ਤੋਂ ਦਾਨ ਲਈ। . . ਉਨ੍ਹੀਵਾਂ ਅਵਤਾਰ ਪਰਸੂ ਰਾਮ ਜੀ ਦਾ ਲੈ ਕੇ ਇੱਕੀ ਵਾਰ ਛੜ੍ਹੀ (ਭਾਵ ਬਹਾਦਰ) ਰਾਜਿਆਂ ਨੂੰ ਮਾਰ ਕੇ (ਜਿਵੇਂ ਮਹਿਮੂਦ ਗਜ਼ਨਵੀ ਨੇ 17 ਹਮਲੇ ਕੀਤੇ ਸਨ) ਪ੍ਰਿਥਵੀ, ਉਹਨਾਂ ਤੋਂ ਖੋਹ ਕੇ (ਜਿੱਤ ਕੇ) ਬ੍ਰਾਹਮਣਾਂ ਨੂੰ ਦਾਨ ਕੀਤਾ। ਵੀਹਵਾਂ ਰਾਮ ਚੰਦਰ ਦਾ ਅਵਤਾਰ ਧਾਰਨ ਕਰਕੇ ਸਮੁੰਦਰ ਦਾ ਹੰਕਾਰ ਤੋੜ ਕੇ ਰਾਵਣ ਨੂੰ ਮਾਰਿਆ . . ਬਾਈਵਾਂ ਸ਼੍ਰੀ ਕ੍ਰਿਸ਼ਨ ਅਵਤਾਰ ਲੈ ਕੇ ਕੰਸ ਅਤੇ ਕਾਲਮਨ ਅਤੇ ਜਰਾਸੰਧ (ਸਾਰੇ ਮੂਲ ਨਿਵਾਸੀ ਰਾਜੇ) ਆਦਿਕ ਅਧਰਮੀ ਰਾਜਿਆਂ ਨੂੰ ਮਾਰਿਆ।' ਇਹਨਾਂ ਆਰੀਅਨ ਅਤੇ ਅਨਆਰੀਅਨ ਭਾਰਤੀ ਰਾਜਿਆਂ ਵਿਚਕਾਰ ਯੁੱਧਾਂ ਦਾ ਵਰਨਣ ਜੋਤੀ ਰਾਉ ਫੂਲੇ ਨੇ ਕੀਤਾ ਹੈ। ਜਿਸਦਾ ਪ੍ਰਮਾਣ ਮਦ ਭਾਗਵਤ ਹੈ, ਜਿਸ ਵਿੱਚ ਸਾਫ਼ ਸ਼ਬਦਾਂ ਵਿੱਚ ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ। ਅਵਤਾਰ ਹੋਣ ਦਾ ਸਿੱਧਾ ਅਰਥ ਹੈ, ਕਿਸੇ ਸ਼ਕਤੀਸ਼ਾਲੀ ਮਨੁੱਖ ਦਾ ਆਪਣੇ ਸਮਾਜ ਦੀ ਸ਼ਕਤੀ ਨੂੰ ਸੰਗਠਤ ਕਰਕੇ ਤੇ ਫਿਰ ਕੋਈ ਕਾਰਗਰ ਢੰਗ ਤਰੀਕਾ ਈਜਾਦ ਕਰਕੇ, ਮੂਲ ਨਿਵਾਸੀ ਰਾਜਿਆਂ ਨੂੰ ਮਾਰਨਾ, ਉਹਨਾਂ ਦਾ ਰਾਜ ਖੋਹਣਾ ਤੇ ਆਰੀਅਨ ਲੋਕਾਂ ਦਾ ਰਾਜ ਸਥਾਪਤ ਕਰਨਾ। ਅਵਤਾਰ, ਦਾਨਸ਼ਮੰਦੀ, ਉੱਤਮ ਤੇ ਤੇਜ ਬੁੱਧੀ ਅਤੇ ਮੌਕਾ ਸ਼ਨਾਖ਼ਸ਼ੀ ਦਾ ਦੂਜਾ ਨਾਮ ਹੈ। ਜਿਵੇਂ (ਸਫ਼ਾ 22) 'ਤੇ ਵਰਨਣ ਹੈ: 'ਪੁਰਖ ਭਗਵਾਨ ਨੇ ਬੋਧ ਅਵਤਾਰ (ਭਾਵ ਅਕਲ ਤੋਂ ਕੰਮ ਲਿਆ, ਇਸ ਅਵਤਾਰ ਦਾ ਮਹਾਤਮਾ ਬੁੱਧ ਨਾਲ ਕੋਈ ਤੁਅੱਲਕ ਨਹੀਂ ਹੈ। ਹਾਂ ਜੈਨ ਮਹਾਂਵੀਰ ਨਾਲ ਕਾਫ਼ੀ ਕੁੱਝ ਮਿਲਦਾ ਹੈ) ਧਾਰ ਕੇ ਸਰੇਵੜੇ ਦਾ ਰੂਪ ਬਣਾ ਲਿਆ ਅਤੇ ਮੈਲਾ ਕੱਪੜਾ ਪਹਿਨਣ ਉਪਰੰਤ ਚੋਰੀ ਤੋਂ ਰੱਸੀ ਨੂੰ ਹੱਥ 'ਚ ਲੈ ਕੇ, ਜਿੱਥੇ ਦੈਂਤ ਲੋਕ ਯੱਗ ਕਰਦੇ ਸੀ, ਉੱਥੇ ਪਹੁੰਚ ਗਏ। (ਤੇ ਕਿਹਾ). . . ਜਿਸ ਜਗ੍ਹਾ ਮਨੁੱਖ ਬੈਠਦਾ ਹੈ, ਉੱਥੇ ਛੋਟੇ-ਛੋਟੇ ਜੀਵ ਉਸ ਦੇ ਹੇਠ ਦੱਬ ਕੇ ਮਰ ਜਾਂਦੇ ਹਨ, ਸੋ ਇਸ ਚੋਰੀ ਨਾਲ ਜਗ੍ਹਾ ਝਾੜ ਕੇ ਬੈਠਣਾ ਚਾਹੀਦਾ ਹੈ। ਫਿਰ ਦੈਂਤਾਂ ਨੇ ਪੁੱਛਿਆ ਤੇਰਾ ਕੱਪੜਾ ਕਿਉਂ ਮੈਲਾ ਹੈ। ਬੋਧ ਜੀ ਨੇ ਕਿਹਾ ਕੱਪੜਾ ਧੋਣ ਨਾਲ ਵੀ ਬਹੁਤ ਜੀਵ ਮਰ ਜਾਂਦੇ ਹਨ। ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਸੁਣਨ 'ਤੇ ਦੈਂਤਾਂ ਦਾ ਮਨ ਮੋਹਿਆ ਗਿਆ ਤਾਂ ਉਹਨਾਂ ਦਾ ਮਨ ਯੱਗ ਕਰਨ ਤੋਂ ਫਿਰ ਗਿਆ। ਉਹਨਾਂ ਨੇ ਆਪਸ ਵਿੱਚ ਕਿਹਾ ਯੱਗ ਕਰਨ ਨਾਲ ਜੀਵ ਹਿੰਸਾ ਹੋਵੇਗੀ। ਯੱਗ ਕਰਨਾ ਸਾਡਾ ਨਿਸ਼ਫਲ ਹੋਵੇਗਾ ਤੇ ਉਸ ਨਾਲ ਸਾਨੂੰ ਹੋਰ ਪਾਪ ਲੱਗੇਗਾ। ਇਹ ਬਾਤ ਸਮਝ ਕੇ ਦੈਂਤਾਂ ਨੇ ਪਰਮੇਸ਼ਰ ਦੀ ਇੱਛਾ ਅਨੁਸਾਰ ਯੱਗ ਕਰਨਾ ਬੰਦ ਕਰ ਦਿੱਤਾ। ਤਾਂ ਉਹਨਾਂ ਦਾ ਧਰਮ ਜਾਂਦਾ ਰਿਹਾ ਅਤੇ ਦੇਵਤਾ ਲੋਕ ਉਹਨਾਂ 'ਤੇ ਕਾਬਜ਼ ਹੋਏ। ਅਸਲ ਵਿੱਚ ਯੱਗ ਦਾ ਅਰਥ ਹੈ ਜਿੱਤਾਂ ਹਾਰਾਂ ਤੇ ਹਮਲਿਆਂ ਦੀ ਸਾਂਝੀ ਮਿਲ ਬੈਠ ਕੇ ਚਰਚਾ ਕਰਨਾ।

ਸਾਰੇ ਹਿੰਦੂ ਗ੍ਰੰਥ ਪੜ੍ਹਨ ਉਪਰੰਤ ਤੇ ਵਰਤਮਾਨ ਹਿੰਦੂ ਯੱਗਾਂ ਨੂੰ ਵੇਖ ਕੇ, ਗੱਲ ਬੜੇ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਕਿ ਯੱਗ ਕਿਸੇ ਸਮਾਜ, ਕਿਸੇ ਕੌਮ, ਕਿਸੇ ਕਬੀਲੇ ਦਾ ਇਕੱਠੇ ਬਹਿ ਕੇ, ਵੱਡੀਆਂ ਮੁਸ਼ਕਲਾਂ, ਵੱਡੇ ਮਨੋਰਥਾਂ ਬਾਰੇ ਵਿਚਾਰ ਕਰਨ ਦਾ ਅਤੇ ਸੰਗਠਤ ਹੋਣ ਦਾ ਤੌਰ ਤਰੀਕਾ ਹੈ।

(ਚਲਦਾ)

# ਮੂਲਵਾਸੀ ਪੰਜਾਬੀ ਕਾਵਿ ਚਿੰਤਨ-ਇੱਕ ਦ੍ਰਿਸ਼ਟੀਕੋਣ

## ਮੂਲ ਸਮੱਸਿਆ ਅਤੇ ਭਵਿੱਖ



ਫਤਿਹਜੰਗ ਸਿੰਘ
91-98726-70278

**(ਛੇਵੀਂ ਕਿਸਤ)**

ਜਦੋਂ ਉਸ ਦੀ ਆਵਾਜ਼ ਦੀ ਸਿੰਘ ਗਰਜਣ ਸਰਕਾਰ ਨੂੰ ਕਾਂਬਾ ਛੇੜਦੀ ਤਾਂ ਉਸ ਨੂੰ ਪਿੰਜਰੇ ਪਾ ਦਿੱਤਾ ਜਾਂਦਾ। ਅੰਤਾਂ ਦਾ ਤਸ਼ੱਦਦ ਕੀਤਾ ਜਾਂਦਾ, ਪਰ ਉਹ ਸ਼ੇਰ ਸੀ, ਸ਼ੇਰ ਹੀ ਰਿਹਾ ਕਿਤੇ ਗਿੱਦੜ ਨਹੀਂ ਬਣਿਆ। ਉਸ ਨੂੰ ਮਾਰਕਸੀ ਸਮਝਿਆ ਜਾਂਦਾ ਸੀ, ਪਰ ਜੇ ਸੀ ਤਾਂ ਉਹ ਸੱਚਾ ਮਾਰਕਸੀ ਸੀ, ਬਣਾਉਟੀ ਜਾਂ ਬੇਈਮਾਨ ਨਹੀਂ ਸੀ। ਗੁਰਦਾਸ ਰਾਮ ਆਲਮ ਵੱਲੋਂ ਪੇਸ਼ ਕੀਤੇ ਕਮਿਊਨਿਸਟਾਂ ਦੇ ਕਿਰਦਾਰ 'ਕਮਿਊਨਿਸਟ ਵੀ ਕਹਾਉਂਦੇ ਸਨ ਤੇ ਜੇਲ੍ਹ ਜੁਰਮਾਨਿਆਂ ਤੋਂ ਵੀ ਡਰਦੇ ਸਨ' ਵਾਲਾ ਨਹੀਂ ਸੀ ਉਦਾਸੀ। ਉਹ ਜੇਲ੍ਹ ਗਿਆ, ਤਸੱਦਦ ਇੰਨੇ ਸਹੇ ਕਿ ਸਰੀਰਕ ਪੱਖੋਂ ਅਪਾਹਜ ਹੋ ਗਿਆ ਪਰ ਆਪਣਾ ਕਿਰਦਾਰ ਨਾ ਬਦਲਿਆ। ਕੋਈ ਉਸਨੂੰ ਨਕਸਲਵਾੜੀਆ ਕਹਿੰਦਾ, ਕੋਈ ਅਤਿਵਾਦੀ ਕੋਈ ਖਾੜਕੂ। ਪਰ ਉਹ ਇਨਸਾਨਾਂ ਦਾ ਇਨਸਾਨ-ਸੱਚਾ ਇਨਸਾਨ ਸੀ। ਉਸਦੀ ਕਲਮ, ਜ਼ਬਾਨ ਅਤੇ ਗਲਾ ਇਨਸਾਨੀਅਤ ਨੂੰ ਸਮਰਪਣ ਰਹੇ। ਇਸੇ ਲਈ ਉਸਦੇ ਬੋਲਾਂ ਵਿੱਚ ਪਰਪੱਕਤਾ ਸੀ, ਆਵਾਜ਼ ਵਿੱਚ ਦਮ ਸੀ, ਗਲੇ ਵਿੱਚ ਗਰਜ਼ ਸੀ। ਨਿਡਰਤਾ ਤੇ ਬੇਬਾਕੀ ਦਾ ਮੁਜੱਸਮਾ ਸੀ ਉਹ ਜੋ ਉਸ ਨੇ ਸਚਾਈ ਕਹਿੰਦਿਆਂ ਇੰਨ੍ਹਾਂ ਦਾ ਪੱਲਾ ਨਹੀਂ ਛੱਡਿਆ। ਸਮਾਜ ਦਾ ਕੋਈ ਪੱਖ ਉਸ ਨੇ ਅਣਛੂਹਿਆ ਨਾ ਰੱਖਿਆ। ਮਜ਼ਲੂਮ ਦੀ ਗੱਲ ਹੁੰਦੀ ਹੋਵੇ, ਜਾਬਰ ਦੀ ਵਧੀਕੀਆਂ ਦੀ ਕਹਾਣੀ ਹੋਵੇ, ਗ਼ਰੀਬ ਦੀ ਲਾਚਾਰਗੀ ਹੋਵੇ, ਔਰਤ ਦੀ ਸਧਰਾਂ ਦਾ ਖ਼ੂਨ ਹੋਵੇ ਉਸ ਉੱਤੇ ਮਰਦ ਦਾ ਤਸ਼ੱਦਦ ਹੋਵੇ, ਵਿਹੜਿਆਂ ਦੀ ਲਹੂ ਭਿੱਜੀ ਦਾਸਤਾਨ ਹੋਵੇ ਉਸ ਨੇ ਸਭ 'ਤੇ ਕਲਮ ਵਾਹੀ।

ਸੰਤ ਰਾਮ ਉਦਾਸੀ ਕਮਿਊਨਿਸਟ ਲਹਿਰ ਨਾਲ ਜੁੜਿਆ ਰਿਹਾ ਤੇ ਸੱਚੇ ਦਿਲੋਂ ਜੁੜਿਆ ਰਿਹਾ। ਜਿਵੇਂ ਕਿ ਕਮਿਊਨਿਸਟਾਂ ਸਮੇਤ ਹੋਰ ਸਾਰੇ ਵਿਦਵਾਨ, ਚਿੰਤਕ ਸਮਾਜ ਸੁਧਾਰਕ ਡਾ. ਅੰਬੇਡਕਰ ਨੂੰ ਸ਼ਾਇਦ ਅਛੂਤ ਸਮਝ ਕੇ ਦੂਰ ਹੀ ਰੱਖਦੇ ਸਨ ਉਸੇ ਤਰ੍ਹਾਂ ਉਦਾਸੀ ਵੀ ਉਹਨਾਂ ਤੋਂ ਦੂਰ ਹੀ ਰਿਹਾ। ਪ੍ਰੋ. ਗੁਰਨਾਮ ਸਿੰਘ ਮੁਕਤਸਰ ਅਨੁਸਾਰ "ਉਸਨੇ ਆਪਣੇ ਅਖ਼ੀਰਲੇ ਵਕਤ ਦਲਿਤ ਦ੍ਰਿਸ਼ਟੀ ਨਾਲ ਜਦੋਂ ਵਿਹੜਿਆਂ ਦੀ ਗੱਲ ਕਹੀ ਤਾਂ ਉਸਨੂੰ ਬਹੁਤ ਮਾਨਤਾ ਮਿਲੀ। ਇਹ ਉਸਦਾ ਸਹੀ ਕਦਮ ਸੀ।" ਪਰ ਉਸ ਤੋਂ ਬਾਅਦ ਉਸ ਨੂੰ ਜ਼ਿੰਦਗੀ ਨੇ ਸਮਾਂ ਹੀ ਥੋੜ੍ਹਾ ਦਿੱਤਾ। ਉਦਾਸੀ ਸੰਤ ਰਾਮ ਦੇ ਸ਼ਬਦਾਂ ਦੀ ਚੋਣ, ਘਟਨਾਵਾਂ ਦੀ ਚੋਣ, ਅਤੇ ਉਹਨਾਂ ਨੂੰ ਪੇਸ਼ ਕਰਨ ਦਾ ਢੰਗ ਨਿਰਾਲਾ ਅਤੇ ਪ੍ਰਭਾਵਸ਼ਾਲੀ ਹੈ ਜਿਸ ਕਰਕੇ ਗੀਤਾਂ/ਕਵਿਤਾਵਾਂ ਵਿੱਚੋਂ ਮੁਹਾਵਰਿਆਂ ਵਰਗੀ ਝਲਕ ਪੈਂਦੀ ਹੈ ਅਤੇ ਮਲੋਮੱਲੀ ਮੂੰਹ 'ਤੇ ਚੜ੍ਹ ਜਾਂਦੇ ਹਨ। ਅਜਿਹੇ ਮਹਾਨ ਕਵੀ ਨੂੰ ਵੀ 'ਮੁੱਖ ਧਾਰਾ' ਵਾਲਿਆਂ ਨੇ ਸਵੀਕਾਰ ਨਹੀਂ ਕੀਤਾ ਅਤੇ ਜੁਝਾਰੂ ਦਾ ਲੇਬਲ ਲਾ ਕੇ ਉਸ ਨੂੰ ਬਹਾਨੇ ਸਿਰ ਦੂਰ ਹੀ ਰੱਖਿਆ। ਇਸ ਦਾ ਅਸਲ ਕਾਰਣ ਸੀ ਉਸਦਾ ਦਲਿਤ ਹੋਣਾ, ਮੂਲਵਾਸੀ ਹੋਣਾ। ਦਲਿਤ ਸਾਹਿਤ ਉਸ ਮਹਾਨ ਕਵੀ ਨੂੰ ਸਵੀਕਾਰ ਕਰਦਾ ਹੈ ਅਤੇ ਇੱਕ ਦਿਨ ਉਸਦਾ ਇੱਕ ਨਿਵੇਕਲਾ ਤੇ ਮਹੱਤਵਪੂਰਨ ਸਥਾਨ ਜਰੂਰ ਨਿਸ਼ਚਿਤ ਹੋਵੇਗਾ।

ਸੰਤ ਰਾਮ ਉਦਾਸੀ ਦੇ ਵਿਸ਼ੇ ਵਸਤੂ ਦੀ ਗੱਲ ਕਰੀਏ ਤਾਂ ਇਹ ਮਾਰਕਸੀ ਨਜ਼ਰੀਏ ਤੋਂ ਮਜ਼ਦੂਰ ਵਰਗ ਨਾਲ ਸੰਬੰਧਤ ਹੈ। ਮਜ਼ਦੂਰਾਂ ਦੀਆਂ ਔਕੜਾਂ, ਉਹਨਾਂ ਦੀ ਗ਼ਰੀਬੀ ਤੇ ਲਾਚਾਰੀਆਂ, ਉਹਨਾਂ ਦੀਆਂ ਲੁੱਟਾਂ-ਖਸੁੱਟਾਂ ਬੜੇ ਸਸ਼ਕਤ ਢੰਗ ਨਾਲ ਪੇਸ਼ ਕੀਤੀਆਂ ਗਈਆਂ ਹਨ। ਗ਼ਰੀਬ ਪ੍ਰਤੀ ਮਾਰਕਸੀ ਨਜ਼ਰੀਏ ਵਿੱਚ ਜੋ ਖ਼ਾਮੀਆਂ ਹਨ ਉਹ ਉਦਾਸੀ ਦੀਆਂ ਨਜ਼ਮਾਂ ਵਿੱਚ ਵੀ ਮਹਿਸੂਸ ਹੁੰਦੀਆਂ ਹਨ। ਪਰ ਉਹ ਮਜ਼ਦੂਰ ਪ੍ਰਤੀ ਇਮਾਨਦਾਰ ਹੈ-:

ਜੇ ਸੋਕਾ ਇਹ ਹੀ ਸੜਦੇ ਨੇ।
ਜੇ ਡੋਬਾ ਇਹ ਹੀ ਮਰਦੇ ਨੇ।
ਸਭ ਕਹਿਰ ਇਹਨਾਂ 'ਤੇ ਵਰ੍ਹਦੇ ਨੇ।

----------

ਜੀਹਦੇ ਨਰਮੇ, ਕਪਾਹਾਂ ਦੇ ਵਿੱਚ ਮੇਰੀ,
ਮਾਂ ਮਰਗੀ ਕਿਰਤਾਂ ਦੀ ਕੂਕ ਬਣਕੇ।
ਜੀਹਦੇ ਟਿੱਬਿਆਂ ਅੰਦਰ ਹੈ ਬਾਪ ਮੇਰਾ,
ਰੁਲਿਆ ਪਿਆ ਏ ਰੇਤੇ ਦੀ ਹੂਕ ਬਣਕੇ।

ਮਜ਼ਦੂਰ ਦੀ ਆਪਣੀ ਜਵਾਨ ਧੀ ਨੂੰ ਵੇਖਕੇ ਉਸਦੇ ਅੰਦਰੋਂ ਮਜ਼ਬੂਰੀ ਦੀ ਹੂਕ ਕਿਵੇਂ ਨਿੱਕਲਦੀ ਹੈ ਜੋ ਕਲੇਜੇ ਨੂੰ ਧੂਹ ਪਾਉਂਦੀ ਹੈ -

ਧੀਏ ਕਿਹੜੇ ਨੀ ਭੜੋਲੇ ਵਿੱਚ ਡੱਕ ਲਾਂ,
ਮੈਂ ਤੇਰੀਆਂ ਜਵਾਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ,
ਹੈ ਸਾਡੀਆਂ ਸਮਾਜ ਕਦਰਾਂ।
ਧੀਏ ਕਿਹੜੇ ਮੈਂ ਨਜ਼ੂਮੀਆਂ ਨੂੰ ਪੁੱਛ ਲਾਂ,
ਕਿਉਂ ਚੰਨ ਨੂੰ ਸਰਾਪ ਲੱਗਿਆ।

--------------

ਹੱਸ ਹੱਸ ਤੋਰਦੇ ਤੂੰ ਡੋਲੀ ਮੇਰੀ ਬਾਬਲਾ ਵੇ,
ਕੇਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਜਿਵੇਂ ਸਾਡੇ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਏ,
ਮਾਂਗ ਮੇਰੀ ਮੰਗਦੀ ਸੰਧੂਰ।

ਉਦਾਸੀ ਨੇ ਜੋ ਦਲਿਤ ਬਸਤੀਆਂ/ਵਿਹੜਿਆਂ ਦਾ ਚਿੱਤਰ ਚਿਤਰਿਆ ਹੈ ਉਹ ਬਹੁਤ ਭਿਆਨਕ ਅਤੇ ਗੰਭੀਰ ਸਮਾਜਿਕ ਵਿਵਸਥਾ 'ਤੇ ਉਂਗਲ ਧਰਦਾ ਹੈ -

ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਪਿਉਆਂ ਦੇ ਕਰਜ਼ੇ ਦਾ ਸੂਦ ਨੇ
ਪੁੱਤ ਜੰਮਦੇ ਜਿਹੜੇ
ਤੂੰ ਮਘਦਾ ਰਹੀਂ ਵੇ ਸੂਰਜਾ
ਕੰਮੀਆਂ ਦੇ ਵਿਹੜੇ।

ਇਹ ਬ੍ਰਾਹਮਣਵਾਦੀ ਸੋਚ ਹੈ ਕਿ ਸੀਰੀ ਦੇ ਘਰ ਸੀਰੀ ਹੀ ਪੈਦਾ ਹੋਵੇ। ਬੱਚੇ ਦੇ ਜੰਮਦਿਆਂ ਹੀ ਉਸ 'ਤੇ ਉਸਦੀ ਜਾਤ ਦਾ ਲੇਬਲ ਲਾ ਦਿੱਤਾ ਜਾਂਦਾ ਹੈ ਫਿਰ ਉਹ ਕਿਸੇ ਵੀ ਹਾਲਤ ਵਿੱਚ ਬਦਲੀ ਨਹੀਂ ਜਾ ਸਕਦੀ। ਇਹੋ ਜਿਹੀ ਪ੍ਰਚੱਲਤ ਹਾਲਾਤ ਵਿੱਚ, ਬ੍ਰਾਹਮਣਵਾਦੀ ਵਿਵਸਥਾ ਅਨੁਸਾਰ ਜੇ ਲੰਬੇ ਸਮੇਂ ਤੱਕ ਸੀਰੀ ਦੇ ਘਰ ਜੰਮਣ ਵਾਲੇ ਸੀਰੀ ਹੀ ਬਣਦੇ ਗਏ ਤਾਂ ਇੱਕ ਸਮੇਂ ਬਾਅਦ 'ਸੀਰੀ' ਇੱਕ ਨਵੀਂ ਜਾਤ ਬਣ ਜਾਵੇਗੀ। ਸਮਾਜ




ਵਿੱਚ ਹਜ਼ਾਰਾਂ ਜਾਤਾਂ ਇਸੇ ਤਰ੍ਹਾਂ ਹੋਂਦ ਵਿੱਚ ਆਉਂਦੀਆਂ ਰਹੀਆਂ ਹਨ। ਇਹੋ ਜਿਹੇ ਹਾਲਾਤ ਹੀ ਪੈਦਾ ਕੀਤੇ ਜਾਣ ਦਾ ਜ਼ਿਕਰ ਉਦਾਸੀ ਨੇ ਕੀਤਾ ਹੈ। ਹਾਲਾਤ ਕੀ ਹਨ? ਜੋ ਬੱਚਾ ਜੰਮਿਆ ਹੈ ਉਹ ਉਸਦੇ ਪਿਉ ਨੇ ਜੋ ਜ਼ਿੰਮੀਦਾਰ ਤੋਂ ਕਰਜ਼ ਲਿਆ ਹੋਵੇਗਾ, ਸ਼ਾਇਦ ਉਸਦੀ 'ਮਿਹਰਬਾਨੀ' ਉਸਦੀ ਮਾਂ ਨੂੰ ਮਜ਼ਬੂਰੀ ਵਿੱਚ ਚੁਕਾਉਣ ਬਦਲੇ ਉਹ ਬੱਚਾ ਸੂਦ ਦੇ ਰੂਪ ਵਿੱਚ ਹੋਂਦ ਵਿੱਚ ਆਇਆ ਹੋਵੇ? ਫਿਰ ਅੱਗੇ ਵਿਡੰਬਨਾ ਹੋਰ ਇਹ ਹੈ ਕਿ ਬੱਚਾ ਜੰਮਣ ਵੇਲੇ ਮਾਂ ਲਈ ਜੋ ਪੰਜੀਰੀ ਬਣਾਈ ਜਾਂਦੀ ਹੈ ਉਹ ਵੀ ਕਰਜ਼ੇ ਦੇ ਪੈਸਿਆਂ ਦੀ ਹੈ ਤੇ ਬੱਚਾ ਵੱਡਾ ਹੋ ਕੇ ਫਿਰ ਮਜ਼ਬੂਰੀ ਵਿੱਚ ਸੀਰੀ ਹੀ ਬਣੇਗਾ? ਬੜੀ ਵਿਸਫੋਟਕ ਸਥਿਤੀ ਹੈ ਦਲਿਤ ਬਸਤੀਆਂ ਦੀ ਜੋ ਉਦਾਸੀ ਨੇ ਬਰੀਕੀ ਨਾਲ ਬਿਆਨ ਕੀਤੀ ਹੈ। ਫਿਰ ਵੀ ਸਮਾਜ ਦੇ ਵਡੇਰੇ ਹਿੱਤਾਂ ਖ਼ਾਤਰ ਉਦਾਸੀ ਮਨ ਵਿੱਚ ਰੀਝ ਪਾਲ਼ੀ ਬੈਠਾ ਹੈ ਕਿ ਜੱਟ ਤੇ ਸੀਰੀ ਦਾ ਦੁੱਖ ਸਾਂਝਾ ਹੈ ਇਹਨਾਂ ਦੋਹਾਂ ਨੂੰ ਇੱਕ ਜਮਾਤ ਵਿੱਚ ਵਟ ਜਾਣਾ ਚਾਹੀਦਾ ਹੈ ਤਾਂ ਹੀ ਧਰਤੀ ਦੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਇਹ ਵਿਚਾਰ ਹੈ ਤਾਂ ਸਹੀ ਪਰ ਬ੍ਰਾਹਮਣਵਾਦ ਨੇ ਇਸ ਨੂੰ ਸਿਰਫ਼ ਖਿਆਲੀ ਵਿਚਾਰ ਹੀ ਬਣਾ ਧਰਿਆ ਹੈ। ਜਾਤਪਾਤ ਤੇ ਊਚ ਨੀਚ ਦੀ ਪੈਦਾਇਸ਼ ਕਰਕੇ ਉਹ ਇਸਦਾ ਅਮਲੀ ਰੂਪ ਸੰਭਵ ਨਹੀਂ ਹੋਣ ਦਿੰਦਾ। ਇਸੇ ਲਈ ਉਦਾਸੀ ਦਾ ਇਹ ਜ਼ਬਰਦਸਤ ਖ਼ਿਆਲ ਸਿਰਫ਼ ਸੁਫ਼ਨਾ ਹੀ ਹੈ ਹਕੀਕਤ ਨਹੀਂ ਬਣ ਸਕਦਾ। ਉਂਜ ਇਹਨਾਂ ਸਤਰਾਂ ਵਿੱਚ ਇਸ ਖ਼ਿਆਲ ਦਾ ਵਰਨਣ ਕਿੰਨੀ ਬਰੀਕੀ ਅਤੇ ਟੁੰਬਵੀ ਸ਼ਬਦਾਵਲੀ ਨਾਲ ਕੀਤਾ ਹੈ-:

ਗ਼ਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿੱਚੋਂ ਨੀਰ ਵੱਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ ਜੱਗਿਆ।

ਉਦਾਸੀ ਨੂੰ ਸ਼ਿਵਕੁਮਾਰ ਬਟਾਲਵੀ ਤੋਂ ਬਾਅਦ ਲੋਕ ਕਵੀ ਮੰਨਿਆ ਜਾਂਦਾ ਹੈ। ਪਰ ਸ਼ਿਵ ਪਿਆਰ ਤੇ ਬਿਰਹੋਂ ਦੀ ਪੀੜ ਤੋਂ ਅੱਗੇ ਨਹੀਂ ਜਾਂਦਾ। ਇਹ ਠੀਕ ਹੈ ਕਿ ਪਿਆਰ ਦੀ ਸਫ਼ਲਤਾ/ਅਸਫ਼ਲਤਾ ਦੇ ਗ਼ਲਤ ਪੈਮਾਨੇ ਵੀ ਗ਼ਲਤ ਨਿਜ਼ਾਮ ਦੀ ਉਪਜ ਹਨ। ਪਰ ਗਲਤ ਨਿਜ਼ਾਮ ਦੇ ਹੋਰ ਵੀ ਭਿਅੰਕਰ ਨਤੀਜੇ ਹਨ ਜੋ ਤੁਰੰਤ ਧਿਆਨ ਮੰਗਦੇ ਹਨ। ਭੁੱਖਾਂ ਨਾਲ ਵਿਲ੍ਹਕਦੀਆਂ ਜਾਨਾਂ, ਊਚ ਨੀਚ ਵਿੱਚ ਨਪੀੜੀ ਮਨੁੱਖਤਾ, ਮਜ਼ਬੂਰੀ ਵਿੱਚ ਲੁਟਦੀ ਅਸਮਤ ਆਦਿ ਹਨ ਜਿੰਨ੍ਹਾਂ ਨੂੰ ਸ਼ਿਵ ਨਹੀਂ ਛੂੰਹਦਾ। ਉਦਾਸੀ ਦੋਹਾਂ ਪਾਸਿਆਂ ਦੀ ਅਸਾਂਵੀ ਸਥਿਤੀ ਤੇ ਸੱਟ ਮਾਰਦਾ ਹੈ। ਪਰ ਸਾਡੇ ਦੋਵੇਂ ਹੀ ਲੋਕ ਕਵੀ ਇਹਨਾਂ ਸਥਿਤੀਆਂ ਦੀ ਜੜ੍ਹ ਤੱਕ ਨਹੀਂ ਜਾਂਦੇ, ਪਰਤਾਂ ਨਹੀਂ ਖੋਲ੍ਹਦੇ, ਕਾਰਣਾਂ ਦੀ ਗੱਲ ਨਹੀਂ ਕਰਦੇ।

ਉਦਾਸੀ ਜਾਤ ਅਤੇ ਜਮਾਤ ਵਿੱਚ ਵੀ ਟਪਲਾ ਖਾ ਗਿਆ ਲੱਗਦਾ ਹੈ-

ਕਿਰਤੀ ਇੱਕ ਜਮਾਤ ਹੈ, ਜਾਤ ਨਹੀਓਂ,
ਜਾਤੀ ਭੇਦ ਹੈ ਹੇਜ ਜਨੂੰਨੀਆਂ ਦਾ।

ਇਹੀ ਟਪਲਾ ਭਾਰਤੀ ਮਾਰਕਸੀ ਖਾਂਦੇ ਰਹੇ ਹਨ। ਇਸੇ ਕਰਕੇ ਉਦਾਸੀ ਨੇ ਟਪ਼ਲਾ ਖਾਧਾ ਹੈ। ਉਹ ਜਾਤੀ ਦਾ ਦਰਦ ਹੰਢ ਕੇ ਵੀ ਜਮਾਤ ਦੀ ਗੱਲ ਕਰਦਾ ਹੈ। ਜਦੋਂ ਕਿ ਏਥੇ ਦੁੱਖਾਂ ਦਾ ਮੂਲ ਕਾਰਣ ਹੀ ਜਾਤ ਤੇ ਊਚ ਨੀਚ ਹੈ। ਜਿਵੇਂ ਕਿ ਪਹਿਲਾਂ ਲਿਖਿਆ ਗਿਆ ਹੈ ਕਿ ਭਾਰਤ ਵਿੱਚ ਮਜ਼ਦੂਰਾਂ ਦੀ ਇੱਕ ਜਮਾਤ ਨਹੀਂ ਹੈ ਕਿਉਂਕਿ ਉਹ ਅੱਗੋਂ ਜਾਤਾਂ ਵਿੱਚ ਵੰਡੀ ਹੋਈ ਹੈ ਅਤੇ ਜਾਤਾਂ ਦੀਆਂ ਜੜ੍ਹਾਂ ਡੂੰਘੀਆਂ ਹੋਣ ਕਾਰਨ ਉਹਨਾਂ ਦੇ ਹਿੱਤ ਵੀ ਅਲੱਗ ਹੋ ਜਾਂਦੇ ਹਨ ਜਿਸ ਕਰਕੇ ਮਜ਼ਦੂਰਾਂ ਦੀ ਇੱਕ ਜਮਾਤ ਨਹੀਂ ਬਣ ਸਕਦੀ। ਇਹੀ ਕਾਰਨ ਹੈ ਕਿ ਭਾਰਤ ਵਿੱਚ ਮਜ਼ਦੂਰ ਅਤੇ ਪੂੰਜੀਵਾਦੀਆਂ ਦੀ ਜਮਾਤੀ ਲੜਾਈ ਕਾਮਯਾਬ ਨਹੀਂ ਹੋਈ। ਆਖਿਆ ਜਾ ਸਕਦਾ ਹੈ ਕਿ ਇੱਥੇ ਇਨਕਲਾਬ ਦੀ ਵੀ ਸੰਭਾਵਨਾ ਨਹੀਂ ਹੈ ਕਿਉਂਕਿ ਜਿੰਨ੍ਹਾਂ ਹੇਠਲੇ ਤੋਂ ਹੇਠਲਿਆਂ ਨੇ ਇਨਕਲਾਬ ਲਿਆਉਣਾ ਹੈ, ਉਹ ਵੀ ਇਸੇ ਬਿਮਾਰੀ ਦਾ ਸ਼ਿਕਾਰ ਹਨ। ਫਿਰ




ਉਦਾਸੀ ਦਾ ਬਗ਼ਾਵਤ ਦਾ ਵਿਸ਼ਵਾਸ ਵਿੱਚੇ ਹੀ ਰਹਿ ਜਾਣ ਦੇ ਆਸਾਰ ਬਣਦੇ ਹਨ ਤੇ ਉਸਦੇ ਇਹ ਬੋਲ ਫਿਰ ਪਾਏਦਾਰ ਨਹੀਂ ਲਗਦੇ ਅਤੇ ਇਹਨਾਂ ਵਿੱਚ ਪੂਰੀ ਜਾਨ ਨਹੀਂ ਜਾਪਦੀ :-

ਜਦੋਂ ਜ਼ੁਲਮ ਦੀ ਭੱਠੀ ਦੀ, ਅਗਨੀ ਹੈ ਤੇਜ਼ ਹੋ ਜਾਂਦੀ,
ਉਦੋਂ ਵਿਸ਼ਵਾਸ ਹੋ ਜਾਂਦੈ, ਇਹ ਆਮਦ ਹੈ ਬਗ਼ਾਵਤ ਦੀ।

ਇਸੇ ਤਰ੍ਹਾਂ ਇਸ ਬ੍ਰਾਹਮਣਵਾਦੀ ਨਿਜ਼ਾਮ ਦੀ ਇੱਕ ਚਾਲ ਹੈ ਕਿ ਉੱਚ ਜਾਤੀਏ ਉੱਪਰੋਂ ਹੁਕਮ ਕਰਦੇ ਰਹਿਣ ਤੇ ਨਿੱਕੀਆਂ ਸੁੱਕੀਆਂ ਜਾਤਾਂ ਨੂੰ ਇਨਕਲਾਬ ਦੇ ਬਹਾਨੇ ਅੱਗੇ ਲਾ ਕੇ, ਲਾਠੀ/ਗੋਲੀ ਦਾ ਸ਼ਿਕਾਰ ਬਣਾ ਕੇ, ਇਨਕਲਾਬੀ ਸੋਚ ਨੂੰ ਖੁੰਢਿਆਂ ਕਰਕੇ ਉਸਦਾ ਅੰਤ ਕਰ ਦਿੱਤਾ ਜਾਵੇ। ਇਸੇ ਲਈ ਲੇਖਕ ਵੀ ਤੇ ਆਗੂ ਵੀ ਕੁਰਬਾਨੀਆਂ ਦੇਣ, ਲਹੂ ਡੋਲ੍ਹਣ, ਬੰਦੂਕ ਤਲਵਾਰਾਂ ਦੀ ਬਹੁਤ ਗੱਲ ਕਰਦੇ ਹਨ। ਵੋਟਾਂ ਦੇ ਰਾਜ ਵਿੱਚ ਬਹੁਗਿਣਤੀ ਵੋਟਾਂ ਪ੍ਰਾਪਤ ਕਰਕੇ ਵੀ ਰਾਜ 'ਤੇ ਕਬਜ਼ਾ ਹੋ ਸਕਦਾ ਹੈ। ਉਦਾਸੀ ਵੀ ਇਸੇ ਰਾਹ ਤੁਰਕੇ ਕੁਰਬਾਨੀਆਂ ਦੇਣ, ਲਹੂ ਡੋਲ੍ਹਣ ਦੀ ਗੱਲ ਕਰਦਾ ਕਰਦਾ ਗੁਰੂ ਨਾਨਕ ਦੇ ਹੱਥ ਵੀ ਤਲਵਾਰ ਫੜਾ ਦਿੰਦਾ ਹੈ। ਪਰ ਦਸਵੇਂ ਨਾਨਕ ਨੇ ਤਲਵਾਰ ਉਦੋਂ ਚੁੱਕਣ ਲਈ ਆਖਿਆ ਸੀ ਜਦੋਂ ਹੋਰ ਹੀਲੇ ਸਾਰੇ ਸਮਾਪਤ ਹੋ ਜਾਣ। ਡਾ. ਅੰਬੇਡਕਰ ਵੀ ਸਿੱਖਿਅਤ ਅਤੇ ਸੰਗਠਨ ਹੋ ਕੇ ਫਿਰ ਸੰਘਰਸ਼ ਕਰਨ ਦੀ ਗੱਲ ਕਰਦੇ ਹਨ। ਡਾ. ਅੰਬੇਡਕਰ ਦੇ ਦੱਸੇ ਰਾਹ 'ਤੇ ਹੀ ਚੱਲ ਕੇ ਕਾਂਸ਼ੀ ਰਾਮ ਨੇ ਕਿੱਡੀ ਤਬਦੀਲੀ ਲਿਆ ਕੇ ਵਿਖਾ ਦਿੱਤੀ, ਉਹ ਵੀ ਬਿਨਾਂ ਖ਼ੂਨ ਡੋਲ੍ਹਿਆਂ। ਹੋਰਨਾਂ ਲੇਖਕਾਂ ਵਾਂਗ ਹੀ ਮਾਰਕਸੀਆਂ ਦੀ ਗ਼ਲਤ ਨੀਤੀਆਂ ਦਾ ਸ਼ਿਕਾਰ ਹੋਇਆ ਉਦਾਸੀ ਆਪਣੀ ਸੰਪੂਰਨ ਕਲਾ ਅਤੇ ਸਮਰਿਧ ਕਾਵਿ ਸ਼ਕਤੀ ਨੂੰ ਸਹੀ ਪਾਸੇ ਨਾ ਤੋਰ ਸਕਿਆ ਜਿਸ ਕਰਕੇ ਅਖ਼ੀਰ ਉਹ ਆਪ ਵੀ ਅੰਤਾਂ ਦੇ ਤਸ਼ੱਦਦ ਦਾ ਸ਼ਿਕਾਰ ਹੋਇਆ ਅਤੇ ਕਲਾ ਵੀ ਸਹੀ ਪਾਸੇ ਨਾ ਵਰਤ ਸਕਿਆ। ਇਸਦਾ ਅਫ਼ਸੋਸ ਰਹੇਗਾ।

ਸਾਗਰ ਸਿੰਘ ਸਾਗਰ ਨੇ ਅਗਲਾ ਮੂਲਵਾਸੀ ਕਵੀ ਪ੍ਰੋ. ਗੁਰਨਾਮ ਸਿੰਘ ਮੁਕਤਸਰ ਲਿਆ ਹੈ। ਗੁਰਨਾਮ ਸਿੰਘ ਵਧੀਆ ਲੇਖਕ ਦੇ ਨਾਲ ਨਾਲ ਵਧੀਆ ਆਗੂ, ਅਣਥੱਕ ਕਾਮਾ, ਸੰਘਰਸ਼ਸ਼ੀਲ ਇਨਸਾਨ ਤੇ ਉੱਚ ਕੋਟੀ ਦਾ ਬੁਲਾਰਾ ਹੈ। ਉਸਨੇ ਅੰਤਾਂ ਦਾ ਗਦ ਸਾਹਿਤ ਰਚਿਆ। ਕਾਵਿ ਸਾਹਿਤ ਵਿੱਚ "ਵਿਹੜਿਆਂ ਦੀ ਦਾਸਤਾਂ" ਅਤੇ 'ਬਘਿਆੜ' ਉਸਦੇ ਦੋ ਸੰਗ੍ਰਿਹ ਹੀ ਹਨ। ਉਹ ਵੀ ਲੰਬਾ ਸਮਾਂ ਮਾਰਕਸੀ ਸਫਾਂ ਵਿੱਚ ਵਿਚਰਦਾ ਰਿਹਾ ਹੈ ਅਤੇ ਇਨਕਲਾਬ ਦੀ ਆਸ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਝੱਲਦਾ ਰਿਹਾ ਹੈ। ਉਸਦੇ ਕਹਿਣ ਅਨੁਸਾਰ ਮਾਰਕਸੀ ਸਾਹਿਤ ਵਿੱਚ ਦਲਿਤ ਦਾਸਤਾਨ ਦਾਖ਼ਲ ਕਰਨ ਵਾਲਾ ਸ਼ਾਇਦ ਉਹ ਪਹਿਲਾ ਲੇਖਕ ਸੀ। ਫਿਰ ਉਸਦੀ ਜ਼ਿੰਦਗੀ ਵਿੱਚ ਇੱਕ ਤਿੱਖਾ ਮੋੜ ਆਇਆ ਤਾਂ ਉਹ ਮਾਰਕਸੀ ਵਿਚਾਰਧਾਰਾ ਤੋਂ ਕਿਨਾਰਾ ਕਰਕੇ ਨਿਰਾਪੁਰਾ ਅੰਬੇਡਕਰਵਾਦੀ ਬਣ ਗਿਆ ਅਤੇ ਹੁਣ ਤੱਕ ਆਪਣਾ ਇਹ ਧਰਮ ਉਹ ਆਪਣੇ ਪੂਰੇ ਸਿਦਕ ਅਤੇ ਸਮੁੱਚੇ ਸਾਧਨਾਂ ਨਾਲ ਪੂਰੀ ਸ਼ਿੱਦਤ ਨਾਲ ਨਿਭਾਅ ਰਿਹਾ ਹੈ।

ਉਸਨੇ ਜੋ ਵੀ ਬੋਲਿਆ, ਆਖਿਆ, ਲਿਖਿਆ, ਉਹ ਅੰਬੇਡਕਰਵਾਦੀ ਨਜ਼ਰੀਏ ਤੋਂ ਹੀ ਨਿਭਾਇਆ। ਉਂਜ ਤਾਂ ਉਸਦੀ ਲਿਖੀ ਹਰ ਪੁਸਤਕ ਇੱਕ ਮੀਲ ਪੱਥਰ ਹੈ ਪਰ ਗਦ ਵਿੱਚ 'ਭਾਰਤੀ ਲੋਕ ਨੀਚ ਕਿਵੇਂ ਬਣੇ' ਦਲਿਤ/ ਬਹੁਜਨਾਂ/ ਮੂਲਵਾ-ਸੀਆਂ ਵਿੱਚ 'ਭਵਜਲ ਪਾਰ ਗਰੰਥ' ਦਾ ਦਰਜਾ ਪਾ ਚੁੱਕੀ ਹੈ। ਕਿਉਂਕਿ ਮੂਲਵਾਸੀਆਂ ਨੂੰ ਆਪਣੇ ਉਥਾਨ ਲਈ ਆਪਣੇ ਦੁੱਖਾਂ ਬੰਧਨਾਂ ਤੋਂ ਮੁਕਤੀ ਪਾਉਣ ਲਈ ਜੋ ਇਤਿਹਾਸਕ/ਮਿਥਿਹਾਸਕ ਜਾਣਕਾਰੀ ਚਾਹੀਦੀ ਹੈ ਉਹ ਉਸ ਵਿੱਚ ਵੱਡੀ ਮਾਤਰਾ ਵਿੱਚ ਉਪਲੱਬਧ ਹੈ। ਇਸੇ ਤਰ੍ਹਾਂ ਉਸਦੀ ਕਾਵਿ ਪੁਸਤਕ 'ਬਘਿਆੜ' ਵੀ ਉੱਚ ਕੋਟੀ ਕਾਵਿ ਦਾ ਇੱਕ ਬਹੁਤ ਵਧੀਆ ਨਮੂਨਾ ਹੈ। ਕਿਹਾ ਜਾ ਸਕਦਾ ਹੈ ਕਿ ਆਪਣੀ ਸਾਰੀ ਜ਼ਿੰਦਗੀ ਵਿੱਚ ਉਸਨੇ ਜੋ ਪੜ੍ਹਿਆ, ਗੁੜ੍ਹਿਆ, ਸੰਘਰਸ਼ ਕੀਤਾ, ਹਕੀਕਤਾਂ ਨਾਲ ਜੂਝਿਆ, ਉਹ ਸਾਰਾ ਅਮਲੀ ਤਜਰਬਾ ਉਸਨੇ ਇਸ ਪੁਸਤਕ ਵਿੱਚ ਸਮੋਅ ਦਿੱਤਾ ਹੈ। ਬ੍ਰਾਹਮਣਵਾਦ ਦਾ ਕਿਹੜਾ ਛੋਟੇ ਤੋਂ ਛੋਟਾ, ਬਰੀਕ ਤੋਂ ਬਰੀਕ ਨੁਕਤਾ ਹੈ ਜੋ ਇਸ ਪੁਸਤਕ ਦਾ ਹਿੱਸਾ ਨਹੀਂ ਬਣਿਆ, ਕਿਹੜਾ ਅੰਬੇਡਕਰਵਾਦ ਦਾ ਡੂੰਘੇ ਤੋਂ ਡੂੰਘਾ ਨੁਕਤਾ ਹੈ ਜੋ ਇਸ ਵਿੱਚ ਬਿਆਨ ਨਹੀਂ ਕੀਤਾ ਗਿਆ। ਉਸ ਦੀਆਂ ਰਚਨਾਵਾਂ ਇੱਕ ਤੋਂ ਵੱਧ ਇੱਕ ਉੱਤਮ ਦਲਿਤ ਸਾਹਿਤ ਦਾ ਨਮੂਨਾ ਹਨ। 'ਬਘਿਆੜ' ਦੇ ਦਾਖ਼ਲੇ ਨਾਲ ਦਲਿਤ ਸਾਹਿਤ ਇੱਕੋ ਵਾਰੀ ਜਵਾਨ ਹੋ ਕੇ ਪ੍ਰੋੜ੍ਹ ਅਵਸਥਾ ਵਿੱਚ ਅੱਪੜਿਆ ਮਹਿਸੂਸ ਹੁੰਦਾ ਹੈ। ਇੱਕ ਇੱਕ ਕਵਿਤਾ ਉੱਤੇ ਖਾਸਾ ਅੱਛਾ ਵੱਡਾ ਚੈਪਟਰ ਲਿਖਿਆ ਜਾ ਸਕਦਾ ਹੈ। ਦਲਿਤ/ਮੂਲ ਵਾਸੀ ਨਾਲ ਸਬੰਧਤ ਹਰ ਮੁੱਦਾ, ਹਰ ਵਿਸ਼ਾ, ਹਰ ਸਮੱਸਿਆ, ਹਰ ਔਕੜ ਤੇ ਉਸਦਾ ਅੰਬੇਡਕਰੀ ਹੱਲ ਇਸ ਪੁਸਤਕ ਵਿੱਚੋਂ ਲਭਿਆ ਜਾ ਸਕਦਾ ਹੈ। ਪੂਰੀ ਪੁਸਤਕ ਦੀ ਚਰਚਾ ਸੰਭਵ ਨਹੀਂ ਹੈ। ਨਮੂਨੇ ਦੇ ਤੌਰ 'ਤੇ ਕੁੱਝ ਬੰਦ ਹੀ ਕਾਫ਼ੀ ਹੋਣਗੇ। ਲਿਖਣ ਦਾ ਢੰਗ ਆਪਣਾ ਹੀ ਹੈ ਅਤੇ ਇੱਕ ਵੱਖਰਾ ਅੰਦਾਜ਼ ਹੈ। ਜੋ ਗੱਲ ਆਖੀ ਬਿਨਾਂ ਕਿਸੇ ਲਗ ਲਪੇਟ ਬੜੀ ਦਲੇਰੀ ਨਾਲ ਸਪੱਸ਼ਟ ਪੇਸ਼ ਕੀਤੀ ਹੈ। ਕਈ ਵਾਰ ਸਧਾਰਣ ਜਾਪਦੀ ਗੱਲ ਸਮਝ ਲੈਣ ਉਪਰੰਤ ਉਹ ਆਪਣੇ ਪਿਛੇ ਇੱਕ ਇਤਿਹਾਸ ਲੈ ਕੇ ਖੜ੍ਹੀ ਦਿਸੇਗੀ। ਆਮ ਸਮਾਜਕ ਜੀਵਨ ਵਿੱਚ ਪ੍ਰਚੱਲਤ ਗੱਲਾਂ, ਰਵਾਇਤਾਂ, ਮੁਹਾਵਰੇ ਬੜੇ ਵਿਅੰਗਮਈ ਢੰਗ ਨਾਲ ਪੇਸ਼ ਕਰਕੇ ਉਨ੍ਹਾਂ ਦੇ ਪਿੱਛੇ ਅਸਲ ਮੰਤਵ ਕੀ ਹੈ, ਇਹ ਬੜੀ ਕਾਰਾਗਰੀ ਨਾਲ ਸਮਝਾਇਆ ਗਿਆ ਹੈ। ਪੜ੍ਹਦਿਆਂ ਪੜ੍ਹਦਿਆਂ ਉਸਦੇ ਤਜ਼ਰਬੇ, ਅਧਿਐਨ, ਡੂੰਘੇ ਗਿਆਨ ਦਾ ਅਹਿਸਾਸ ਹੁੰਦਾ ਹੈ। ਉਹ ਬੜੀ ਸਿਆਣਪ ਨਾਲ ਘਟਨਾਵਾਂ ਦੇ ਵਰਤਮਾਨ ਤੋਂ ਮਿਥਿਹਾਸ ਇਤਿਹਾਸ ਦੇ ਪਿਛੋਕੜ ਵਿੱਚ ਜਾ ਕੇ ਅੰਤ ਭਵਿੱਖ ਬਾਰੇ ਵੀ ਗੱਲ ਕਰ ਜਾਂਦਾ ਹੈ।

ਵਰਣ ਵਿਵਸਥਾ ਪੈਦਾ ਕਰਨ ਬਾਰੇ ਉਹ ਉਸ ਬ੍ਰਹਮਾ ਨੂੰ ਇੰਜ ਮੁਖ਼ਾਤਬ ਹੈ ਜੋ ਬ੍ਰਾਹਮਣ ਨੂੰ ਸਿਰ ਤੋਂ ਅਤੇ ਸ਼ੂਦਰ ਨੂੰ ਪੈਰਾਂ ਤੋਂ ਪੈਦਾ ਹੋਇਆ ਦੱਸਦਾ ਹੈ:

ਤੇ ਬਰ੍ਹਮਾ ਤੋਂ ਪੁੱਛਣਾ ਹੈ ਕਿ
ਤੇਰੇ ਸਿਰ 'ਚ, ਬਾਹਾਂ 'ਚ, ਲੱਤਾਂ ਤੇ ਪੈਰਾਂ 'ਚ
ਦਿਖਾ ਭਲਾ, ਬੱਚੇਦਾਨੀ ਕਿੱਥੇ ਹੈ?

'ਦੇਖਾਂਗੇ' ਵਿੱਚ ਪੂਰਣ ਇਤਿਹਾਸ ਦਾ ਬਿਰਤਾਂਤ ਹੈ ਤੇ ਦਲਿਤਾਂ ਦੀ ਹੋਂਦ ਬਾਰੇ ਇੰਜ ਲਿਖਿਆ ਹੈ:-

ਦੇਖਾਂਗੇ ਤੇ ਦੱਸਾਂਗੇ, ਅਸੀਂ ਕੌਣ ਹਾਂ
ਤੇ ਕੀ ਹਾਂ
ਅਸੀਂ ਧਰਤੀ ਦੇ ਮੂਲਵਾਸੀ
ਬਹੁਜਨ-ਲਾਲ
ਨਾ ਆਰੀਅਨ ਨਾ ਏਲੀਅਨ
ਨਾ ਤੁਰਕੀ ਇਰਾਨੀ
ਅੰਗਰੇਜ਼ ਨਾ ਮੰਗੋਲ

ਮਾਰਕਸੀਆਂ ਵੱਲੋਂ ਵਰਤੇ ਜਾਂਦੇ ਸ਼ਬਦਾਂ ਅਤੇ ਮੂਲ-ਵਾਸੀ ਸਾਹਿਤ ਵਿੱਚ ਵਰਤੇ ਜਾਂਦੇ ਸ਼ਬਦਾਂ ਨੂੰ ਇੰਜ ਬਿਆਨਦਾ ਹੈ ਕਿ ਇਹ ਦੋ ਧਾਰਾਵਾਂ ਆਹਮੋ ਸਾਹਮਣੇ ਖੜ੍ਹੀਆਂ ਨਜ਼ਰ ਆਉਂਦੀਆਂ ਹਨ।

ਹੁਣ ਤਾਂ
ਸਰਮਾਏਦਾਰ, ਪੂੰਜੀਪਤੀ
ਧਨਾਢ, ਜਗੀਰਦਾਰ ਤੇ
ਸਰਕਾਰ ਦੇ ਸ਼ਬਦਾਂ 'ਚੋਂ
ਆਉਂਦੀ ਹੈ ਕਪਟ ਦੀ ਤੇਜ਼ ਬਦਬੂ
ਮਹਾਂਸਾਗਰ, ਰਾਮ ਰਾਜ
ਬ੍ਰਾਹਮਣ, ਕਸ਼ੱਤਰੀ, ਵੈਸ਼
ਦਿਨ ਵਾਂਗ ਚਿੱਟੇ
ਦੁਸ਼ਮਣ ਦੀ
ਨਿਖ਼ਰੀ ਪਛਾਣ ਦੇ
ਨਿਖ਼ਰੇ ਬੋਲ ਹਨ (66)

ਜਾਤਪਾਤ ਤੇ ਊਚ-ਨੀਚ ਨੂੰ ਪੱਕਿਆਂ ਕਰਨ ਵਾਲਾ ਗਰੰਥ ਮੰਨੂਸਿਮ੍ਰਿਤੀ ਹੈ ਜਿਸਦਾ ਵਾੜਿਆ ਹੋਇਆ ਇਹ ਜਾਤਪਾਤੀ ਭੂਤ ਹੁਣ ਤੱਕ ਵੀ ਮਨਾਂ ਵਿੱਚੋਂ ਨਹੀਂ ਜਾਂਦਾ। ਗੁਰਨਾਮ ਸਿੰਘ ਇਸ ਨੂੰ ਗਿਆਨ ਰਾਹੀਂ ਇਉਂ ਭਜਾਉਂਦਾ ਹੈ:-

ਇੱਕ ਚਿਰਾਗ਼ ਹੀ
ਕਾਫ਼ੀ ਹੈ ਲੱਖਾਂ ਚਿਰਾਗ਼ ਬਾਲਣ ਲਈ।
ਜਿਸਤੋਂ ਮਨੂੰ ਦੀ ਜਾਤ ਨੂੰ
ਬਹੁਤ ਡਰ ਲਗਦਾ ਹੈ।

**(ਚਲਦਾ)**



# ਫਰੀਮਾਂਟ ਗੁਰਦੁਆਰਾ ਸਾਹਿਬ ਨੂੰ ਪੰਚਾਇਤ ਘਰ ਬਣਾਏ ਜਾਣ ਤੋਂ ਰੋਕਣ ਲਈ ਅਪੀਲ



## ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ।।

ਗੁਰੂ ਪਿਆਰੀ ਸਾਧ ਸੰਗਤ ਜੀ, ਆਪ ਜੀ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਸਿਧਾਂਤਾਂ ਨੂੰ ਵਿਗਾੜ ਕਿ ਗੁਰੂ ਘਰ ਨੂੰ ਪੰਚਾਇਤ ਘਰ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਮੌਜੂਦਾ ਪ੍ਰਬੰਧਕਾਂ ਵਾਲੀ ਇਹ ਅਖੌਤੀ ਪੰਚਾਇਤ ਜਦੋਂ ਤੋਂ ਹੋਂਦ 'ਚ ਆਈ ਹੈ ਉਸ ਵਕਤ ਤੋਂ ਲੈ ਕੇ ਅੱਜ ਤੱਕ ਇਹ ਅਖੌਤੀ ਪੰਚਾਇਤ ਬਿੰਨਾਂ ਸਰਪੰਚ ਚੁਣੇ ਤੋਂ ਆਪ ਹੁਦਰੀ ਹੀ ਤੁਰੀ ਫਿਰਦੀ ਹੈ। ਇਸ ਆਪ ਹੁਦਰੀ ਅਖੌਤੀ ਪੰਚਾਇਤ ਨੇ ਫਰੀਮਾਂਟ ਗੁਰੂ ਘਰ ਨੂੰ ਕਰਜਾ ਮੁਕਤ ਕਰਵਾਉਣ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਬਲਕਿ ਐਸੀਆਂ ਬੁਝਾਰਤਾਂ ਪਾਉਂਦੇ ਰਹਿੰਦੇ ਹਨ ਜਿੰਨ੍ਹਾਂ ਰਾਹੀਂ ਗੁਰੂ ਘਰ ਹੋਰ ਨਵੇਂ ਕਰਜਿਆਂ ਹੇਠ ਆ ਜਾਵੇ ਅਤੇ ਇਹ ਪ੍ਰਬੰਧਕ ਆਪਣੀ ਪੰਚਾਇਤ ਰਾਹੀਂ ਇਸ ਤਰ੍ਹਾਂ ਦੇ ਉਪਰਾਲੇ ਵੀ ਕਰਦੇ ਰਹਿੰਦੇ ਹਨ, ਜਿੰਨ੍ਹਾਂ ਰਾਹੀਂ ਗੁਰੂ ਘਰ ਦੀਆਂ ਚੋਣਾਂ ਬੰਦ ਕਰਵਾਈਆਂ ਜਾਣ।

ਗੁਰੂ ਪਿਆਰੀ ਸਾਧ ਸੰਗਤ ਜੀ, ਇਹ ਸਾਡੇ ਉਪਰਾਲੇ ਅਤੇ ਤੁਹਾਡੇ ਸਹਿਯੋਗ ਸਦਕਾ ਹੀ ਸਭੰਵ ਹੋਇਆ ਹੈ ਕਿ ਇਹਨਾਂ ਦੇ ਚੋਣਾਂ ਬੰਦ ਕਰਵਾਉਣ ਦੇ ਯਤਨ ਫੇਲ ਹੋਏ ਹਨ ਅਤੇ ਆਪਣੇ ਯਤਨ ਚੋਣ ਸਿਸਟਮ ਨੂੰ ਜਾਰੀ ਰੱਖਣ ਲਈ ਸਫਲ ਹੋਏ ਹਨ। ਪਿਛਲੇ ਸਮੇਂ 'ਚ ਚੋਣਾਂ ਬੰਦ ਕਰਵਾਉਣ ਵਾਲਿਆਂ ਦੇ ਚਿਹਰੇ ਪਛਾਣੋ ਅਤੇ ਉਹਨਾਂ ਨੂੰ 2016 ਦੀਆਂ ਚੋਣਾਂ 'ਚ ਪਛਾੜੋ। ਫਰੀਮਾਂਟ ਗੁਰੂ ਘਰ ਨਾਲ ਸਬੰਧਤ ਬੇ ਏਰੀਆ ਦੀਆਂ ਸੱਤ ਕੌਨਟੀਆਂ ਦੇ ਸਤਿਕਾਰ ਯੋਗ ਵੋਟਰਾਂ ਅਤੇ ਸਪੋਟਰਾਂ ਨੂੰ ਬੇਨਤੀ ਹੈ ਕਿ ਫਰੀਮਾਂਟ ਗੁਰੂ ਘਰ ਨੂੰ ਪੰਚਾਇਤ ਘਰ ਬਣਨ ਤੋਂ ਰੋਕਣ ਲਈ ਮਾਰਚ 2016 ਨੂੰ ਹੋਣ ਜਾ ਰਹੀਆਂ ਵੋਟਾਂ 'ਚ 'ਅਮੈਰਕਿਨ ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੂੰ ਹਰ ਪੱਖੋਂ ਸਹਿਯੋਗ ਦੇ ਕੇ ਸਫਲ ਬਣਾਉ। ਸਾਨੂੰ ਪੂਰੀ ਉਮੀਦ ਹੈ ਕਿ ਸਾਡਾ ਹੰਭਲਾ ਅਤੇ ਤੁਹਾਡਾ ਸਹਿਯੋਗ ਮਿਲ ਕੇ ਜ਼ਰੂਰ ਗੁਰਦੁਆਰਾ ਸੁਧਾਰ 'ਚ ਕ੍ਰਾਂਤੀ ਲਿਆਏਗਾ।

ਪੰਥ 'ਤੇ ਸਮਾਜ ਦੇ ਸੇਵਾਦਾਰ

## "ਅਮੈਰਕਿਨ ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ"

510-755-2132, 510-372-5061, 510-774-5909



ਸੁਦੇਸ਼ ਸਿੰਘ ਅਟਵਾਲ | ਜਸਵੀਰ ਸਿੰਘ ਤੱਖਰ | ਪਰਮਜੀਤ ਸਿੰਘ ਸੇਖੋਂ (ਦਾਖਾ) | ਡਾ: ਆਲਾ ਸਿੰਘ | ਬੂਟਾ ਸਿੰਘ ਬਾਸੀ




Golden State Truck Sales Inc.

ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।





Call : Dharminder Singh

Cell : 530-870-6600  Fax : 530-405-1429

Email: myfuturetruck@gmail.com

2535 Front St. West Sacramento, CA 95691

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

**ਹਫਤੇ ਦੇ 6 ਦਿਨ**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



## ਟਰੱਕ ਡਰਾਇਵਰ ਵੀਰਾਂ ਲਈ

# ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ




* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

# SKZ LLC. BROKERAGE

* CAN'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-

DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM